Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 371, 18 ਸਤੰਬਰ ਤੋਂ 24 ਸਤੰਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# 9/11 ਦੇ 25 ਸਾਲ: ਕੌਣ ਸੀ ਇਨ੍ਹਾਂ ਹਮਲਿਆਂ ਦਾ ਮਾਸਟਰਮਾਈਂਡ, ਜੋ ਅਜੇ ਵੀ ਅਮਰੀਕੀ ਜੇਲ੍ਹ ’ਚ ਬੰਦ ਹੈ, ਅਮਰੀਕਾ ਦਾ ਉਸ ਬਾਰੇ ਕੀ ਸ਼ਸ਼ੋਪੰਜ ਹੈ



ਅਮਰੀਕਾ ਵਿੱਚ ਵੀਰਵਾਰ ਨੂੰ (ਸਥਾਨਕ ਸਮੇਂ ਅਨੁਸਾਰ) 9/11 ਹਮਲਿਆਂ ਦੀ 24ਵੀਂ ਬਰਸੀ ਮੌਕੇ ਕਈ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਮੰਗਲਵਾਰ, 11 ਸਤੰਬਰ 2001 ਨੂੰ ਆਤਮਘਾਤੀ ਹਮਲਾਵਰਾਂ ਨੇ ਅਮਰੀਕਾ ਦੇ ਯਾਤਰੀ ਜਹਾਜ਼ਾਂ ਨੂੰ ਹਾਈਜੈਕ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਨਿਊਯਾਰਕ ਦੀਆਂ ਦੋ ਗਗਨਚੁੰਬੀ ਇਮਾਰਤਾਂ ਨਾਲ ਟਕਰਾ ਦਿੱਤਾ ਸੀ, ਜਿਸ ਕਾਰਨ ਹਜ਼ਾਰਾਂ ਲੋਕ ਮਾਰੇ ਗਏ ਸਨ। ਇਸ ਘਟਨਾ ਦਾ ਦੁਨੀਆ ਭਰ ਵਿੱਚ ਡੂੰਘਾ ਅਸਰ ਪਿਆ।

**ਕਿਹੜੀਆਂ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ?**

ਪੂਰਬੀ ਅਮਰੀਕਾ ਦੇ ਉੱਪਰ ਉੱਡ ਰਹੇ ਚਾਰ ਜਹਾਜ਼ਾਂ ਨੂੰ ਇੱਕੋ ਸਮੇਂ ਹਾਈਜੈਕਰਾਂ ਦੇ ਛੋਟੇ-ਛੋਟੇ ਸਮੂਹਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ। ਇਸ ਤੋਂ ਬਾਅਦ ਇਨ੍ਹਾਂ ਨੂੰ ਨਿਊਯਾਰਕ ਅਤੇ ਵਾਸ਼ਿੰਗਟਨ ਦੀਆਂ ਮਸ਼ਹੂਰ ਇਮਾਰਤਾਂ ਨਾਲ ਟਕਰਾਉਣ ਲਈ ਵੱਡੀਆਂ, ਗਾਈਡਿਡ ਮਿਜ਼ਾਈਲਾਂ ਵਾਂਗ ਵਰਤਿਆ ਗਿਆ। ਦੋ ਜਹਾਜ਼ ਨਿਊਯਾਰਕ ਵਿੱਚ ਵਰਲਡ ਟ ?ਰੇਡ ਸੈਂਟਰ ਦੇ ਟਵਿਨ ਟਾਵਰਾਂ ਨਾਲ ਟਕਰਾਏ, ਦੂਜਾ ਹਮਲਾ ਪਹਿਲੇ ਹਮਲੇ ਤੋਂ 17 ਮਿੰਟ ਬਾਅਦ ਹੋਇਆ। ਇਮਾਰਤਾਂ ਵਿੱਚ ਅੱਗ ਲੱਗ ਗਈ, ਜਿਸ ਕਾਰਨ ਉੱਪਰਲੀਆਂ ਮੰਜ਼ਿਲਾਂ ’ਤੇ ਲੋਕ ਫਸ ਗਏ ਅਤੇ ਸ਼ਹਿਰ ਧੂੰਏਂ ਨਾਲ ਭਰ ਗਿਆ। ਦੋ ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ, 110 ਮੰਜ਼ਿਲਾਂ ਵਾਲੇ ਦੋਵੇਂ ਟਾਵਰ ਢਹਿ ਗਏ ਅਤੇ ਧੂੜ ਦੇ ਗੁਬਾਰ ਉੱਠੇ। ਤੀਜੇ ਜਹਾਜ਼ ਨੇ ਪੈਂਟਾਗਨ ਦੇ ਪੱਛਮੀ ਹਿੱਸੇ ਨੂੰ ਤਬਾਹ ਕਰ ਦਿੱਤਾ - ਇਹ ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਦੇ ਬਿਲਕੁਲ ਬਾਹਰ ਅਮਰੀਕੀ ਫੌਜ ਦਾ ਬਹੁਤ ਵੱਡਾ ਅਤੇ ਮੁੱਖ ਦਫ਼ਤਰ ਹੈ ਚੌਥਾ ਜਹਾਜ਼, ਯਾਤਰੀਆਂ ਵੱਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ ਪੈਨਸਿਲਵੇਨੀਆ ਦੇ ਇੱਕ ਖੇਤ ਵਿੱਚ ਹਾਦਸਾਗ੍ਰਸਤ ਹੋ ਗਿਆ। ਮੰਨਿਆ ਜਾਂਦਾ ਹੈ ਕਿ ਹਾਈਜੈਕਰ ਵਾਸ਼ਿੰਗਟਨ ਦੀ ਕੈਪੀਟਲ ਬਿਲਡਿੰਗ ’ਤੇ ਹਮਲਾ ਕਰਨਾ ਚਾਹੁੰਦੇ ਸਨ।

**9/11 ਹਮਲਿਆਂ ਵਿੱਚ ਕਿੰਨੇ ਲੋਕ ਮਾਰੇ ਗਏ?**

ਇਸ ਹਮਲੇ ਵਿੱਚ ਕੁੱਲ ਮਿਲਾ ਕੇ, 2,977 ਲੋਕਾਂ ਦੀ ਜਾਨ ਗਈ (19 ਹਾਈਜੈਕਰਾਂ ਨੂੰ ਛੱਡ ਕੇ), ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨਿਊਯਾਰਕ ਵਿੱਚ ਮਾਰੇ ਗਏ: ਚਾਰਾਂ ਜਹਾਜ਼ਾਂ ਵਿੱਚ ਸਵਾਰ ਸਾਰੇ 246 ਯਾਤਰੀ ਅਤੇ ਕਰੂ ਮੈਂਬਰ ਮਾਰੇ ਗਏ ਟਵਿਨ ਟਾਵਰਾਂ ਵਿੱਚ 2,606 ਲੋਕਾਂ ਦੀ ਮੌਤ ਹੋਈ - ਜਾਂ ਤਾਂ ਹਮਲੇ ਦੇ ਸਮੇਂ ਜਾਂ ਬਾਅਦ ਵਿੱਚ ਹਮਲੇ ਦੌਰਾਨ ਲੱਗੀਆਂ ਸੱਟਾਂ ਕਾਰਨ

**ਪੈਂਟਾਗਨ ਵਿੱਚ 125 ਲੋਕ ਮਾਰੇ ਗਏ**

ਜਿਨ੍ਹਾਂ ਨੇ ਇਨ੍ਹਾਂ ਹਮਲਿਆਂ ’ਚ ਜਾਨ ਗੁਆਈ, ਉਨ੍ਹਾਂ ਵਿੱਚ ਸਭ ਤੋਂ ਘੱਟ ਉਮਰ - ਦੋ ਸਾਲ ਦੀ ਬੱਚੀ ਕ੍ਰਿਸਟੀਨ ਲੀ ਹੈਨਸਨ ਅਤੇ ਸਭ ਤੋਂ ਵੱਧ ਉਮਰ ਦੇ ਵਿਅਕਤੀ 82 ਸਾਲ ਦੇ ਰੌਬਰਟ ਨੌਰਟਨ ਸਨ, ਇਹ ਦੋਵੇਂ ਜਹਾਜ਼ਾਂ ਵਿੱਚ ਯਾਤਰੀ ਸਨ। ਜਦੋਂ ਪਹਿਲਾ ਜਹਾਜ਼ ਟਕਰਾਇਆ, ਤਾਂ ਅੰਦਾਜ਼ੇ ਮੁਤਾਬਕ ਦੋਵੇਂ ਟਾਵਰਾਂ ਵਿੱਚ 17,400 ਲੋਕ ਮੌਜੂਦ ਸਨ। ਨੌਰਥ ਟਾਵਰ ਵਿੱਚ ਟੱਕਰ ਵਾਲੀ ਥਾਂ ਤੋਂ ਉੱਪਰ ਕੋਈ ਵੀ ਨਹੀਂ ਬਚਿਆ, ਪਰ ਸਾਊਥ ਟਾਵਰ ਵਿੱਚ ਟੱਕਰ ਵਾਲੀ ਥਾਂ ਤੋਂ ਉੱਪਰਲੀਆਂ ਮੰਜ਼ਿਲਾਂ ਤੋਂ 18 ਲੋਕ ਬਚ ਨਿਕਲਣ ਵਿੱਚ ਕਾਮਯਾਬ ਰਹੇ। ਮਰਨ ਵਾਲਿਆਂ ਵਿੱਚ 77 ਵੱਖ-ਵੱਖ ਦੇਸ਼ਾਂ ਦੇ ਨਾਗਰਿਕ ਸ਼ਾਮਿਲ ਸਨ। ਨਿਊਯਾਰਕ ਸ਼ਹਿਰ ਨੇ ਆਪਣੇ 441 ’ਫਰਸਟ ਰਿਸਪਾਂਡਰ’ (ਐਮਰਜੈਂਸੀ ਸੇਵਾਵਾਂ ਦੇ ਕਰਮਚਾਰੀ) ਗੁਆ ਦਿੱਤੇ। ਹਜ਼ਾਰਾਂ ਲੋਕ ਜ਼ਖਮੀ ਹੋਏ ਜਾਂ ਬਾਅਦ ਵਿੱਚ ਹਮਲਿਆਂ ਕਾਰਨ ਹੋਈਆਂ ਬਿਮਾਰੀਆਂ ਦਾ ਸ਼ਿਕਾਰ ਹੋਏ, ਜਿਨ੍ਹਾਂ ਵਿੱਚ ਉਹ ਫਾਇਰਫਾਈਟਰ ਵੀ ਸ਼ਾਮਿਲ ਸਨ, ਜਿਨ੍ਹਾਂ ਨੇ ਜ਼ਹਿਰੀਲੇ ਮਲਬੇ ਵਿਚਕਾਰ ਕੰਮ ਕੀਤਾ ਸੀ। ਇਸਲਾਮੀ ਕੱਟੜਪੰਥੀ ਨੈੱਟਵਰਕ, ਅਲ-ਕਾਇਦਾ ਨੇ ਅਫ਼ਗਾਨਿਸਤਾਨ ਤੋਂ ਇਨ੍ਹਾਂ ਹਮਲਿਆਂ ਦੀ ਯੋਜਨਾ ਬਣਾਈ ਸੀ। ਓਸਾਮਾ ਬਿਨ ਲਾਦੇਨ ਦੀ ਅਗਵਾਈ ਵਾਲੇ ਅਲ-ਕਾਇਦਾ ਨੇ ਮੁਸਲਿਮ ਦੁਨੀਆ ਵਿੱਚ ਚੱਲ ਰਹੇ ਸੰਘਰਸ਼ਾਂ ਲਈ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਮੰਨਿਆ ਜਾਂਦਾ ਹੈ ਕਿ ਇਸ ਸਮੂਹ ਦੇ ਹੀ ਖਾਲਿਦ ਸ਼ੇਖ ਮੁਹੰਮਦ ਨੇ ਇਸ ਸਾਜ਼ਿਸ਼ ਨੂੰ ਰਚਿਆ ਸੀ ਅਤੇ ਪਾਇਲਟਾਂ ਦੀ ਭਰਤੀ ਕਰਨ ਵਿੱਚ ਮਦਦ ਕੀਤੀ ਸੀ, ਜਿਨ੍ਹਾਂ ਵਿੱਚੋਂ ਕੁਝ ਨੇ ਅਮਰੀਕਾ ਵਿੱਚ ਟ ?ਰੇਨਿੰਗ ਲਈ ਸੀ। ਉੱਨੀ ਲੋਕਾਂ ਨੇ ਜਹਾਜ਼ਾਂ ਨੂੰ ਹਾਈਜੈਕ ਕੀਤਾ, ਉਹ ਪੰਜ-ਪੰਜ ਵਿਅਕਤੀਆਂ ਦੀਆਂ ਤਿੰਨ ਟੀਮਾਂ ਅਤੇ ਚਾਰ ਵਿਅਕਤੀਆਂ ਦੀ ਇੱਕ ਟੀਮ (ਪੈਨਸਿਲਵੇਨੀਆ ਵਿੱਚ ਹਾਦਸਾਗ੍ਰਸਤ ਹੋਏ ਜਹਾਜ਼ ਲਈ) ਵਿੱਚ ਵੰਡੇ ਹੋਏ ਸਨ। ਹਾਈਜੈਕਰਾਂ ਵਿੱਚੋਂ ਪੰਦਰਾਂ ਵਿਅਕਤੀ ਓਸਾਮਾ ਬਿਨ ਲਾਦੇਨ ਵਾਂਗ ਸਾਊਦੀ ਅਰਬ ਦੇ ਸਨ। ਦੋ ਸੰਯੁਕਤ ਅਰਬ ਅਮੀਰਾਤ ਤੋਂ, ਇੱਕ ਮਿਸਰ ਤੋਂ ਅਤੇ ਇੱਕ ਲੇਬਨਾਨ ਤੋਂ ਸੀ।

**ਖਾਲਿਦ ਸ਼ੇਖ ਮੁਹੰਮਦ ਕੌਣ ਹੈ ਅਤੇ ਉਸ ਨਾਲ ਕੀ ਹੋਇਆ?**

ਕੁਵੈਤ ਵਿੱਚ ਜਨਮੇ ਖਾਲਿਦ ਸ਼ੇਖ ਮੁਹੰਮਦ ਨੇ 1980 ਦੇ ਦਹਾਕੇ ਵਿੱਚ ਅਫ਼ਗਾਨਿਸਤਾਨ ਵਿੱਚ ਲੜਨ ਤੋਂ ਪਹਿਲਾਂ ਅਮਰੀਕਾ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਸੀ। 9/11 ਤੋਂ ਪਹਿਲਾਂ ਹੀ ਉਹ ਹੋਰ ਬੰਬ ਧਮਾਕਿਆਂ ਅਤੇ ਨਾਕਾਮ ਕੀਤੇ ਗਏ ਹਮਲਿਆਂ ਵਿੱਚ ਸ਼ਾਮਿਲ ਹੋਣ ਕਾਰਨ ਐਫਬੀਆਈ ਦੀ ਵਾਂਟੇਡ ਸੂਚੀ ਵਿੱਚ ਸੀ। ਸਾਲ 2003 ਵਿੱਚ ਆਪਣੀ ਗ੍ਰਿਫ਼ਤਾਰੀ ਤੋਂ ਬਾਅਦ, ਮੁਹੰਮਦ ਨੇ ਸੀਆਈਏ ਦੀਆਂ ਗੁਪਤ ਜੇਲ੍ਹਾਂ ਵਿੱਚ ਤਿੰਨ ਸਾਲ ਬਿਤਾਏ, ਜਿੱਥੇ ਉਸਨੂੰ ਪੁੱਛਗਿੱਛ ਦੀਆਂ ਬੇਰਹਿਮ ਤਕਨੀਕਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਉਸਨੂੰ ਕਿਊਬਾ ਵਿੱਚ ਗੁਆਂਤਾਨਾਮੋ ਬੇਅ ਸਥਿਤ ਅਮਰੀਕੀ ਜਲ ਸੈਨਾ ਦੇ ਬੇਸ ’ਤੇ ਭੇਜ ਦਿੱਤਾ ਗਿਆ, ਉਦੋਂ ਤੋਂ ਉਹ ਉੱਥੇ ਹੀ ਹੈ। ਬੇਸ ’ਤੇ ਹੀ ਇੱਕ ਫੌਜੀ ਅਦਾਲਤ ਵਿੱਚ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਇਸ ਗੱਲ ’ਤੇ ਵਿਚਾਰ ਚੱਲ ਰਿਹਾ ਹੈ ਕਿ 9/11 ਵਿੱਚ ਉਸਦੀ ਭੂਮਿਕਾ ਲਈ ਉਸ ’ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਾਂ ਨਹੀਂ ਅਤੇ ਕਿਵੇਂ ਚਲਾਇਆ ਜਾ ਸਕਦਾ ਹੈ, ਕਿਉਂਕਿ ਇਹ ਵੀ ਚਿੰਤਾ ਹੈ ਕਿ ਅਮਰੀਕੀ ਹਿਰਾਸਤ ਵਿੱਚ ਉਸ ਨਾਲ ਜਿਸ ਤਰ੍ਹਾਂ ਦਾ ਸਲੂਕ ਕੀਤਾ ਗਿਆ, ਉਸ ਕਾਰਨ ਉਸਦੇ ਖ਼ ?ਲਾਫ਼ ਸਬੂਤ ਕਮਜ਼ੋਰ ਪੈ ਸਕਦੇ ਹਨ।

ਜਨਵਰੀ 2025 ਵਿੱਚ ਉਸ ਕੋਲੋਂ ਅਤੇ ਦੋ ਹੋਰ ਮੁਲਜ਼ਮਾਂ - ਵਾਲਿਦ ਮੁਹੰਮਦ ਸਲੀਹ ਮੁਬਾਰਕ ਬਿਨ ਅਤਾਸ਼ ਅਤੇ ਮੁਸਤਫਾ ਅਹਿਮਦ ਆਦਮ ਅਲ-ਹਵਸਾਵੀ ਤੋਂ ਹਮਲਿਆਂ ਵਿੱਚ ਆਪਣੀ ਭੂਮਿਕਾ ਲਈ ਦੋਸ਼ ਕਬੂਲ ਕਰਨ ਦੀ ਉਮੀਦ ਕੀਤੀ ਗਈ ਸੀ। ਇਸ ਦੇ ਬਦਲੇ, ਉਹ ਮੌਤ ਦੀ ਸਜ਼ਾ ਤੋਂ ਬਚ ਜਾਂਦੇ ਅਤੇ ਬਿਨਾਂ ਪੈਰੋਲ ਉਮਰ ਕੈਦ ਦੀ ਸਜ਼ਾ ਕੱਟਦੇ। ਪਰ ਸੁਣਵਾਈ ਤੋਂ ਇੱਕ ਦਿਨ ਪਹਿਲਾਂ, ਅਮਰੀਕੀ ਫੈਡਰਲ ਅਪੀਲ ਅਦਾਲਤ ਨੇ ਇਹ ਕਾਰਵਾਈ ਰੋਕ ਦਿੱਤੀ ਅਤੇ ਅਮਰੀਕੀ ਸਰਕਾਰ ਦੀ ਉਸ ਬੇਨਤੀ ’ਤੇ ਵਿਚਾਰ ਕਰਨ ਦਾ ਫੈਸਲਾ ਲਿਆ, ਜਿਸ ਵਿੱਚ ਦੋਸ਼ ਕਬੂਲ ਕਰਨ ਦੇ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਸਰਕਾਰ ਨੇ ਦਾਅਵਾ ਕੀਤਾ ਸੀ ਕਿ (ਜੇ ਇਹ ਸਮਝੌਤਾ ਹੋ ਜਾਂਦਾ ਹੈ ਤਾਂ) ਇਸ ਨਾਲ ਅਜਿਹਾ ਨੁਕਸਾਨ ਹੋਵੇਗਾ, ਜਿਸਦੀ ”ਭਰਪਾਈ ਨਹੀਂ ਕੀਤੀ ਜਾ ਸਕੇਗੀ”। ਜੁਲਾਈ 2025 ਵਿੱਚ, ਅਦਾਲਤ ਨੇ ਰਸਮੀ ਤੌਰ ’ਤੇ ਦੋਸ਼ ਕਬੂਲ ਕਰਨ ਦੇ ਸਮਝੌਤੇ ਨੂੰ ਰੱਦ ਕਰ ਦਿੱਤਾ। ਮਾਮਲੇ ਵਿੱਚ ਅੱਗੇ ਕੀ ਹੋਵੇਗਾ, ਇਹ ਸਪਸ਼ਟ ਨਹੀਂ ਹੈ।

## 9/11 ਤੋਂ ਬਾਅਦ ਕੀ ਹੋਇਆ?

9/11 ਹਮਲਿਆਂ ਤੋਂ ਬਾਅਦ ਦੇ ਸਾਲਾਂ ਵਿੱਚ ਦੁਨੀਆ ਭਰ ਵਿੱਚ ਹਵਾਈ ਯਾਤਰਾ ਦੀ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਸੀ। ਅਮਰੀਕਾ ਵਿੱਚ, ਹਵਾਈ ਅੱਡਿਆਂ ਅਤੇ ਜਹਾਜ਼ਾਂ ’ਤੇ ਸੁਰੱਖਿਆ ਵਧਾਉਣ ਲਈ ਟ ?ਰਾਂਸਪੋਰਟੇਸ਼ਨ ਸਿਕਿਓਰਿਟੀ ਐਡਮਿਨਿਸਟ ?ਰੇਸ਼ਨ (ਟੀਐਸਏ) ਬਣਾਈ ਗਈ ਸੀ। ਗ੍ਰਾਊਂਡ ਜ਼ੀਰੋ - ਉਹ ਥਾਂ ਜਿੱਥੇ ਟਵਿਨ ਟਾਵਰਾਂ ਡਿੱਗੇ - ਨੂੰ ਸਾਫ਼ ਕਰਨ ਵਿੱਚ ਅੱਠ ਮਹੀਨਿਆਂ ਤੋਂ ਵੱਧ ਸਮਾਂ ਲੱਗ ਗਿਆ ਂਹੁਣ ਇਸ ਥਾਂ ’ਤੇ ਇੱਕ ਮੈਮੋਰੀਅਲ ਅਤੇ ਇੱਕ ਅਜਾਇਬਘਰ ਮੌਜੂਦ ਹੈ ਅਤੇ ਇਮਾਰਤਾਂ ਨੂੰ ਵੱਖਰੇ ਡਿਜ਼ਾਈਨ ਨਾਲ ਮੁੜ ਬਣਾਇਆ ਗਿਆ ਹੈ। 1,776 ਫੁੱਟ (541 ਮੀਟਰ) ਦੀ ਉਚਾਈ ’ਤੇ, ਇਸ ਕੰਪਲੈਕਸ ਦਾ ਮੁੱਖ ਕੇਂਦਰ - ਵਨ ਵਰਲਡ ਟ ?ਰੇਡ ਸੈਂਟਰ, ਜਾਂ ਫਰੀਡਮ ਟਾਵਰ- ਮੂਲ ਨੌਰਥ ਟਾਵਰ ਤੋਂ ਵੀ ਉੱਚਾ ਹੈ, ਜੋ 1,368 ਫੁੱਟ (417 ਮੀਟਰ) ਉੱਚਾ ਸੀ। ਪੈਂਟਾਗਨ ਵਿੱਚ ਮੁੜ ਨਿਰਮਾਣ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਲੱਗਿਆ ਅਤੇ ਅਗਸਤ 2002 ਤੱਕ ਕਰਮਚਾਰੀ ਆਪਣੇ ਦਫ਼ਤਰਾਂ ਵਿੱਚ ਵਾਪਸ ਆ ਗਏ ਸਨ।

## ਅਮਰੀਕਾ ਨੇ 9/11 ਹਮਲੇ ਤੋਂ ਬਾਅਦ ਕੀ ਕੀਤਾ?

ਹਮਲਿਆਂ ਦੇ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ, ਤਤਕਾਲੀ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਅਲ-ਕਾਇਦਾ ਨੂੰ ਖਤਮ ਕਰਨ ਅਤੇ ਬਿਨ ਲਾਦੇਨ ਨੂੰ ਫੜਨ ਲਈ ਅਫ਼ਗਾਨਿਸਤਾਨ ’ਤੇ ਹਮਲੇ ਦੀ ਅਗਵਾਈ ਕੀਤੀ - ਜਿਸ ਵਿੱਚ ਇੱਕ ਅੰਤਰਰਾਸ਼ਟਰੀ ਗਠਜੋੜ ਦਾ ਸਮਰਥਨ ਵੀ ਸ਼ਾਮਿਲ ਸੀ। ਹਾਲਾਂਕਿ, 2011 ਵਿੱਚ ਹੀ ਅਮਰੀਕੀ ਫੌਜੀਆਂ ਨੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਬਿਨ ਲਾਦੇਨ ਦਾ ਪਤਾ ਲਗਾ ਲਿਆ ਅਤੇ ਉਸਨੂੰ ਮਾਰ ਦਿੱਤਾ। ਖਾਲਿਦ ਸ਼ੇਖ ਮੁਹੰਮਦ ਨੂੰ ਅੱਠ ਸਾਲ ਪਹਿਲਾਂ, 2003 ਵਿੱਚ ਪਾਕਿਸਤਾਨ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਲ-ਕਾਇਦਾ ਅੱਜ ਵੀ ਮੌਜੂਦ ਹੈ। ਇਹ ਉਪ-ਸਹਾਰਾ ਅਫ਼ਰੀਕਾ ਵਿੱਚ ਸਭ ਤੋਂ ਮਜ਼ਬੂਤ ਹੈ, ਪਰ ਅਫ਼ਗਾਨਿਸਤਾਨ ਦੇ ਅੰਦਰ ਅਜੇ ਵੀ ਇਸਦੇ ਮੈਂਬਰ ਮੌਜੂਦ ਹਨ। ਅਮਰੀਕੀ ਫੌਜ ਲਗਭਗ 20 ਸਾਲ ਬਾਅਦ 2022 ਵਿੱਚ ਅਫ਼ਗਾਨਿਸਤਾਨ ਤੋਂ ਚਲੀ ਗਈ, ਜਿਸ ਨਾਲ ਕਈ ਲੋਕਾਂ ਵਿੱਚ ਇਹ ਡਰ ਪੈਦਾ ਹੋਇਆ ਕਿ ਇਹ ਇਸਲਾਮੀ ਨੈੱਟਵਰਕ ਮੁੜ ਵਾਪਸੀ ਕਰ ਸਕਦਾ ਹੈ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

04 SEPT TO 10 SEPT, 2026


# HICKSVILLE COMMUNITY COMES TOGETHER FOR A 25TH ANNIVERSARY 9/11 CANDLELIGHT VIGIL







Hicksville, NY — The Hicksville community came together on Friday evening, September 11, 2026, for a solemn Candlelight Vigil commemorating the 25th anniversary of September 11, 2001, honoring those who lost their lives and paying tribute to the families, first responders, and all those affected by the tragic events of 9/11.

The vigil was held at 7:00 PM at 11 N. Broadway, Hicksville, NY 11801, in front of Guru Nanak Darbar. Community members gathered in a spirit of remembrance, unity, and respect, lighting candles and observing the significance of the day.

The event was jointly organized by Gurdwara Shaheedan Inc., Guru Gobind Singh Sikh Center, Guru Nanak Darbar, Gurdwara Mata Sahib Kaur, and Bedi Foundation, with the participation of numerous community leaders and volunteers.

Prayer done by head priest of Sri Darbar Sahib (Golden Temple Amritsar) Singh Sahib Giani Jasvinder Singh





The candlelight gathering provided an opportunity for people from diverse backgrounds to stand together and remember the victims of 9/11. The lighting of candles served as a symbol of remembrance, hope, peace, and solidarity.

Organizers expressed their appreciation to everyone who attended and contributed to making the memorial gathering meaningful and dignified. The event reflected the strength of the Long Island community and its commitment to keeping the memory of September 11 alive for future generations.

"Never Forget 9/11"

The organizers emphasized that remembering the past is an important part of honoring those who were lost and recognizing the courage and compassion demonstrated by countless individuals during and after the tragedy.



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371S

Website: www.preetnama.com Email preetnamausa@gmail.com

04 SEPT TO 10 SEPT, 2026




Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 371
Website: www.preetnama.com Email preetnamausa@gmail.com
18 SEPT TO 24 SEPT, 2026

# ਪੱਕੇ ਹੋਣ ਦੇ ਸਾਰੇ ਰਾਹ ਬੰਦ ਹੁੰਦੇ ਦਿਖ ਰਹੇ ਹਨ

# ਕੈਨੇਡਾ ’ਚ ਪੀਆਰ ਲਈ ਪੰਜਾਬੀ ਜੋੜੇ ਕੀ ਕੁਝ ਕਰ ਰਹੇ



ਪੰਜਾਬ ’ਚ ਮੈਂ 6-8 ਹਜ਼ਾਰ ਰੁਪਏ ’ਤੇ ਨਿੱਜੀ ਸਕੂਲ ’ਚ ਪੜ੍ਹਾਉਂਦੀ ਸੀ ਫਿਰ ਵੱਡੇ ਸੁਪਨੇ ਲੈ ਕੇ ਕੈਨੇਡਾ ਆਈ ਪਰ ਅੱਜ 5 ਸਾਲਾਂ ਮਗਰੋਂ ਕੈਨੇਡਾ ਨੇ ਮੇਰੇ ਹੱਥ ਖੜ੍ਹੇ ਕਰਾ ਦਿੱਤੇ, ਇੱਥੇ ਪੱਕੇ ਹੋਣ ਦੇ ਸਾਰੇ ਰਾਹ ਬੰਦ ਹੁੰਦੇ ਨਜ਼ਰ ਆ ਰਹੇ ਨੇ, ਹੁਣ ਵਾਪਸ ਵੀ ਕਿਸ ਮੂੰਹ ਨਾਲ ਜਾਈਏ। ਸ਼ੁਰੂ-ਸ਼ੁਰੂ ’ਚ ਕੈਨੇਡਾ ਆਇਆ ਤਾਂ ਸਭ ਕੁਝ ਬਹੁਤ ਆਸਾਨ ਲੱਗ ਰਿਹਾ ਸੀ ਪਰ ਜਦੋਂ ਦੇ ਕੈਨੇਡਾ ਸਰਕਾਰ ਨੇ ਨਿਯਮ ਬਦਲੇ ਨੇ ਹੁਣ ਤਾਂ ਬਸ ਇੱਥੇ ਕਾਨੂੰਨੀ ਤੌਰ ’ਤੇ ਰਹਿਣ ਦੀ ਹੀ ਜਦੋਜਹਿਦ ਕਰ ਰਹੇ ਹਾਂ, ਨਾਲ ਦੇ ਹੌਲੀ-ਹੌਲੀ ਕਰਕੇ ਭਾਰਤ ਪਰਤ ਰਹੇ ਹਨ। ਇਹ ਸ਼ਬਦ ਕੈਨੇਡਾ ਰਹਿੰਦੇ ਉਨ੍ਹਾਂ ਕਈ ਜੋੜਿਆਂ ਵਿੱਚੋਂ ਇੱਕ ਪੰਜਾਬੀ ਜੋੜੇ ਦੇ ਹਨ, ਜੋ ਪਿਛਲੇ ਕੁਝ ਸਾਲਾਂ ਤੋਂ ਉੱਥੇ ਪੀਆਰ ਹੋਣ ਲਈ ਸੰਘਰਸ਼ ਕਰ ਰਹੇ ਹਨ। ਦਰਅਸਲ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਨੇ ਆਪਣੀ ਪਰਵਾਸ ਨੀਤੀ ਦੇ ਨਿਯਮ ਬਦਲੇ ਹਨ, ਜਿਸ ਕਾਰਨ ਉੱਥੇ ਰਹਿੰਦੇ ਪਰਵਾਸੀਆਂ ਲਈ ਸਥਾਈ ਤੌਰ ’ਤੇ ਰਹਿਣ ਦੇ ਰਾਹ ਮੁਸ਼ਕਲ ਹੋ ਗਏ ਹਨ।

ਬੀਬੀਸੀ ਨਿਊਜ਼ ਪੰਜਾਬੀ ਨੇ ਕੈਨੇਡਾ ਵਿੱਚ ਰਹਿੰਦੇ ਉਨ੍ਹਾਂ ਪੰਜਾਬੀ ਜੋੜਿਆਂ ਨਾਲ ਖਾਸ ਗੱਲਬਾਤ ਕੀਤੀ ਹੈ, ਜੋ ਲੰਬੇ ਸਮੇਂ ਤੋਂ ਪੀਆਰ ਲੈਣ ਲਈ ਸੰਘਰਸ਼ ਕਰ ਰਹੇ ਹਨ।

**’ਸਰਕਾਰ ਨੇ ਸਾਡੇ ਸੁਪਨਿਆਂ ਦਾ ਰਾਹ ਹੀ ਬੰਦ ਕਰ ਦਿੱਤਾ’**

ਤੁਸੀਂ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਕੈਨੇਡਾ-ਅਮਰੀਕਾ ਦੇ ਝੰਡੇ ਗੱਡੀਆਂ ਜਾਂ ਘਰਾਂ ਉੱਪਰ ਆਮ ਲੱਗੇ ਦੇਖੇ ਹੋਣੇ, ਜੋ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਚਾਹਤ ਨੂੰ ਦਰਸਾਉਂਦਾ ਹੈ। ਪਰ ਕੁਝ ਸਮੇਂ ਤੋਂ ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਘਟਿਆ, ਜਿਸਦੀ ਮੁੱਖ ਵਜ ?ਹਾ ਕੈਨੇਡਾ, ਅਮਰੀਕਾ ਤੇ ਯੂਕੇ ਵਰਗੇ ਦੇਸ਼ਾਂ ਵਿੱਚ ਪਰਵਾਸ ਨੀਤੀਆਂ ਵਿੱਚ ਹੋਏ ਬਦਲਾਅ ਹਨ। ਇਨ੍ਹਾਂ ਨੀਤੀਆਂ ਕਰਕੇ ਜਿੱਥੇ ਪੰਜਾਬ ਵਿੱਚ ਵਿਦੇਸ਼ ਜਾਣ ਦੀ ਹੋੜ ਨੂੰ ਮੋੜਾ ਪਿਆ, ਉੱਥੇ ਹੀ ਕੈਨੇਡਾ ਵਿੱਚ ਰਹਿ ਰਹੇ ਕਈ ਨੌਜਵਾਨਾਂ ਤੇ ਪਰਿਵਾਰਾਂ ਦੇ ਭਵਿੱਖ ਉੱਪਰ ਤਲਵਾਰ ਲਟਕ ਗਈ ਹੈ। ਪੰਜਾਬ ਦੇ ਰਹਿਣ ਵਾਲੇ ਜਸਪ੍ਰੀਤ ਕੌਰ ਸਾਲ 2021 ਵਿੱਚ ਸਟੱਡੀ ਵੀਜ਼ਾ ਉੱਪਰ ਕੈਨੇਡਾ ਗਏ ਸਨ। ਹੁਣ ਉਹ ਆਪਣੇ ਪਤੀ ਸਰਬਜੀਤ ਸਿੰਘ ਨਾਲ ਕੈਨੇਡਾ ਦੇ ਐਲਬਰਟਾ ਵਿੱਚ ਰਹਿੰਦੇ ਹਨ ਅਤੇ ਦੋਵੇਂ ਅਜੇ ਅਸਥਾਈ ਤੌਰ ’ਤੇ ਵਿਦੇਸ਼ ਵਿੱਚ ਆਪਣੀ ਜ਼ਿੰਦਗੀ ਬਿਤਾ ਰਹੇ ਹਨ। ਜਸਪ੍ਰੀਤ ਦੱਸਦੇ ਹਨ ਕਿ ਉਨ੍ਹਾਂ ਨੇ ਪੰਜਾਬ ਵਿੱਚ ਬੀਸੀਏ ਦੀ ਪੜ੍ਹਾਈ ਕੀਤੀ ਤੇ ਬਾਅਦ ਵਿੱਚ ਇੱਕ ਨਿੱਜੀ ਸਕੂਲ ਵਿੱਚ ਬਤੌਰ ਅਧਿਆਪਕ ਨੌਕਰੀ ਕੀਤੀ। ÷ਮੈਂ ਇੱਕ ਦਰਮਿਆਨੇ ਪਰਿਵਾਰ ਤੋਂ ਆਉਂਦੀ ਹਾਂ, 6-8 ਹਜ਼ਾਰ ਤਨਖਾਹ ਨਾਲ ਕਿੱਥੇ ਗੁਜ਼ਾਰਾ ਹੁੰਦਾ ਸੀ ਤੇ ਮੇਰੇ ਸੁਪਨੇ ਵੀ ਵੱਡੇ ਸੀ। ਮੈਂ ਘਰਦਿਆਂ ਨੂੰ ਵਿਦੇਸ਼ ਜਾਣ ਦਾ ਜ਼ੋਰ ਪਾਇਆ ਤੇ ਮੇਰੇ ਪਰਿਵਾਰ ਨੇ ਇੱਧਰੋਂ-ਉਧਰੋਂ ਪੈਸੇ ਫੜ ਕੇ ਮੈਨੂੰ ਕੈਨੇਡਾ ਭੇਜ ਦਿੱਤਾ। ਬਾਅਦ ਵਿੱਚ ਮੇਰੇ ਪਤੀ ਵੀ ਕੈਨੇਡਾ ਆ ਗਏ। ਦੂਰੋਂ ਦੇਖਣ ਨੂੰ ਲੱਗਦਾ ਸੀ ਕਿ ਤਿੰਨ ਸਾਲ ਵਰਕ ਪਰਮਿਟ ’ਤੇ ਕੰਮ ਕਰਾਂਗੇ, ਫਿਰ ਪੀਆਰ ਹੋ ਜਾਵਾਂਗੇ, ਜ਼ਿੰਦਗੀ ਬਹੁਤ ਆਸਾਨ ਹੈ ਪਰ ਇਹ ਸਭ ਦੂਰੋਂ ਦੇਖਣ ਨੂੰ ਹੀ ਸੋਹਣਾ ਲੱਗਦਾ। ਹੁਣ ਇੱਥੇ ਮੈਨੂੰ ਪੰਜ ਸਾਲ ਹੋ ਗਏ, ਪੜ੍ਹਾਈ ਵੀ ਕੀਤੀ, ਇੱਕ ਸੈਕਟਰ ਵਿੱਚ ਕੰਮ ਵੀ ਕੀਤਾ ਪਰ ਪੱਲੇ ਅਜੇ ਤੱਕ ਸਿਰਫ ਸੰਘਰਸ਼ ਹੀ ਹੈ। ਪੀਆਰ ਦਾ ਮਤਲਬ ਪਰਮਾਨੈਂਟ ਰੈਜ਼ੀਡੈਂਸੀ ਹੁੰਦਾ ਹੈ ਯਾਨੀ ਸਥਾਈ ਨਿਵਾਸ, ਜੇ ਕਿਸੇ ਵਿਅਕਤੀ ਕੋਲ ਕੈਨੇਡਾ ਦੀ ਪੀਆਰ ਹੈ ਤਾਂ ਉਹ ਕੈਨੇਡਾ ਵਿੱਚ ਲੰਬੇ ਸਮੇਂ ਲਈ ਰਹਿ ਸਕਦਾ ਹੈ, ਕਿਸੇ ਵੀ ਸੂਬੇ ਵਿੱਚ ਕੰਮ ਕਰ ਸਕਦਾ ਹੈ ਜਾਂ ਕਾਰੋਬਾਰ ਕਰ ਸਕਦਾ ਹੈ ਅਤੇ ਕੁਝ ਸਾਲ ਪੀਆਰ ਰੱਖਣ ਤੋਂ ਬਾਅਦ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦੇ ਸਕਦਾ ਹੈ। ਜਸਪ੍ਰੀਤ ਕਹਿੰਦੇ ਹਨ ਕਿ ਉਨ੍ਹਾਂ ਨੇ ਸ਼ੁਰੂਆਤੀ ਸਾਲਾਂ ਵਿੱਚ ਕਿਸੇ ਗੱਲ ਦੀ ਪਰਵਾਹ ਨਹੀਂ ਕੀਤੀ ਸਭ ਸਹੀ ਚੱਲ ਰਿਹਾ ਸੀ ਪਰ 2023 ਤੋਂ ਬਾਅਦ ਜਦੋਂ ਇੱਕ ਤੋਂ ਬਾਅਦ ਇੱਕ ਕੈਨੇਡਾ ਸਰਕਾਰ ਨਿਯਮਾਂ ਵਿੱਚ ਤਬਦੀਲੀ ਕਰਨ ਲੱਗੀ ਤਾਂ ਦਿਨ ਪ੍ਰਤੀ ਦਿਨ ਤਣਾਅ ਵੱਧਦਾ ਗਿਆ।

ਉਹ ਦੱਸਦੇ ਹਨ, ÷ਅਸੀਂ ਬਹੁਤ ਵਧੀਆ ਲਾਈਫ ਕੱਟ ਰਹੇ ਸੀ, ਅਸੀਂ ਇੱਧਰ ਪੀਆਰ ਦੀ ਪ੍ਰਕਿਰਿਆ ਨੂੰ ਲੈ ਕੇ ਇੰਨਾ ਜਾਗਰੂਕ ਵੀ ਨਹੀਂ ਸੀ ਪਰ ਫਿਰ ਜਦੋਂ ਨਿਯਮ ਬਦਲੇ ਤਾਂ ਬਸ ਫਿਰ ਸਿਰਫ ਇੱਕੋ ਗੱਲ ਨੇ ਸਾਨੂੰ ਘੇਰਾ ਪਾ ਲਿਆ। ਅਸੀਂ ਦਿਨ-ਰਾਤ ਪੀਆਰ ਹੋਣ ਬਾਰੇ ਹੀ ਸੋਚਣ ਲੱਗੇ। ਅਸੀਂ ਡਰਾਅ ਸਿਸਟਮ ਵਿੱਚ ਆਪਣੀ ਫਾਇਲ ਲਗਾਈ ਪਰ ਉੱਥੇ ਵੀ ਸਾਡੀ ਕਿਸਮਤ ਨੇ ਸਾਡਾ ਸਾਥ ਨਹੀਂ ਦਿੱਤਾ ਕਿਉਂਕਿ ਉਸ ਵਿੱਚ ਲੱਖਾਂ ਲੋਕ ਅਪਲਾਈ ਕਰਦੇ ਹਨ ਅਤੇ ਸਰਕਾਰ ਨੇ ਸਿਰਫ ਕੁਝ ਸੌ ਹੀ ਪਿੱਕ ਕਰਨੇ ਹੁੰਦੇ ਹਨ।” ”ਹੁਣ ਪੀਆਰ ਲਈ ਮੈਨੂੰ ਕਈ ਹੱਥ ਪੱਲੇ ਮਾਰਨੇ ਪੈ ਰਹੇ ਹਨ। ਮੈਨੂੰ ਦੱਸਿਆ ਗਿਆ ਕਿ ਮੇਰੇ ਕੋਲ ਫਰੈਂਚ ਸਿੱਖ ਕੇ ਇੱਥੇ ਰਹਿਣ ਦਾ ਮੌਕਾ ਹੈ ਤੇ ਮੈਂ ਸਖਤ ਮਿਹਨਤ ਕਰਕੇ ਫਰੈਂਚ ਭਾਸ਼ਾ ਵੀ ਸਿੱਖੀ ਤੇ 5.5 ਅੰਕ ਵੀ ਲਏ। ਹੁਣ ਮੇਰੇ ਪਤੀ ਨੇ ਐੱਲ.ਐੱਮ.ਆਈ.ਏ ਲੈ ਕੇ ਅਪਲਾਈ ਕੀਤਾ ਹੋਇਆ, ਦੇਖੋ ਕੀ ਬਣਦਾ ਪਰ ਸਰਕਾਰ ਨੇ ਸਾਡੇ ਸੁਪਨਿਆਂ ਦੇ ਸਾਰੇ ਰਾਹ ਹੀ ਬੰਦ ਕਰ ਦਿੱਤੇ। ਅਸਲ ਵਿੱਚ ਐਲ.ਐਮ.ਆਈ.ਏ ਇੱਕ ਪੱਤਰ ਹੁੰਦਾ ਹੈ ਜਿਸ ਤਹਿਤ ਕੈਨੇਡਾ ਵਿੱਚ ਕੋਈ ਕੰਪਨੀ ਜਾਂ ਇੰਪਲੋਇਰ ਜਦੋਂ ਕਿਸੇ ਪਰਵਾਸੀ ਵਿਅਕਤੀ ਨੂੰ ਨੌਕਰੀ ਦੇਣਾ ਚਾਹੁੰਦਾ ਹੈ, ਤਾਂ ਉਸ ਨੂੰ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਉਸ ਇਜਾਜ਼ਤ ਦਾ ਨਾਮ ਹੈ ਐਲ.ਐਮ.ਆਈ.ਏ ਹੈ।

**ਸੁਸਾਇਟੀ ਦਾ ਪ੍ਰੈਸ਼ਰ**

ਜਸਪ੍ਰੀਤ ਦੱਸਦੇ ਹਨ ਕਿ ਉਨ੍ਹਾਂ ਦੇ ਨਾਲ ਕੰਮ ਕਰਦੇ ਕਈ ਨੌਜਵਾਨਾਂ ਨੂੰ ਬਿਨਾਂ ਪੀਆਰ ਹੋਏ ਵਾਪਸ ਭਾਰਤ ਪਰਤਣਾ ਪਿਆ। ਉਹ ਕਹਿੰਦੇ ਹਨ ਕਿ ਇੰਨੇ ਸਾਲਾਂ ਵਿੱਚ ਕੁਝ ਨਾ ਹਾਸਲ ਕਰਨ ’ਤੇ ਅਜੀਬ ਜਿਹਾ ਪ੍ਰੈਸ਼ਰ ਹੈ। ÷ਮੇਰੇ ਦੋਵੇਂ ਪਰਿਵਾਰਾਂ ਦੀ ਮੈਨੂੰ ✡ਪੋਰਟ ਹੈ ਪਰ ਸੁਸਾਇਟੀ ਦਾ ਪ੍ਰੈਸ਼ਰ ਤੁਹਾਨੂੰ ਤਣਾਅ ਵਿੱਚ ਲੈ ਜਾਂਦਾ। ਸਾਡੇ ਆਲੇ-ਦੁਆਲੇ ਕਈ ਪੀਆਰ ਹੋ ਚੁੱਕੇ ਹਨ ਤੇ ਮੇਰੇ ਉੱਪਰ ਇਹੀ ਪ੍ਰੈਸ਼ਰ ਹੈ ਕਿ ਲੋਕ ਕਹਿਣਗੇ ਕਿ ਉਹ ਤਾਂ ਪੀਆਰ ਹੋ ਗਏ ਤੁਸੀਂ ਕਿਉਂ ਨਹੀਂ ਹੋਏ, ਇਸੇ ਕਰਕੇ ਅਸੀਂ ਪੰਜ ਸਾਲਾਂ ਤੋਂ ਆਪਣੇ ਪਿੰਡ ਵੀ ਨਹੀਂ ਜਾ ਸਕੇ।

**ਜੋ ਹਾਲਾਤ ਨੇ ਪੀਆਰ ਹੋਣਾ ਬਹੁਤ ਔਖਾ**

ਜਸਪ੍ਰੀਤ ਦੇ ਪਤੀ ਸਰਬਜੀਤ ਸਿੰਘ ਹੁਣ ਕੈਨੇਡਾ ਵਿੱਚ ਟਰੱਕ ਚਲਾਉਂਦੇ ਹਨ। ਉਹ ਸਪਾਊਸ ਵੀਜ਼ਾ ਉੱਪਰ ਕੈਨੇਡਾ ਗਏ ਸਨ। ਉਨ੍ਹਾਂ ਨੇ ਕੈਨੇਡਾ ਵਿਚਲੇ ਆਪਣੇ ਹੁਣ ਤੱਕ ਤਜਰਬੇ ਸਾਡੇ ਨਾਲ ਸਾਂਝੇ ਕੀਤੇ ਹਨ। ਸਰਬਜੀਤ ਕਹਿੰਦੇ ਹਨ, ÷ਮੈਂ ਜਦੋਂ ਕੈਨੇਡਾ ਆਇਆ ਤੇ ਜਦੋਂ ਲੋਕਾਂ ਨੂੰ ਮਿਲਦੇ ਸੀ ਤਾਂ ਸਾਰੇ ਕਹਿੰਦੇ ਸੀ ਕਿ ਆਰਾਮ ਨਾਲ ਫਾਇਲ ਲੱਗ ਜਾਵੇਗੀ, ਕੁਝ ਸਮੇਂ ਵਿੱਚ ਹੀ ਪੀਐੱਨਪੀ ਆ ਜਾਂਦੀ ਤੇ ਫਿਰ ਪੀਆਰ ਮਿਲ ਜਾਂਦੀ ਹੈ। ਕੈਨੇਡਾ ਦਾ ਪੀਐੱਨਪੀ ਯਾਨੀ ਪ੍ਰੋਵਿੰਸ਼ੀਅਲ ਨੋਮੀਨੀ ਉਹ ਪ੍ਰੋਗਰਾਮ ਹੈ, ਜਿਸ ਰਾਹੀਂ ਕੋਈ ਸੂਬਾ ਆਪਣੀ ਲੋੜ ਅਨੁਸਾਰ ਵਿਦੇਸ਼ੀ ਮਜ਼ਦੂਰਾਂ ਜਾਂ ਪੇਸ਼ੇਵਰਾਂ ਨੂੰ ਸਥਾਈ ਨਿਵਾਸ ਲਈ ਨਾਮਜ਼ਦ ਕਰ ਸਕਦਾ ਹੈ। ਸਰਬਜੀਤ ਅੱਗੇ ਦੱਸਦੇ ਹਨ, ÷ਹਾਲਾਤ ਇਹ ਬਣ ਗਏ ਕੇ ਅਸੀਂ ਪੀਆਰ ਹੋਣ ਬਾਰੇ ਸੋਚ ਹੀ ਨਹੀਂ ਰਹੇ, ਜਿਸ ਹਿਸਾਬ ਦੇ ਕੈਨੇਡਾ ਵਿੱਚ ਹਾਲਾਤ ਹਨ, ਪੀਆਰ ਮਿਲਣੀ ਬਹੁਤ ਔਖੀ ਲੱਗ ਰਹੀ ਹੈ। ਸਾਡੀ ਅਜੇ ਤਾਂ ਫਾਇਲ ਵੀ ਨਹੀਂ ਲੱਗੀ ਅਸੀਂ ਆਪਣੀ ਮੰਜ਼ਿਲ ਤੋਂ ਬਹੁਤ ਦੂਰ ਹਾਂ। ਅਸੀਂ ਫਿਲਹਾਲ ਇੱਥੇ ਕਾਨੂੰਨੀ ਤੌਰ ’ਤੇ ਕਿਵੇਂ ਰਹਿਣਾ ਉਸ ਬਾਰੇ ਸੋਚ ਰਹੇ ਹਾਂ।” ”ਸਾਡਾ ਟਾਰਗੇਟ ਇਹੀ ਆ ਕਿ ਬੱਸ ਸਾਨੂੰ ਕਿਸੇ ਤਰੀਕੇ ਵਰਕ ਪਰਮਿਟ ਮਿਲੇ ਤੇ ਅਸੀਂ ਇੱਥੇ ਦੋ ਕੁ ਸਾਲ ਹੋਰ ਮਿਹਨਤ ਕਰਕੇ ਪੈਸੇ ਕਮਾਈਏ। ਅਸੀਂ ਇੱਥੇ ਬਹੁਤ ਮਿਹਨਤ ਕਰ ਰਹੇ ਹਾਂ ਪਰ ਫਿਰ ਵੀ ਸਾਨੂੰ ਇੱਥੇ ਰਹਿਣ ਲਈ ਨਹੀਂ ਮਿਲ ਰਿਹਾ ਤਾਂ ਅਸੀਂ ਇੱਥੇ ਫਿਰ ਆਪਣਾ ਭਵਿੱਖ ਕਿਉਂ ਖਰਾਬ ਕਰੀਏ, ਫਿਰ ਸਾਡੇ ਕੋਲ ਵਾਪਸੀ ਹੀ ਇੱਕ ਰਾਹ।

**ਮਜਬੂਰੀ ਕਰਕੇ ਟਰੱਕ ’ਤੇ ਚੜ੍ਹਨਾ ਪਿਆ**

ਪੰਜਾਬ ਦੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਗੁਰਮਨਪ੍ਰੀਤ ਸਿੰਘ ਕਿਸਾਨ ਪਰਿਵਾਰ ਨਾਲ ਸਬੰਧਤ ਹਨ। ਉਹ 2019 ਵਿੱਚ ਬਾਰਵੀਂ ਕਲਾਸ ਨਾਨ ਮੈਡੀਕਲ ਵਿਸ਼ੇ ਨਾਲ ਪਾਸ ਕਰਕੇ ਸਟੱਡੀ ਵੀਜ਼ਾ ’ਤੇ ਕੈਨੇਡਾ ਆਏ ਸਨ। ਗੁਰਮਨਪ੍ਰੀਤ ਨੂੰ ਕੈਨੇਡਾ ਆਏ ਸੱਤ ਸਾਲ ਹੋ ਚੁੱਕੇ ਹਨ ਤੇ ਉਹ ਆਪਣੀ ਪਤਨੀ ਨਾਲ ਇੱਥੇ ਅਸਥਾਈ ਤੌਰ ’ਤੇ ਰਹਿ ਰਹੇ ਹਨ। ਗੁਰਮਨਪ੍ਰੀਤ ਸਿੰਘ ਨੇ ਬੀਬੀਸੀ ਪੰਜਾਬੀ ਨਾਲ ਖਾਸ ਗੱਲਬਾਤ ਕੀਤੀ ਹੈ ਅਤੇ ਕੈਨੇਡਾ ਦੇ ਮੌਜੂਦਾ ਹਾਲਾਤਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਉਹ ਕਹਿੰਦੇ ਹਨ, ÷ਮੈਂ ਪੜ੍ਹਾਈ ਕਰਕੇ ਚੰਗੇ ਭਵਿੱਖ ਦੀ ਭਾਲ ਵਿੱਚ ਇੱਥੇ ਆਇਆ ਸੀ। ਬਾਪੂ ਨੇ ਕਰਜ਼ਾ ਚੁੱਕ ਕੇ ਭੇਜਿਆ ਸੀ। ਮੈਂ ਸਾਫਟਵੇਅਰ ਟੈਸਟਿੰਗ ਦਾ ਡਿਪਲੋਮਾ ਲੈ ਕੇ ਮੌਂਟਰੀਅਲ ਸ਼ਿਫਟ ਹੋਇਆ ਸੀ। ਮੈਨੂੰ ਸੀ ਆਈਟੀ ਸੈਕਟਰ ਕੈਨੇਡਾ ਵਿੱਚ ਵਧੀਆ ਗਰੋਅ ਕਰ ਰਿਹਾ ਤੇ ਇੱਥੇ ਮੇਰਾ ਭਵਿੱਖ ਵਧੀਆ ਹੋਉਗਾ, ਅੱਜ ਸੱਤ ਸਾਲ ਹੋ ਗਏ ਤੇ ਮੈਂ ਆਈਟੀ ਛੱਡ ਕੇ ਟਰੱਕ ਚਲਾ ਰਿਹਾਂ, ਮਜਬੂਰੀ ਕਰਕੇ ਮੈਨੂੰ ਟਰੱਕ ਉੱਪਰ ਚੜ੍ਹਨਾ ਪਿਆ ਕਿਉਂਕਿ ਇੱਥੇ ਕਾਨੂੰਨੀ ਤੌਰ ’ਤੇ ਰਹਿਣਾ ਹੀ ਵੱਡੀ ਚੁਣੌਤੀ ਬਣਿਆ ਹੋਇਆ। ਗੁਰਮਨਪ੍ਰੀਤ ਦੱਸਦੇ ਹਨ ਕਿ ਕੈਨੇਡਾ ਸਰਕਾਰ ਦੀਆਂ ਪਰਵਾਸ ਨੀਤੀਆਂ ਵਿੱਚ ਹੋਏ ਬਦਲਾਵਾਂ ਕਾਰਨ ਉਨ੍ਹਾਂ ਨੂੰ ਹੁਣ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ। ਉਹ ਕਹਿੰਦੇ ਹਨ, ÷ਦੋ ਸਾਲ ਦੀ ਸਟੱਡੀ ਤੋਂ ਬਾਅਦ ਮੈਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਿਆ ਸੀ। ਕੰਮ ਦੀ ਤਲਾਸ਼ ਵਿੱਚ ਮੈਂ ਮੌਂਟਰੀਅਲ ਤੋਂ ਬਰੈਂਪਟਨ ਗਿਆ। ਓਨਟਾਰਿਓ ਸੂਬੇ ਵਿੱਚ ਟਰੱਕਿੰਗ ਦਾ ਲਾਇਸੈਂਸ ਲੈਣ ਲਈ ਮੈਂ ਆਇਆ ਸੀ। ਇੱਥੇ ਵੱਡਾ ਸੂਬਾ ਹੋਣ ਕਰਕੇ ਕੰਮ ਦੇ ਮੌਕੇ ਜ਼ਿਆਦਾ ਸਨ, ਮੈਨੂੰ ਇਹ ਵੀ ਸੀ ਕਿ ਇੱਥੋਂ ਮੈਂ ਪੀਆਰ ਵੀ ਅਪਲਾਈ ਕਰਾਂਗਾ ਪਰ 2023 ਵਿੱਚ ਉੱਥੇ ਨਿਯਮ ਬਦਲੇ ਤੇ ਪੀਆਰ ਮੁਸ਼ਕਲ ਹੋ ਗਈ।” ”ਇਸੇ ਕਾਰਨ ਇਸ ਸਾਲ ਵੱਡੀ ਗਿਣਤੀ ਪਰਵਾਸੀ ਇੱਥੋਂ ਮੂਵ ਹੋ ਗਏ। ਮੈਨੂੰ ਆਸ ਸੀ ਕਿ ਪੀਆਰ ਸਬੰਧੀ ਸਰਕਾਰ ਕੋਈ ਨਾ ਕੋਈ ਪ੍ਰੋਗਰਾਮ ਲਾਂਚ ਕਰੇਗੀ ਪਰ ਡਰਾਅ ਨਿਕਲੇ, ਜਿਨ੍ਹਾਂ ਨੂੰ ਅਪਲਾਈ ਕਰਨ ਲਈ ਲੱਖਾਂ ਲੋਕ ਲਾਈਨ ਵਿੱਚ ਸਨ ਤੇ ਚੋਣ ਸਿਰਫ ਕੁਝ ਦੀ ਹੋਣੀ ਸੀ।

**ਨੀ ਤੌਰ ’ਤੇ ਰਹਿਣ ਲਈ ਹਜ਼ਾਰਾਂ ਡਾਲਰਾਂ ਦੀਆਂ ਐੱਲਐੱਮਆਈਏ ਲਈਆਂ** ਗੁਰਮਨਪ੍ਰੀਤ ਦੱਸਦੇ ਹਨ ਕਿ ਉਹ ਹੁਣ ਤੱਕ ਤਿੰਨ ਵਾਰ ਐੱਲਐੱਮਆਈਏ ਲੈ ਚੁੱਕੇ ਹਨ। ਉਹ ਕਹਿੰਦੇ ਹਨ, ÷ਮੈਂ ਬਰੈਂਪਟਨ ਤੋਂ ਫਿਰ ਐਲਬਰਟਾ ਆ ਗਿਆ, ਇੱਥੇ 2024 ਵਿੱਚ ਟਰੱਕਿੰਗ ਕੰਪਨੀ ਤੋਂ ਕੁਝ ਹਜ਼ਾਰ ਡਾਲਰ ਦੇ ਕੇ ਐੱਲਐੱਮਆਈਏ ਲਈ ਪਰ ਉਹ ਕੰਪਨੀ ਕੁਝ ਮਹੀਨੇ ਮਗਰੋਂ ਹੀ ਅਮਰੀਕਾ ਵੱਲੋਂ ਲਗਾਏ ਟੈਰਿਫਾਂ ਕਾਰਨ ਬੰਦ ਹੋ ਗਈ। ਫਿਰ ਮੈਂ ਦੂਜੀ ਕੰਪਨੀ ਤੋਂ 18 ਹਜ਼ਾਰ ਡਾਲਰ ਵਿੱਚ ਐੱਲਐੱਮਆਈਏ ਲਈ। ਮੈਂ ਐੱਲਐੱਮਆਈਏ ਇਸ ਲਈ ਕਿਉਂਕਿ ਮੈਂ ਪੇਅਰੋਲ ’ਤੇ ਕੰਮ ਕਰ ਸਕਾਂ ਤੇ ਕਾਨੂੰਨੀ ਤੌਰ ’ਤੇ ਇੱਥੇ ਰਹਿ ਸਕਾਂ। ਗੁਰਮਨਪ੍ਰੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਵਰਗੇ ਹੋਰ ਕਈ ਨੌਜਵਾਨ ਕੈਨੇਡਾ ਦੇ ਵੱਖ-ਵੱਖ ਸੂਬਿਆਂ ਵਿੱਚ ਜਾ ਕੇ ਪੀਆਰ ਅਤੇ ਇਸ ਦੇਸ਼ ਵਿੱਚ ਕਾਨੂੰਨੀ ਤੌਰ ’ਤੇ ਰਹਿਣ ਲਈ ਮੌਕਿਆਂ ਦੀ ਤਲਾਸ਼ ਕਰ ਰਹੇ ਹਨ ਪਰ ਹਰ ਪਾਸੇ ਹਾਲਾਤ ਨਾਜ਼ੁਕ ਹਨ। ਉਹ ਕਹਿੰਦੇ ਹਨ, ÷ਇੱਥੇ ਜਿਹੋ ਜਿਹੇ ਹਾਲਾਤ ਬਣ ਗਏ ਹਨ, ਲੋਕ ਪੀਆਰ ਲਈ ਵੱਖ-ਵੱਖ ਸੂਬਿਆਂ ਵਿੱਚ ਜਾ ਕੇ ਹੱਥ ਪੱਲੇ ਮਾਰ ਰਹੇ ਹਨ। ਕਈ ਮੇਰੇ ਨਾਲ ਦੇ ਅਜਿਹੇ ਸੂਬਿਆਂ ਵਿੱਚ ਗਏ, ਜਿੱਥੇ ਘਰ ਦਾ ਰਾਸ਼ਨ ਲੈਣ ਵੀ ਕਈ-ਕਈ ਕਿਲੋਮੀਟਰ ਦੂਰ ਜਾਣਾ ਪੈਂਦਾ। 2020 ਦੇ ਨੇੜੇ-ਤੇੜੇ ਸਮਾਂ ਸਹੀ ਸੀ ਪਰ ਹੁਣ ਹਾਲਾਤ ਬਹੁਤ ਮਾੜੇ ਹਨ। ਅਸੀਂ ਹੁਣ ਇਸੇ ਲਈ ਆਪਣਾ ਸਟੇਟਸ ਵੈਲਿਡ ਰੱਖਣ ਲਈ ਹਜ਼ਾਰਾਂ ਡਾਲਰਾਂ ਦੀਆਂ ਐੱਲਐੱਮਆਈਏ ਲੈਣ ਲਈ ਮਜਬੂਰ ਹਾਂ।

**’ਸਮਾਜਿਕ ਦਬਾਅ ਮਹਿਸੂਸ ਕਰਦੇ ਹਾਂ’** ਗੁਰਮਨਪ੍ਰੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਹੁਣ ਤੱਕ ਕੈਨੇਡਾ ਵਿੱਚ ਮਾਨਸਿਕ ਤੌਰ ’ਤੇ ਬਹੁਤ ਕੁਝ ਝੱਲਿਆ, ਉਨ੍ਹਾਂ ਦੀ ਪਤਨੀ ਵੀ ਕੈਨੇਡਾ ਵਿੱਚ ਬਿਨ੍ਹਾਂ ਕੰਮ ਤੋਂ ਘਰ ਵਿੱਚ ਹੀ ਰਹਿ ਰਹੇ ਹਨ ਪਰ ਜੋ ਘਰਦਿਆਂ ਦਾ ਤੇ ਪਿੰਡ ਵਾਲਿਆਂ ਦਾ ਪ੍ਰੈਸ਼ਰ ਹੈ, ਉਹ ਹੋਰ ਵੀ ਤੰਗ ਕਰਨ ਵਾਲਾ ਹੈ। ਉਹ ਦੱਸਦੇ ਹਨ, ÷ਸੱਤ ਸਾਲ ਹੋ ਗਏ ਨੇ ਤੇ ਘਰ ਵਾਲੇ ਪੁੱਛਦੇ ਹਨ ਕਿ ਹੋਰ ਕਦੋਂ ਪੀਆਰ ਹੋਵੋਗੇ ਇੰਨਾ ਪੈਸੇ ਵੀ ਲਾ ਚੁੱਕੇ ਹਾਂ। ਮਾਨਸਿਕ ਤੌਰ ’ਤੇ ਇੰਨਾ ਜ਼ਿਆਦਾ ਤਣਾਅ ਹੈ ਕਿ ਅਸੀਂ ਆਪਣੀ ਜ਼ਿੰਦਗੀ ਦਾ ਸਭ ਤੋਂ ਸੋਹਣਾ ਸਮਾਂ ਇਸ ਠੰਢੇ ਇਲਾਕੇ ਵਿੱਚ ਗੁਆ ਰਹੇ ਹਾਂ। ਪਿੱਛੇ ਘਰ ਦਿਆਂ ਲਈ ਕੁਝ ਕਰਨਾ ਤਾਂ ਬਹੁਤ ਦੂਰ ਦੀ ਗੱਲ ਆਪਣਾ ਖਰਚਾ ਮਸਾਂ ਚੁੱਕ ਰਹੇ ਹਾਂ। ਉੱਪਰ ਦੀ ਪਿੰਡ ਵਾਲੇ ਜਦੋਂ ਘਰਦਿਆਂ ਨੂੰ ਪੁੱਛਦੇ ਨੇ ਕਿ ਮੁੰਡਾ ਪੱਕਾ ਹੋ ਗਿਆ ਤਾਂ ਉਹ ਦੇਖਿਆ ਨਹੀਂ ਜਾਂਦਾ, ਇੱਕ ਅਜੀਬ ਜਿਹੀ ਨਿਰਾਸ਼ਾ ਮਹਿਸੂਸ ਹੁੰਦੀ ਹੈ। ਗੁਰਮਨਪ੍ਰੀਤ ਸਿੰਘ ਐਲਬਰਟਾ ਸੂਬੇ ਵਿੱਚ ਪੀਆਰ ਲੈ ਚੁੱਕੇ ਹਨ ਤੇ ਹੁਣ ਫੈਡਰਲ ਪੀਆਰ ਲਈ ਅਪਲਾਈ ਕੀਤਾ ਹੋਇਆ ਹੈ ਪਰ ਉਨ੍ਹਾਂ ਦੇ ਮਨ ਵਿੱਚ ਅਜੇ ਵੀ ਡਰ ਹੈ ਕਿ ਕਿਤੇ ਸਰਕਾਰ ਕਾਗਜ਼ ਪੂਰੇ ਹੋਣ ’ਤੇ ਵੀ ਰੱਦ ਨਾ ਕਰਦੇ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 371
Website: www.preetnama.com Email preetnamausa@gmail.com
04 SEPT TO 10 SEPT, 2026

# ਦਿਲਜੀਤ ਦੋਸਾਂਝ ਨੇ ਯੂਕੇ ਦੇ ਵੇਂਬਲੀ ਸਟੇਡੀਅਮ ਵਿੱਚ ਕਿਹੜਾ ਇਤਿਹਾਸ ਰਚਿਆ, ਜਿੱਥੇ ਰਹੀ 'ਪੰਜਾਬੀ ਆ ਗਏ ਵੇਂਬਲੀ ਓਏ' ਦੀ ਗੂੰਜ



ਸ਼ਨੀਵਾਰ ਰਾਤ ਦੁਨੀਆ ਭਰ ਵਿੱਚ ਮਸ਼ਹੂਰ ਵੇਂਬਲੀ ਆਰਚ ਦੇ ਹੇਠਾਂ ਪੰਜ ਸ਼ਬਦ ਗੂੰਜੇ: ਪੰਜਾਬੀ ਆ ਗਏ ਵੇਂਬਲੀ ਓਏ! ਭਾਰਤੀ ਮੈਗਾਸਟਾਰ ਦਿਲਜੀਤ ਦੋਸਾਂਝ ਆਪਣੇ ਸਾਰੇ ਕਾਨਸਰਟਾਂ ਦੀ ਸ਼ੁਰੂਆਤ ਇਸੇ ਐਲਾਨ ਨਾਲ ਕਰਦੇ ਹਨ ਕਿ ਪੰਜਾਬੀ ਆ ਗਏ ਹਨ ਪਰ ਇਸ ਵਾਰ, ਇਹ ਉਨ੍ਹਾਂ ਵੱਲੋਂ ਆਮ ਤੌਰ 'ਤੇ ਵਰਤੇ ਜਾਣ ਵਾਲੇ ਇਨ੍ਹਾਂ ਸ਼ਬਦਾਂ ਦਾ ਇੱਕ ਨਵਾਂ ਅੰਦਾਜ਼ ਸੀ। ਇਸ ਮਸ਼ਹੂਰ ਮਿਊਜ਼ਿਕ ਵੈਨਿਊ, ਵੇਂਬਲੀ ਸਟੇਡੀਅਮ ਵੱਲੋਂ ਕਿਹਾ ਗਿਆ ਹੈ ਕਿ ਦੋਸਾਂਝ ਵੇਂਬਲੀ ਸਟੇਡੀਅਮ ਵਿੱਚ ਮੁੱਖ ਕਲਾਕਾਰ ਵਜੋਂ ਪਰਫਾਰਮ ਕਰਨ ਵਾਲੇ ਪਹਿਲੇ ਪੰਜਾਬੀ ਗਾਇਕ ਹਨ। ਆਪਣੇ ਫੈਨਜ਼ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੇ ਇਸ ਮੌਕੇ ਦੀ ਅਹਿਮੀਅਤ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, ÷ਇਹ ਪਲ ਇਤਿਹਾਸ ਵਿੱਚ ਦਰਜ ਹੋ ਜਾਵੇਗਾ।

ਅਤੇ ਜਿਵੇਂ ਹੀ ਭੰਗੜੇ ਦੀਆਂ ਧੁਨਾਂ ਵੱਜਣ ਲੱਗੀਆਂ, ਫੈਨਜ਼ ਖੁਸ਼ੀ ਨਾਲ ਝੂਮ ਉੱਠੇ ਅਤੇ ਦੋਸਾਂਝ ਨੇ ਆਪਣੇ ਸਭ ਤੋਂ ਵੱਡੇ ਹਿੱਟ ਗਾਣੇ - G.O.A.T. ਤੋਂ ਲੈ ਕੇ ਲਵਰ (Lover) ਤੱਕ – ਗਾਉਣੇ ਸ਼ੁਰੂ ਕਰ ਦਿੱਤੇ। ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ, ਦੋਸਾਂਝ ਨੇ ਦੁਨੀਆ ਭਰ ਵਿੱਚ ਵੱਡੀ ਗਿਣਤੀ ਵਿੱਚ ਫੈਨ ਬਣਾਏ ਹਨ, ਚਾਰਟਸ (ਮਿਊਜ਼ਿਕ ਚਾਰਟਸ) ਵਿੱਚ ਸਿਖਰ 'ਤੇ ਰਹੇ ਹਨ ਅਤੇ ਐਡ ਸ਼ੀਰਨ ਵਰਗੇ ਕਲਾਕਾਰਾਂ ਨਾਲ ਗਾਣੇ ਗਾਏ ਹਨ। ਉਨ੍ਹਾਂ ਨੇ ਜਿਮੀ ਫੈਲਨ ਨਾਲ ਭੰਗੜਾ ਵੀ ਕੀਤਾ ਹੈ ਅਤੇ ਅਮਰੀਕੀ ਟਾਕ ਸ਼ੋਅ ਹੋਸਟ ਨੇ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਵੱਡਾ ਪੰਜਾਬੀ ਕਲਾਕਾਰ ਦੱਸਿਆ ਹੈ। ਵੇਂਬਲੀ ਵਿੱਚ ਉਨ੍ਹਾਂ ਦਾ ਇਹ ਯਾਦਗਾਰੀ ਕਾਨਸਰਟ ਇੱਕ ਗਲੋਬਲ ਸਟਾਰ ਵਜੋਂ ਉਨ੍ਹਾਂ ਦੀ ਪਛਾਣ ਨੂੰ ਹੋਰ ਮਜ਼ਬੂਤ ਕਰਦਾ ਹੈ।

**ਤੇ ਅਗਲੇ ਸਵਾ ਦੋ ਘੰਟਿਆਂ ਤੱਕ ਕੂਕਾਂ ਤੇ ਤਾੜੀਆਂ ਵੱਜਦੀਆਂ ਹੀ ਰਹੀਆਂ**

ਸ਼ੋਅ ਤੋਂ ਪਹਿਲਾਂ, ਦਿਲਜੀਤ ਨੇ ਬੈਕਸਟੇਜ (ਸਟੇਜ ਦੇ ਪਿੱਛੇ) ਬੀਬੀਸੀ ਨਾਲ ਖਾਸ ਗੱਲਬਾਤ ਕੀਤੀ ਅਤੇ ਇਸ ਪਲ ਨੂੰ ਆਪਣੇ ਲਈ ਇੱਕ ਸੁਪਨਾ ਦੱਸਿਆ। ਲੰਡਨ ਵਿੱਚ, ਦਿਲਜੀਤ ਦੋਸਾਂਝ ਦੇ ਕਾਨਸਰਟ ਵਿੱਚ ਆਈ ਭੀੜ ਵਿੱਚ ਜ਼ਿਆਦਾਤਰ ਲੋਕ ਦੱਖਣੀ ਏਸ਼ੀਆਈ ਸਨ – ਹਾਲਾਂਕਿ ਸਾਰੇ ਨਹੀਂ। ਦੁਪਹਿਰ ਤੋਂ ਹੀ ਦਿਲਜੀਤ ਦੇ ਆਉਣ ਨੂੰ ਲੈ ਕੇ ਲੋਕਾਂ ਦਾ ਉਤਸ਼ਾਹ ਵਧਦਾ ਜਾ ਰਿਹਾ ਸੀ ਅਤੇ ਫੈਨਜ਼ ਜਲਦੀ ਪਹੁੰਚ ਗਏ ਤਾਂ ਜੋ ਆਪਣੀ ਜਗ੍ਹਾ ਲੈ ਸਕਣ।

ਇੱਕ ਫੈਨ ਨੇ ਕਿਹਾ ਮਾਈਕਲ ਜੈਕਸਨ ਅਤੇ ਮੈਡੋਨਾ, ਸਾਡੇ ਲਈ ਉਹ (ਦਿਲਜੀਤ ਦੋਸਾਂਝ) ਉਸੇ ਲੈਵਲ ਦੇ ਹਨ।÷ ਦੂਜੇ ਨੇ ਕਿਹਾ, ÷ਉਹ ਬਹੁਤ ਹੈਂਡਸਮ ਹਨ ਅਤੇ ਜ਼ਮੀਨ ਨਾਲ ਜੁੜੇ ਹੋਏ ਇਨਸਾਨ ਹਨ। ਜਦੋਂ ਰਾਤ 8 ਵਜੇ ਤੋਂ ਕੁਝ ਦੇਰ ਬਾਅਦ ਦਿਲਜੀਤ ਰਵਾਇਤੀ ਕੱਪੜਿਆਂ ਵਿੱਚ ਸਟੇਜ 'ਤੇ ਆਏ ਤਾਂ ਸਟੇਡੀਅਮ ਵਿੱਚ ਜੋਸ਼ ਭਰ ਗਿਆ ਅਤੇ ਅਗਲੇ ਸਵਾ ਦੋ ਘੰਟਿਆਂ ਤੱਕ ਕੂਕਾਂ ਤੇ ਤਾੜੀਆਂ ਵੱਜਦੀਆਂ ਹੀ ਰਹੀਆਂ। ਆਪਣੀ ਜ਼ਬਰਦਸਤ ਜਾਨਦਾਰ ਪਰਫਾਰਮੈਂਸ ਲਈ ਮਸ਼ਹੂਰ ਦਿਲਜੀਤ ਨੇ 'ਹੱਸ ਹੱਸ' ਅਤੇ 'ਬੌਰਨ ਟੂ ਸ਼ਾਈਨ' ਵਰਗੇ ਗਾਣਿਆਂ 'ਤੇ ਆਪਣੇ ਡਾਂਸ ਨਾਲ ਫੈਨਜ਼ ਦਾ ਦਿਲ ਜਿੱਤ ਲਿਆ। ਉਨ੍ਹਾਂ ਦੀ ਦਿਲ ਨੂੰ ਛੂਹਣ ਵਾਲੀ ਆਵਾਜ਼ ਪੂਰੇ ਸਟੇਡੀਅਮ ਵਿੱਚ ਗੂੰਜ ਰਹੀ ਸੀ, ਜਿਸ ਨਾਲ ਉਨ੍ਹਾਂ ਦੀ ਗਾਇਕੀ ਦੀ ਰੇਂਜ ਦਾ ਪਤਾ ਲੱਗਦਾ ਸੀ। ਉਨ੍ਹਾਂ ਨੇ ਦੇਸੀ ਪੰਜਾਬੀ ਸੰਗੀਤ, ਰੈਪ ਅਤੇ ਹਿੱਪ-ਹੌਪ ਨੂੰ ਖੂਬਸੂਰਤੀ ਨਾਲ ਮਿਲਾ ਕੇ ਪੇਸ਼ ਕੀਤਾ।

**'ਜਸ਼ਨ ਮਨਾਉਣ ਵਾਲਾ ਪਲ'**

ਪੂਰੇ ਸ਼ੋਅ ਦੌਰਾਨ, ਦਰਸ਼ਕਾਂ ਨੇ ਲਾਈਟਾਂ ਲਹਿਰਾਈਆਂ, ਗਾਣੇ ਗਾਏ ਅਤੇ ਜ਼ਾਹਿਰ ਹੈ ਡਾਂਸ ਵੀ ਕੀਤਾ। ਕਈ ਵਾਰ ਤਾਂ ਇੰਝ ਲੱਗਿਆ ਜਿਵੇਂ ਸਟੇਜ ਦੇ ਸਭ ਤੋਂ ਨੇੜੇ ਵਾਲੀ ਥਾਂ ਕਿਸੇ ਭਾਰਤੀ ਵਿਆਹ ਦਾ ਦ੍ਰਿਸ਼ ਹੋਵੇ, ਜਿੱਥੇ ਫੈਨਜ਼ ਦੋਸਾਂਝ ਦੇ ਸ਼ਾਨਦਾਰ ਮੂਵਜ਼ ਦੀ ਨਕਲ ਕਰ ਰਹੇ ਸਨ। ਪਰ ਇੰਨੀ ਵੱਡੀ ਜਗ ?ਹਾ 'ਤੇ ਪਰਫਾਰਮ ਕਰਨ ਦੇ ਬਾਵਜੂਦ, ਦੋਸਾਂਝ ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਕਿ ਉਹ ਫੈਨਜ਼ ਨਾਲ ਵਿਅਕਤੀਗਤ ਤੌਰ 'ਤੇ ਜੁੜਨ ਵਿੱਚ ਮਾਹਿਰ ਹਨ। ਉਨ੍ਹਾਂ ਨੇ ਛੋਟੇ ਬੱਚਿਆਂ ਤੋਂ ਲੈ ਕੇ ਇੱਕ ਬਜ਼ੁਰਗ ਮਹਿਲਾ ਤੱਕ, ਕਈ ਫੈਨਜ਼ ਨੂੰ ਸਟੇਜ 'ਤੇ ਬੁਲਾਇਆ, ਉਨ੍ਹਾਂ ਨਾਲ ਸੈਲਫ਼ੀਆਂ ਲਈਆਂ ਅਤੇ ਉਨ੍ਹਾਂ ਨੂੰ ਤੋਹਫ਼ੇ ਵੀ ਦਿੱਤੇ। ਉਨ੍ਹਾਂ ਨੇ 90,000 ਲੋਕਾਂ ਦੀ ਸਮਰੱਥਾ ਵਾਲੇ ਇਸ ਸਟੇਡੀਅਮ ਦੀਆਂ ਪਿਛਲੀਆਂ ਕਤਾਰਾਂ ਵਿੱਚ ਬੈਠੇ ਲੋਕਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਪਿੱਛੇ ਬੈਠੇ ਲੋਕ ਵੀ ਉਨ੍ਹਾਂ ਨਾਲ ÷ਦਿਲ ਨਾਲ ਜੁੜੇ ਹੋਏ÷ ਹਨ ਅਤੇ ਉਨ੍ਹਾਂ ਲਈ ਤਾੜੀਆਂ ਵਜਵਾਈਆਂ। ਭਾਰਤ ਵਿੱਚ ਮੌਜੂਦ ਫੈਨਜ਼ ਲਈ ਵੀ ਇੱਕ ਰੋਮਾਂਚਕ ਖ਼ਬਰ ਸੀ, ਕਿਉਂਕਿ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਨਵੰਬਰ ਵਿੱਚ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਪਰਫਾਰਮ ਕਰਨਗੇ। ਕਾਨਸਰਟ ਸਮਾਪਤੀ ਰਾਤ ਦੇ ਸਭ ਤੋਂ ਭਾਵੁਕ ਪਲ ਨਾਲ ਹੋਈ, ਜਦੋਂ ਉਨ੍ਹਾਂ ਨੇ ਆਪਣਾ ਗਾਣਾ 'ਮੈਂ ਹੂੰ ਪੰਜਾਬ' ਗਾਇਆ – ਅਤੇ ਨਾਲ ਹੀ ਸ਼ਾਨਦਾਰ ਆਤਿਸ਼ਬਾਜ਼ੀ ਵੀ ਹੋਈ। ਕਾਨਸਰਟ ਵਿੱਚ ਸ਼ਾਮਿਲ ਅਮਿਤ ਅਤੇ ਰਾਣੀ ਨੇ ਬੀਬੀਸੀ ਨੂੰ ਦੱਸਿਆ, ਕੀ ਸ਼ਾਨਦਾਰ ਸ਼ੋਅ ਸੀ, ਐਨਰਜੀ ਅਤੇ ਵਾਈਬ ਬੇਮਿਸਾਲ ਸੀ! ਅਸੀਂ ਦਿਲਜੀਤ ਨੂੰ ਬਹੁਤ ਪਸੰਦ ਕਰਦੇ ਹਾਂ ਅਤੇ ਯੂਕੇ ਵਿੱਚ ਉਨ੍ਹਾਂ ਦੇ ਸਾਰੇ ਸ਼ੋਅਜ਼ ਵਿੱਚ ਗਏ ਹਾਂ। ਇਹ ਕੁਝ ਵੱਖਰਾ ਹੀ ਸੀ, ਇੱਕ ਅਜਿਹਾ ਪਲ ਜਿਸ ਦਾ ਹਿੱਸਾ ਬਣਨ ਦਾ ਅਹਿਸਾਸ ਅਸੀਂ ਕਦੇ ਨਹੀਂ ਭੁੱਲਾਂਗੇ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਸਨਮਾਨ ਦੀ ਗੱਲ ਸੀ ÷ਬਲਕਿ ਪੰਜਾਬੀ ਸੱਭਿਆਚਾਰ ਲਈ ਜਸ਼ਨ ਮਨਾਉਣ ਦਾ ਪਲ ਵੀ ਸੀ।

**ਦਿਲਜੀਤ ਦਾ ਸ਼ਾਨਦਾਰ ਸਫ਼ਰ**

ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਦੇ ਮੁੰਡੇ ਵਜੋਂ ਗਾਇਕੀ ਵਿੱਚ ਸਾਧਾਰਣ ਸ਼ੁਰੂਆਤ ਕਰਨ ਤੋਂ ਬਾਅਦ, ਉਨ੍ਹਾਂ ਨੇ 2023 ਵਿੱਚ ਇਤਿਹਾਸ ਰਚਿਆ ਅਤੇ ਅਮਰੀਕੀ ਮਿਊਜ਼ਿਕ ਫੈਸਟੀਵਲ 'ਕੋਚੇਲਾ' (Coachella) ਵਿੱਚ ਪਰਫਾਰਮ ਕਰਨ ਵਾਲੇ ਪਹਿਲੇ ਪੰਜਾਬੀ ਭਾਸ਼ਾ ਦੇ ਗਾਇਕ ਬਣੇ। ਉਨ੍ਹਾਂ ਨੇ ਸ਼ਾਨਦਾਰ ਪੰਜਾਬੀ ਲਿਬਾਸ ਪਹਿਨ ਕੇ ਮੈੱਟ ਗਾਲਾ (Met Gala) ਵਿੱਚ ਵੀ ਆਪਣੀ ਧਮਾਕੇਦਾਰ ਐਂਟਰੀ ਕੀਤੀ। ਉਨ੍ਹਾਂ ਦੀ ਲੋਕਪ੍ਰਿਯਤਾ ਤੇਜ਼ੀ ਨਾਲ ਵਧੀ ਹੈ। ਉਨ੍ਹਾਂ ਨੇ ਅਮਰੀਕਾ ਅਤੇ ਯੂਰਪ ਵਿੱਚ ਪਰਫਾਰਮ ਕੀਤਾ ਹੈ ਅਤੇ ਸੀਆ (Sia) ਤੋਂ ਲੈ ਕੇ ਸ਼ੀਰਨ (Sheeran) ਵਰਗੇ ਪੌਪ ਸਟਾਰਜ਼ ਤੱਕ ਨਾਲ ਕੰਮ ਕੀਤਾ ਹੈ। ਉਨ੍ਹਾਂ ਦਾ ਆਪਣੀ ਪਛਾਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਇੱਕ ਵੱਡਾ ਕਾਰਨ ਹੈ। ਉਹ ਆਪਣੀਆਂ ਪੰਜਾਬੀ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ, ਮਾਣ ਨਾਲ ਪੱਗ ਪਹਿਨਦੇ ਹਨ ਅਤੇ ਆਪਣੀ ਮਾਤ ਭਾਸ਼ਾ ਵਿੱਚ ਗਾਉਂਦੇ ਹਨ। ਮਿਊਜ਼ਿਕ ਤੋਂ ਇਲਾਵਾ, ਦੋਸਾਂਝ ਇੱਕ ਲੋਕਪ੍ਰਿਯ ਬਾਲੀਵੁੱਡ ਅਦਾਕਾਰ ਅਤੇ ਸੋਸ਼ਲ ਮੀਡੀਆ ਸੈਂਸੇਸ਼ਨ ਵੀ ਹਨ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦਾ ਮਿਊਜ਼ਿਕ ਨਹੀਂ ਸੁਣਿਆ, ਉਨ੍ਹਾਂ ਨੇ ਵੀ ਸ਼ਾਇਦ ਦਿਲਜੀਤ ਦੇ ਮਜ਼ੇਦਾਰ ਇੰਸਟਾਗ੍ਰਾਮ ਵੀਡੀਓ ਦੇਖੇ ਹੋਣਗੇ – ਜਿਵੇਂ ਕਿ ਐਮਾਜ਼ਾਨ ਐਲੇਕਸਾ ਡਿਵਾਈਸ ਨਾਲ ਉਨ੍ਹਾਂ ਦੀ ਬਹਿਸ, ਜੋ ਉਨ੍ਹਾਂ ਦੇ ਲਹਿਜ਼ੇ ਨੂੰ ਸਮਝ ਨਹੀਂ ਪਾ ਰਹੀ ਸੀ। ਹੁਣ ਉਨ੍ਹਾਂ ਨੇ ਉਸ ਸਟੇਜ 'ਤੇ ਪਰਫਾਰਮ ਕੀਤਾ ਹੈ, ਜਿੱਥੇ ਪਹਿਲਾਂ ਟੇਲਰ ਸਵਿਫ਼ਟ ਅਤੇ ਕੋਲਡਪਲੇ ਵਰਗੇ ਵੱਡੇ ਮਿਊਜ਼ਿਕ ਸਟਾਰ ਪਰਫਾਰਮ ਕਰ ਚੁੱਕੇ ਹਨ। ਦੋਸਾਂਝ ਅਤੇ ਦੁਨੀਆ ਭਰ ਵਿੱਚ ਉਨ੍ਹਾਂ ਦੇ ਲੱਖਾਂ ਫੈਨਜ਼ ਲਈ, ਇਸਦਾ ਮਤਲਬ ਹੈ ਕਿ ਪੰਜਾਬੀ ਮਿਊਜ਼ਿਕ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਜੋਸ਼ ਇੱਕ ਇਤਿਹਾਸਿਕ ਮੁਕਾਮ 'ਤੇ ਪਹੁੰਚ ਗਿਆ ਹੈ।



## 'ਇੱਕ ਪਿੰਡ ਤੋਂ ਇੱਥੋਂ ਤੱਕ ਦਾ ਸਫ਼ਰ - ਇਹ ਬਹੁਤ ਖ਼ਾਸ ਹੈ' - ਦਿਲਜੀਤ

ਆਪਣੇ ਸ਼ੋਅ ਤੋਂ ਪਹਿਲਾਂ ਬੀਬੀਸੀ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇੱਥੇ ਆ ਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗ ਰਿਹਾ ਹੈ ਅਤੇ ਉਹ ਸ਼ੁਕਰਗੁਜ਼ਾਰ ਹਨ। ਉਨ੍ਹਾਂ ਕਿਹਾ, ਜਦੋਂ ਅਸੀਂ ਇਹ ਵੈਨਿਊ ਬੁੱਕ ਕਰਨ ਜਾ ਰਹੇ ਸੀ ਤਾਂ ਸਭ ਨੇ ਕਿਹਾ, 'ਬੁੱਕ ਕਰਨ ਤੋਂ ਪਹਿਲਾਂ ਦੁਬਾਰਾ ਸੋਚ ਲਓ, ਇਹ ਬਹੁਤ ਵੱਡਾ ਸਟੇਡੀਅਮ ਹੈ'। ਮੈਂ ਕਿਹਾ: 'ਜੋ ਹੋਵੇਗਾ ਦੇਖਿਆ ਜਾਵੇਗਾ। ਮੈਂ ਚਾਹੁੰਦਾ ਹਾਂ ਕਿ ਸਾਡੇ ਲੋਕ ਖੁਸ਼ ਹੋਣ ਅਤੇ ਕਹਿ ਸਕਣ ਕਿ ਹਾਂ, ਅਸੀਂ ਵੀ ਅਜਿਹਾ ਕਰ ਸਕਦੇ ਹਾਂ'! ਦਿਲਜੀਤ ਨੇ ਉਨ੍ਹਾਂ ਕਈ ਕਲਾਕਾਰਾਂ ਬਾਰੇ ਗੱਲ ਕੀਤੀ, ਜਿਨ੍ਹਾਂ ਨੇ ਉਨ੍ਹਾਂ ਤੋਂ ਪਹਿਲਾਂ ਉੱਥੇ ਪਰਫਾਰਮ ਕੀਤਾ ਸੀ ਅਤੇ ਕਿਹਾ ਕਿ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ÷ਬਹੁਤ, ਬਹੁਤ ਮਾਅਨੇ ਰੱਖਦਾ ਹੈ। ਉਨ੍ਹਾਂ ਕਿਹਾ, ÷ਹੈਰੀ ਸਟਾਈਲਜ਼ ਵਰਗੇ ਕਿਸੇ ਵਿਅਕਤੀ ਲਈ ਸ਼ਾਇਦ ਇਸਦੀ ਓਨੀ ਅਹਿਮੀਅਤ ਨਾ ਹੋਵੇ, ਜਿੰਨੀ ਸਾਡੇ ਲਈ ਹੈ। ਉਨ੍ਹਾਂ ਨੇ ਅਜਿਹੇ ਮੰਚਾਂ 'ਤੇ ਪਰਫਾਰਮ ਕੀਤਾ ਹੈ, ਪਰ ਸਾਡੇ ਲਈ ਇਹ ਬਹੁਤ ਖ਼ਾਸ ਹੈ। ਇੱਕ ਪਿੰਡ ਤੋਂ ਇੱਥੋਂ ਤੱਕ ਦਾ ਸਫ਼ਰ – ਇਹ ਬਹੁਤ ਖ਼ਾਸ ਹੈ। ਮੈਨੂੰ ਚੰਗਾ ਲੱਗ ਰਿਹਾ ਹੈ। ਮੈਂ ਖੁਸ਼ ਹਾਂ। ਅਤੇ ਮੈਨੂੰ ਆਪਣੇ ਲੋਕਾਂ ਲਈ ਚੰਗਾ ਲੱਗ ਰਿਹਾ ਹੈ। ਮੈਨੂੰ ਆਉਣ ਵਾਲੀ ਪੀੜ੍ਹੀ ਲਈ ਚੰਗਾ ਲੱਗ ਰਿਹਾ ਹੈ।" ਅਤੇ ਫਿਰ ਉਨ੍ਹਾਂ ਨੇ ਆਪਣੀ ਗੱਲ ਆਪਣੇ ਉਸੇ ਖਾਸ ਅੰਦਾਜ਼ ਵਿੱਚ ਖਤਮ ਕੀਤੀ...÷ਅਸੀਂ ਇੱਥੇ ਹਾਂ। ਪੰਜਾਬੀ ਆ ਗਏ ਓਏ!

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 371
Website: www.preetnama.com Email preetnamausa@gmail.com
18 SEPT TO 24 SEPT, 2026

# ਪੁਤਿਨ ਸਮਾਰਟਫੋਨ ਨਹੀਂ ਵਰਤਦੇ, ਉਨ੍ਹਾਂ ਦਾ ਖਾਣਾ ਤੇ ਸ਼ਰਾਬ ਕੌਣ ਚੈਕ ਕਰਦਾ ਹੈ, ਕਿਹੜੀ ਫੋਰਸ ਪੁਤਿਨ ਦੀ ਰੱਖਿਆ ਕਰਦੀ ਹੈ



## ਪੁਤਿਨ ਦੇ ਹਰ ਕਦਮ ’ਤੇ ਸੈਂਕੜੇ ਬਾਡੀਗਾਰਡ

ਵਲਾਦੀਮੀਰ ਪੁਤਿਨ ਸਾਲ 2000 ਤੋਂ ਸੱਤਾ ਵਿੱਚ ਹਨ। ਸੋਵੀਅਤ ਤਾਨਾਸ਼ਾਹ ਜੋਸੇਫ਼ ਸਟਾਲਿਨ ਤੋਂ ਬਾਅਦ ਕ੍ਰੈਮਲਿਨ ਦੇ ਕਿਸੇ ਵੀ ਨੇਤਾ ਦੇ ਮੁਕਾਬਲੇ ਉਨ੍ਹਾਂ ਦਾ ਕਾਰਜਕਾਲ ਸਭ ਤੋਂ ਲੰਬਾ ਰਿਹਾ ਹੈ।ਤਕਰੀਬਨ 73 ਸਾਲ ਦੀ ਉਮਰ ਵਿੱਚ ਉਹ ਰਾਸ਼ਟਰਪਤੀ ਵਜੋਂ ਆਪਣੇ ਪੰਜਵੇਂ ਕਾਰਜਕਾਲ ਵਿੱਚ ਹਨ। ਉਨ੍ਹਾਂ ਦੇ ਸ਼ਾਸਨ ਦਾ ਵਿਰੋਧ ਕਰਨ ਵਾਲੀ ਕੋਈ ਵੀ ਤਾਕਤ ਹੁਣ ਨਹੀਂ ਬਚੀ ਹੈ ਅਤੇ ਜੇ ਉਹ ਚਾਹੁਣ, ਤਾਂ 2036 ਤੱਕ ਸੱਤਾ ਵਿੱਚ ਬਣੇ ਰਹਿਣ ਤੋਂ ਉਨ੍ਹਾਂ ਨੂੰ ਸ਼ਾਇਦ ਹੀ ਕੋਈ ਰੋਕ ਸਕੇਗਾ। ਪੁਤਿਨ ਦੀ ਸੁਰੱਖਿਆ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਹਰ ਕਦਮ ’ਤੇ ਸੈਂਕੜੇ ਬਾਡੀਗਾਰਡ ਬਾਰੀਕੀ ਨਾਲ ਨਜ਼ਰ ਰੱਖਦੇ ਹਨ, ਜੋ 24 ਘੰਟੇ ਉਨ੍ਹਾਂ ਦੇ ਨਾਲ ਰਹਿੰਦੇ ਹਨ। ਬੀਬੀਸੀ ਨਿਊਜ਼ ਦੀ ਇੱਕ ਰਿਪੋਰਟ ਮੁਤਾਬਕ, ਪੁਤਿਨ ਦਾ ਖਾਣਾ ਚੁੱਪ-ਚਾਪ ਤਿਆਰ ਕੀਤਾ ਜਾਂਦਾ ਹੈ ਅਤੇ ਉਹ ਜੋ ਕੁਝ ਵੀ ਪੀਂਦੇ ਹਨ, ਉਸ ਨੂੰ ਪਹਿਲਾਂ ਉਨ੍ਹਾਂ ਦੇ ਸਭ ਤੋਂ ਨੇੜਲੇ ਸਲਾਹਕਾਰ ਜਾਂਚਦੇ ਹਨ। ਕੇਜੀਬੀ ਦੇ ਸਾਬਕਾ ਅਧਿਕਾਰੀ ਪੁਤਿਨ ਦੇ ਆਲੇ-ਦੁਆਲੇ ਮੌਜੂਦ ਖ਼ਤਰਿਆਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ 18ਵੇਂ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਭਾਰਤ ਆ ਰਹੇ ਹਨ। 12 ਤੋਂ 13 ਸਤੰਬਰ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਹੋਣ ਜਾ ਰਹੇ ਇਸ ਸੰਮੇਲਨ ਤੋਂ ਪਹਿਲਾਂ ਹੀ ਉਹ ਭਾਰਤ ਪਹੁੰਚ ਰਹੇ ਹਨ। ਪੁਤਿਨ ਬੀਤੇ ਸਾਲ ਦਸੰਬਰ ਵਿੱਚ ਪੂਰੇ ਚਾਰ ਸਾਲ ਬਾਅਦ ਦੁਵੱਲੇ ਸੰਮੇਲਨ ਲਈ ਭਾਰਤ ਆਏ ਸਨ। ਕ੍ਰੈਮਲਿਨ ਦੇ ਬੁਲਾਰੇ ਦਿਮਿਤਰੀ ਪੇਸਕੋਵ ਨੇ ਮੰਗਲਵਾਰ ਨੂੰ ਦੱਸਿਆ ਕਿ ਇਸ ਯਾਤਰਾ ਦੌਰਾਨ ਰੂਸੀ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਿਚਕਾਰ ਇੱਕ ਹੋਰ ਦੁਵੱਲੀ ਬੈਠਕ ਦੀ ਉਮੀਦ ਹੈ ਅਤੇ ਇਹ ਬੈਠਕ ਸ਼ੁੱਕਰਵਾਰ (11 ਸਤੰਬਰ) ਨੂੰ ਹੋਣੀ ਹੈ। ਪੇਸਕੋਵ ਨੇ ਦੱਸਿਆ ਕਿ ਹਮੇਸ਼ਾ ਵਾਂਗ, ਦੋਵੇਂ ਦੇਸ਼ ਦੁਵੱਲੇ ਏਜੰਡੇ ’ਤੇ ਚਰਚਾ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ, ÷ਕਈ ਮੁੱਦਿਆਂ ’ਤੇ ਜਨਤਕ ਤੌਰ ’ਤੇ ਚਰਚਾ ਨਹੀਂ ਕੀਤੀ ਜਾ ਸਕਦੀ, ਕਿਉਂਕਿ ਕੁਝ ਅਜਿਹੇ ਦੇਸ਼ ਹਨ ਜੋ ਸਾਡੇ ਸਹਿਯੋਗ ਨੂੰ ਹੋਰ ਅੱਗੇ ਵਧਾਉਣ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਈ, ਇਨ੍ਹਾਂ ’ਤੇ ਗੁਪਤ ਤਰੀਕੇ ਨਾਲ, ਪਰ ਬਹੁਤ ਹੀ ਰਚਨਾਤਮਕ ਢੰਗ ਨਾਲ ਚਰਚਾ ਕੀਤੀ ਜਾ ਰਹੀ ਹੈ।÷ਹਾਲਾਂਕਿ ਇਨ੍ਹਾਂ ਸਭ ਦੇ ਵਿਚਕਾਰ ਰਾਸ਼ਟਰਪਤੀ ਪੁਤਿਨ ਦੀ ਸੁਰੱਖਿਆ ਦੀ ਹਮੇਸ਼ਾ ਚਰਚਾ ਰਹਿੰਦੀ ਹੈ। ਹੁਣ ਜਾਣਦੇ ਹਾਂ ਕਿ ਪੁਤਿਨ ਕਿਵੇਂ ਇੱਕ ਸਖ਼ਤ ਸੁਰੱਖਿਆ ਘੇਰੇ ਵਿੱਚ ਰਹਿੰਦੇ ਹਨ। ਹੇਠਾਂ ਦਿੱਤੀ ਜਾਣਕਾਰੀ ਬੀਬੀਸੀ ਹਿੰਦੀ ’ਤੇ 23 ਮਾਰਚ 2022 ਨੂੰ ਛਪੇ ਫ਼ਰਨਾਂਡਾ ਪੌਲ ਦੇ ਲੇਖ ’ਤੇ ਆਧਾਰਿਤ ਹੈ।

**ਰਾਸ਼ਟਰਪਤੀ ਦੀ ’ਨਿੱਜੀ ਫ਼ੌਜ’**

’ਰੂਸੀ ਰਾਸ਼ਟਰਪਤੀ ਸੁਰੱਖਿਆ ਸੇਵਾ’ ਜਾਂ ਐੱਸਬੀਪੀ ਨੂੰ ’ਰੂਸੀ ਨੈਸ਼ਨਲ ਗਾਰਡ’ ਜਾਂ ਰੋਸਗਵਾਰਦੀਆ ਦਾ ਸਮਰਥਨ ਪ੍ਰਾਪਤ ਹੈ। ਕੁਝ ਲੋਕ ਇਸ ਨੂੰ ਰਾਸ਼ਟਰਪਤੀ ਦੀ ਵਿਅਕਤੀਗਤ ਫ਼ੌਜ ਦੱਸਦੇ ਹਨ। ਇਹ ਰੂਸੀ ਹਥਿਆਰਬੰਦ ਬਲਾਂ ਤੋਂ ਵੱਖਰੀ ਹੈ, ਹਾਲਾਂਕਿ ਇਸ ਦਾ ਅਧਿਕਾਰਤ ਮਿਸ਼ਨ ਰੂਸੀ ਸਰਹੱਦਾਂ ਦੀ ਸੁਰੱਖਿਆ ਕਰਨਾ, ਅੱਤਵਾਦ ਨਾਲ ਲੜਨਾ ਅਤੇ ਜਨਤਕ ਕਾਨੂੰਨ-ਵਿਵਸਥਾ ਦੀ ਰੱਖਿਆ ਕਰਨਾ ਹੈ। ਵਿਹਾਰਕ ਤੌਰ ’ਤੇ ਇਸ ਦਾ ਸਭ ਤੋਂ ਮਹੱਤਵਪੂਰਨ ਕੰਮ ਖ਼ਤਰਿਆਂ ਤੋਂ ਪੁਤਿਨ ਦੀ ਰੱਖਿਆ ਕਰਨਾ ਹੈ। ਬ੍ਰਿਟੇਨ ਦੀ ਬਾਥ ਯੂਨੀਵਰਸਿਟੀ ਵਿੱਚ ਰੂਸ ਦੇ ਅਕਾਦਮਿਕ ਮਾਹਰ ਸਟੀਫ਼ਨ ਹਾਲ ਨੇ ਬੀਬੀਸੀ ਮੁੰਡੋ ਨੂੰ ਦੱਸਿਆ, ÷ਹਰ ਕੋਈ ਜਾਣਦਾ ਹੈ ਕਿ ਰੂਸੀ ਨੈਸ਼ਨਲ ਗਾਰਡ ਕਾਫ਼ੀ ਹੱਦ ਤੱਕ ਪੁਤਿਨ ਦੇ ਨਿੱਜੀ ਗਾਰਡ ਹਨ। ਅਤੇ ਰਾਸ਼ਟਰਪਤੀ ਆਪਣੀਆਂ ਬਾਕੀ ਸੁਰੱਖਿਆ ਸੇਵਾਵਾਂ ਦੇ ਘੇਰੇ ਵਿੱਚ ਬਹੁਤ ਸੁਰੱਖਿਅਤ ਹਨ। ਮੌਜੂਦਾ ਸਮੇਂ ਵਿੱਚ ਨੈਸ਼ਨਲ ਗਾਰਡ ਦੀ ਅਗਵਾਈ ਪੁਤਿਨ ਦੇ ਸਾਬਕਾ ਬਾਡੀਗਾਰਡ ਵਿਕਟਰ ਜ਼ੋਲੋਤੋਵ ਕਰ ਰਹੇ ਹਨ। ਉਹ ਰਾਸ਼ਟਰਪਤੀ ਦੇ ਵਫ਼ਾਦਾਰ ਸਹਿਯੋਗੀ ਮੰਨੇ ਜਾਂਦੇ ਹਨ। ਹਾਲ ਹੀ ਦੇ ਸਾਲਾਂ ਵਿੱਚ ਇਸ ਸੁਰੱਖਿਆ ਬਲ ਵਿੱਚ ਸੈਨਿਕਾਂ ਦੀ ਗਿਣਤੀ ਵਿੱਚ ਲਗਭਗ ਚਾਰ ਲੱਖ ਦਾ ਵਾਧਾ ਕੀਤਾ ਗਿਆ ਹੈ। ਹਾਲ ਕਹਿੰਦੇ ਹਨ, ÷ਇਹ ਇੱਕ ਵੱਡੀ ਗਿਣਤੀ ਹੈ, ਅਮਰੀਕਾ ਦੇ ਰਾਸ਼ਟਰਪਤੀ ਦੀ ਸੁਰੱਖਿਆ ਇਕਾਈ ਵਿੱਚ ਗਾਰਡਾਂ ਦੀ ਗਿਣਤੀ ਇਨ੍ਹਾਂ ਅੰਕੜਿਆਂ ਦੇ ਆਸ-ਪਾਸ ਵੀ ਨਹੀਂ ਹੈ।

**ਪੁਤਿਨ ਦੀ ਸੁਰੱਖਿਆ ਕਿਸ ਤਰ੍ਹਾਂ ਕਰਦੇ ਹਨ ?**

ਇਹ ਜਾਣਨਾ ਮੁਸ਼ਕਲ ਹੈ ਕਿ ਪੁਤਿਨ ਦੀ ਰੱਖਿਆ ਲਈ ਕਿਹੜੇ-ਕਿਹੜੇ ਉਪਾਅ ਕਿਸ ਹੱਦ ਤੱਕ ਵਰਤੇ ਜਾਂਦੇ ਹਨ, ਪਰ ਕ੍ਰੈਮਲਿਨ ਅਤੇ ਰੂਸੀ ਸੁਰੱਖਿਆ ਮਾਹਰਾਂ ਨੇ ਇਸ ਮਾਮਲੇ ’ਤੇ ਕੁਝ ਰੌਸ਼ਨੀ ਪਾਈ ਹੈ। ਜਿਸ ਚੀਜ਼ ਨੂੰ ਲੈ ਕੇ ਪੁਤਿਨ ਦਾ ਸੁਰੱਖਿਆ ਘੇਰਾ ਸਭ ਤੋਂ ਜ਼ਿਆਦਾ ਸਖ਼ਤ ਹੈ, ਉਹ ਹੈ ਉਨ੍ਹਾਂ ਦਾ ਖਾਣਾ। ਮਾਰਕ ਗੈਲੋਤੀ ਮੁਤਾਬਕ, ਜ਼ਹਿਰ ਦੇ ਡਰ ਕਾਰਨ ਪੁਤਿਨ ਕੋਲ ਇੱਕ ਨਿੱਜੀ ਟੇਸਟਰ ਹੈ, ਜੋ ਰਾਸ਼ਟਰਪਤੀ ਕੋਲ ਆਉਣ ਵਾਲੀ ਖਾਣ-ਪੀਣ ਦੀ ਹਰ ਚੀਜ਼ ਦੀ ਜਾਂਚ ਕਰਦਾ ਹੈ। ਉਨ੍ਹਾਂ ਨੇ ਬੀਬੀਸੀ ਮੁੰਡੋ ਨੂੰ ਦੱਸਿਆ ਸੀ, ÷ਇਹ ਇੱਕ ਅਜਿਹੀ ਸ਼ੈਲੀ ਦਾ ਹਿੱਸਾ ਹੈ, ਜੋ ਇੱਕ ਆਧੁਨਿਕ ਰਾਸ਼ਟਰਪਤੀ ਦੀ ਬਜਾਏ ਮੱਧਯੁਗੀ ਸਮਰਾਟ ਵਰਗੀ ਹੈ।÷ ਇਸ ਦੇ ਨਾਲ ਹੀ, ਜਦੋਂ ਉਹ ਰੂਸ ਤੋਂ ਬਾਹਰ ਯਾਤਰਾ ਕਰਦੇ ਹਨ ਤਾਂ ਰਾਸ਼ਟਰਪਤੀ ਦੀ ਟੀਮ ਉਨ੍ਹਾਂ ਵੱਲੋਂ ਵਰਤੀ ਜਾਣ ਵਾਲੀ ਹਰ ਚੀਜ਼ ਦੀ ਜਾਂਚ ਕਰਦੀ ਹੈ। ਗੈਲੋਤੀ ਦੱਸਦੇ ਹਨ, ਉਹ ਖਾਣ-ਪੀਣ ਦੀਆਂ ਉਹ ਸਾਰੀਆਂ ਚੀਜ਼ਾਂ ਲੈ ਕੇ ਜਾਂਦੇ ਹਨ, ਜੋ ਪੁਤਿਨ ਨੇ ਖਾਣੀਆਂ ਹੁੰਦੀਆਂ ਹਨ। ਉਦਾਹਰਨ ਲਈ, ਜੇ ਕੋਈ ਅਧਿਕਾਰਤ ਸ਼ੈਂਪੇਨ ਟੋਸਟ ਹੈ ਤਾਂ ਪੁਤਿਨ ਉਸ ਬੋਤਲ ਤੋਂ ਸ਼ੈਂਪੇਨ ਲੈਂਦੇ ਹਨ, ਜੋ ਉਨ੍ਹਾਂ ਦੀ ਟੀਮ ਉਨ੍ਹਾਂ ਲਈ ਲੈ ਕੇ ਆਉਂਦੀ ਹੈ। ਬਾਕੀ ਬੋਤਲਾਂ ਤੋਂ ਨਹੀਂ।

**ਸਮਾਰਟਫ਼ੋਨ ਦੀ ਵਰਤੋਂ ਨਹੀਂ**

ਇੱਕ ਹੋਰ ਉਪਾਅ ਜਿਸ ਨੂੰ ਪੁਤਿਨ ਦੀ ਸੁਰੱਖਿਆ ਲਈ ਅਹਿਮ ਮੰਨਿਆ ਜਾਂਦਾ ਹੈ, ਉਹ ਹੈ ਕ੍ਰੈਮਲਿਨ ਦੇ ਅੰਦਰ ਸਮਾਰਟਫ਼ੋਨ ਨੂੰ ਬਲਾਕ ਕਰਨਾ। ਰੂਸੀ ਰਾਸ਼ਟਰਪਤੀ ਨੇ ਖ਼ੁਦ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਨ੍ਹਾਂ ਉਪਕਰਨਾਂ ਦੀ ਵਰਤੋਂ ਨਹੀਂ ਕਰਦੇ। 2020 ਵਿੱਚ, ਰੂਸੀ ਸਮਾਚਾਰ ਏਜੰਸੀ ਤਾਸ ਨਾਲ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਇਸ ਗੱਲ ਨੂੰ ਸਵੀਕਾਰ ਕੀਤਾ। ਇਹ ਵੀ ਦੱਸਿਆ ਕਿ ਜੇ ਉਹ ਕਿਸੇ ਨਾਲ ਸੰਪਰਕ ਕਰਨਾ ਚਾਹੁੰਦੇ ਹਨ ਤਾਂ ਅਜਿਹਾ ਕਰਨ ਲਈ ਇੱਕ ਅਧਿਕਾਰਤ ਲਾਈਨ ਹੁੰਦੀ ਹੈ। ਉਨ੍ਹਾਂ ਦੇ ਸਲਾਹਕਾਰਾਂ ਨੇ ਵੀ ਇਹ ਮੰਨਿਆ ਹੈ। ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਵਾਰ-ਵਾਰ ਕਿਹਾ ਹੈ ਕਿ ਪੁਤਿਨ ਮੋਬਾਈਲ ਫ਼ੋਨ ਦੀ ਵਰਤੋਂ ਨਹੀਂ ਕਰਦੇ ਕਿਉਂਕਿ ਉਨ੍ਹਾਂ ਕੋਲ ਸਮਾਂ ਨਹੀਂ ਹੁੰਦਾ। ਪਰ ਸੱਚਾਈ ਇਹ ਹੈ ਕਿ ਪੁਤਿਨ ਅਜਿਹਾ ਇਸ ਲਈ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਇੰਟਰਨੈੱਟ ’ਤੇ ਰੱਤੀ ਭਰ ਵੀ ਭਰੋਸਾ ਨਹੀਂ ਹੈ। ਅਤੀਤ ਵਿੱਚ, ਉਨ੍ਹਾਂ ਨੇ ਇਸ਼ਾਰਿਆਂ ਵਿੱਚ ਕਿਹਾ ਸੀ ਕਿ ਇੰਟਰਨੈੱਟ ਇੱਕ ÷ਸੀਆਈਏ ਭਾਵ ਅਮਰੀਕੀ ਖ਼ੁਫ਼ੀਆ ਏਜੰਸੀ ਦਾ ਪ੍ਰੋਜੈਕਟ÷ ਹੈ ਅਤੇ ਰੂਸੀਆਂ ਨੂੰ ਅਪੀਲ ਕੀਤੀ ਸੀ ਕਿ ਗੂਗਲ ਸਰਚ ਦੀ ਵਰਤੋਂ ਨਾ ਕਰਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਸਾਰੀਆਂ ਸੂਚਨਾਵਾਂ ਦੀ ਨਿਗਰਾਨੀ ਕਰਦੇ ਹਨ। ਗੈਲੋਤੀ ਕਹਿੰਦੇ ਹਨ,ਪੁਤਿਨ ਸ਼ਾਇਦ ਹੀ ਇੰਟਰਨੈੱਟ ਦੀ ਵਰਤੋਂ ਕਰਦੇ ਹਨ, ਇਹ ਗੱਲ ਤਾਂ ਸਾਰੇ ਜਾਣਦੇ ਹਨ ਕਿ ਉਨ੍ਹਾਂ ਨੂੰ ਫ਼ੋਨ ਪਸੰਦ ਨਹੀਂ ਹਨ। ਅਤੇ ਇਹ ਠੀਕ ਹੈ। ਉਹ ਸੁਰੱਖਿਆ ਦੇ ਲਿਹਾਜ਼ ਨਾਲ ਇਮਾਨਦਾਰ ਹਨ। ਪੁਤਿਨ ਬਿਲਕੁਲ ਸਹੀ ਹਨ। ਸਮਾਰਟਫ਼ੋਨ ਬਹੁਤ ਸੁਰੱਖਿਅਤ ਨਹੀਂ ਹਨ। ਜਾਣਕਾਰ ਦੱਸਦੇ ਹਨ ਕਿ ਪੁਤਿਨ ਨੂੰ ਕਾਗ਼ਜ਼ੀ ਫ਼ਾਈਲਾਂ ਰਾਹੀਂ ਸੂਚਿਤ ਕੀਤਾ ਜਾਂਦਾ ਹੈ, ਜੋ ਉਨ੍ਹਾਂ ਦੇ ਸਲਾਹਕਾਰ ਉਨ੍ਹਾਂ ਨੂੰ ਦਿੰਦੇ ਹਨ। ਹਾਲ ਕਹਿੰਦੇ ਹਨ, ਪੁਤਿਨ ਆਪਣੇ ਦਿਨ ਦੀ ਸ਼ੁਰੂਆਤ ਤਿੰਨ ਸੁਰੱਖਿਆ ਬ੍ਰੀਫ਼ ?ਗਾਂ ਨਾਲ ਕਰਦੇ ਹਨ। ਇੱਕ ਜੋ ਪੂਰੀ ਦੁਨੀਆ ਨਾਲ ਸਬੰਧਤ ਹੈ। ਇੱਕ ਉਸ ਬਾਰੇ ਜੋ ਰੂਸ ਵਿੱਚ ਚੱਲ ਰਿਹਾ ਹੈ ਅਤੇ ਤੀਜੀ ਉਹ ਜੋ ਕੁਲੀਨ ਵਰਗ ਵਿੱਚ ਚੱਲ ਰਿਹਾ ਹੈ। ਉਨ੍ਹਾਂ ਲਈ, ਇਹ ਸਭ ਤੋਂ ਮਹੱਤਵਪੂਰਨ ਜਾਣਕਾਰੀ ਹੈ ਅਤੇ ਇਹ ਉਨ੍ਹਾਂ ਦੇ ਦਿਨ ਦਾ ਏਜੰਡਾ ਤੈਅ ਕਰਦੀ ਹੈ। ਉਹ ਦੱਸਦੇ ਹਨ, ਮੈਨੂੰ ਯਾਦ ਹੈ ਕਿ ਮੈਂ ਡਿਪਲੋਮੈਟਾਂ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਸੀ। ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਜੇ ਉਨ੍ਹਾਂ ਕੋਲ ਅਜਿਹੀ ਜਾਣਕਾਰੀ ਹੈ ਜੋ ਉਨ੍ਹਾਂ ਦੀਆਂ ਖ਼ੁਫ਼ੀਆ ਸੇਵਾਵਾਂ ਨੂੰ ਸਹੀ ਨਹੀਂ ਲੱਗਦੀ ਤਾਂ ਪੁਤਿਨ ਇਹ ਮੰਨ ਲੈਂਦੇ ਹਨ ਕਿ ਉਨ੍ਹਾਂ ਦੇ ਜਾਸੂਸ ਸਹੀ ਹਨ ਅਤੇ ਡਿਪਲੋਮੈਟ ਗ਼ਲਤ ਹਨ।

## ਕੌਣ ਕਰਦਾ ਹੈ ਪੁਤਿਨ ਦੀ ਰੱਖਿਆ

ਰੂਸ ਦੀਆਂ ਕਈ ਸੁਰੱਖਿਆ ਸੇਵਾਵਾਂ ਵਿੱਚੋਂ ਇੱਕ ਖ਼ਾਸ ਤੌਰ ’ਤੇ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਲਈ ਸਮਰਪਿਤ ਹੈ। ਇਸ ਨੂੰ ’ਰੂਸੀ ਰਾਸ਼ਟਰਪਤੀ ਸੁਰੱਖਿਆ ਸੇਵਾ’ ਜਾਂ ਐੱਸਬੀਪੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਹ ਰੂਸ ਦੀ ਸੰਘੀ ਸੁਰੱਖਿਆ ਸੇਵਾ (ਐੱਫ਼ਐੱਸਓ) ਨੂੰ ਰਿਪੋਰਟ ਕਰਦੀ ਹੈ, ਜਿਸ ਦਾ ਗਠਨ ਰੂਸ ਦੀ ਖ਼ੁਫ਼ੀਆ ਏਜੰਸੀ ਕੇਜੀਬੀ ਤੋਂ ਹੋਇਆ ਹੈ। ਕਾਲੇ ਸੂਟ ਪਹਿਨੇ, ਕੰਨਾਂ ਵਿੱਚ ਇਅਰਫ਼ੋਨ ਲਗਾਏ ਐੱਸਬੀਪੀ ਦੇ ਗਾਰਡ ਪਰਛਾਵੇਂ ਵਾਂਗ ਦਿਨ-ਰਾਤ ਪੁਤਿਨ ਦੇ ਨਾਲ ਰਹਿੰਦੇ ਹਨ।

ਰੂਸ ਦੀ ਸਰਕਾਰੀ ਮਾਲਕੀਅਤ ਵਾਲੀ ਮੀਡੀਆ ਰਸ਼ੀਆ ਬਿਯੌਂਡ ਮੁਤਾਬਕ, ਜਦੋਂ ਇਹ ਏਜੰਟ ਵਿਦੇਸ਼ ਵਿੱਚ ਗਤੀਵਿਧੀਆਂ ਦੌਰਾਨ ਪੁਤਿਨ ਦੇ ਨਾਲ ਜਾਂਦੇ ਹਨ, ਤਾਂ ਉਹ ਖ਼ੁਦ ਨੂੰ ਚਾਰ ਘੇਰਿਆਂ ਵਿੱਚ ਵੰਡ ਲੈਂਦੇ ਹਨ। ਉਨ੍ਹਾਂ ਦਾ ਪਹਿਲਾ ਅਤੇ ਸਭ ਤੋਂ ਨੇੜਲਾ ਘੇਰਾ ਉਨ੍ਹਾਂ ਦੇ ਆਪਣੇ ਨਿੱਜੀ ਗਾਰਡਾਂ ਦਾ ਹੁੰਦਾ ਹੈ। ਦੂਜਾ ਘੇਰਾ ਉਨ੍ਹਾਂ ਗਾਰਡਾਂ ਤੋਂ ਬਣਾਇਆ ਜਾਂਦਾ ਹੈ, ਜਿਨ੍ਹਾਂ ’ਤੇ ਜਨਤਾ ਦਾ ਧਿਆਨ ਨਹੀਂ ਜਾਂਦਾ। ਤੀਜਾ ਘੇਰਾ ਲੋਕਾਂ ਦੇ ਇਕੱਠਾ ਨੂੰ ਘੇਰਦਾ ਹੈ ਅਤੇ ਇਸ ਵਿੱਚ ਸ਼ੱਕੀ ਲੋਕਾਂ ਨੂੰ ਆਉਣ ਤੋਂ ਰੋਕਿਆ ਜਾਂਦਾ ਹੈ। ਅਤੇ ਚੌਥਾ ਅਤੇ ਸਭ ਤੋਂ ਆਖ਼ਰੀ ਘੇਰਾ, ਆਲੇ-ਦੁਆਲੇ ਦੀਆਂ ਇਮਾਰਤਾਂ ਦੀਆਂ ਛੱਤਾਂ ’ਤੇ ਮੌਜੂਦ ਸਨਾਈਪਰਾਂ ਦਾ ਹੁੰਦਾ ਹੈ। ਮਾਰਕ ਗੈਲਿਤੋ ਰੂਸੀ ਸੁਰੱਖਿਆ ਦੇ ਮਾਹਰ ਅਤੇ ਦੇਸ਼ ਵਿੱਚ ਸੁਰੱਖਿਆ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਕੰਸਲਟਿੰਗ ਫ਼ਰਮ, ਮਾਯਾਕ ਇੰਟੈਲੀਜੈਂਸ ਦੇ ਨਿਰਦੇਸ਼ਕ ਹਨ। ਉਨ੍ਹਾਂ ਨੇ ਬੀਬੀਸੀ ਮੁੰਡੋ ਸਰਵਿਸ ਨਾਲ ਗੱਲ ਕਰਦਿਆਂ ਕਿਹਾ ਸੀ, ÷ਪੁਤਿਨ ਨੂੰ ਹੈਲੀਕਾਪਟਰ ਪਸੰਦ ਨਹੀਂ ਹੈ, ਉਹ ਆਮ ਤੌਰ ’ਤੇ ਮੋਟਰਸਾਈਕਲ ਸਵਾਰਾਂ, ਕਈ ਵੱਡੀਆਂ ਕਾਲੀਆਂ ਕਾਰਾਂ ਆਦਿ ਦੇ ਨਾਲ ਇੱਕ ਵੱਡੇ ਕਾਫ਼ਲੇ ਵਿੱਚ ਯਾਤਰਾ ਕਰਦੇ ਹਨ। ਇਸ ਲਈ ਕਈ ਵਾਰ ਹਵਾਈ ਖੇਤਰ ਵਿੱਚ ਕੋਈ ਵੀ ਡਰੋਨ ਉਡਾਉਣ ’ਤੇ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਆਵਾਜਾਈ ਰੋਕ ਦਿੱਤੀ ਜਾਂਦੀ ਹੈ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 369 | Website: www.preetnama.com Email preetnamausa@gmail.com | 18 SEPT TO 24 SEPT, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026


## International Festival of Bliss Celebrated in Floral Park with Music, Culture, Spirituality and Community Connection



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371 | Website: www.preetnama.com Email preetnamausa@gmail.com | 18 SEPT TO 24 SEPT, 2026


# International Festival of Bliss Celebrated in Floral Park with Music, Culture, Spirituality and Community Connection








Floral Park, New York — The Ananda Marga New York Sector successfully hosted its International Festival of Bliss on Saturday, September 12, 2026, at the P.S. 115Q – James J. Ambrose School Auditorium in Floral Park, New York. The vibrant cultural and spiritual evening brought together members of the community and guests for an inspiring celebration centered around spiritual inspiration, devotional music, cultural performances, community connection, inner peace and bliss. The program began with Prasadam Dinner, followed by an engaging Cultural Program featuring music, dance and cultural presentations. The event provided an opportunity for attendees to come together, celebrate diversity and experience an atmosphere of harmony and positivity. A special attraction of the evening was the presence of actress and model Smaira Sandhu, who attended the Festival of Bliss and joined the community in celebrating the occasion. Her presence added to the glamour and excitement of the cultural gathering. The event reflected Ananda Marga's emphasis on bringing people together through spirituality, music, culture and community activities, creating an environment where people from diverse backgrounds could connect and celebrate together. The organizers expressed their appreciation to all performers, volunteers, guests, supporters and community members whose participation contributed to the successful program. The evening concluded on a warm and positive note, leaving attendees with a message of peace, unity, cultural appreciation and inner bliss.

**Media Contact: Preetnama International Media NY**









# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026


# International Festival of Bliss Celebrated in Floral Park with Music, Culture, Spirituality and Community Connection











# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026


## International Festival of Bliss Celebrated in Floral Park with Music, Culture, Spirituality and Community Connection















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371 | Website: www.preetnama.com Email preetnamausa@gmail.com | 18 SEPT TO 24 SEPT, 2026


# International Festival of Bliss Celebrated in Floral Park with Music, Culture, Spirituality and Community Connection



















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026




ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਕਦੋਂ ਖ਼ਤਮ ਹੋਵੇਗੀ ਸਿਆਸੀ ਏਕਾਧਿਕਾਰ, ਸਰਵਉਚਤਾ ਅਤੇ ਧੱਕੇਸ਼ਾਹੀ ?

ਸਿਆਸੀ ਪਾਰਟੀਆਂ ਅਕਸਰ ਇਕ ਦੂਜੇ ਤੇ ਦੋਸ਼ ਲਾਉਂਦੀਆਂ ਹਨ ਕਿ ਉਸ ਪਾਰਟੀ ਦਾ ਕੰਟਰੋਲ ਇਕ ਪਰਿਵਾਰ ਦੇ ਹੱਥ ਵਿੱਚ ਹੈ ਜਾਂ ਫਿਰ ਕੰਟਰੋਲ ਸਿਰਫ ਦੋ ਚਾਰ ਬੰਦਿਆਂ ਦੇ ਹੱਥ ਜਿਸ ਨੂੰ ਹਾਈਕਮਾਂਡ ਕਿਹਾ ਜਾਂਦਾ ਹੈ। ਜੇ ਕੋਈ ਪਾਰਟੀ ਕਿਸੇ ਖਾਸ ਵਿਸ਼ੇ ਸਬੰਧੀ ਕੋਈ ਕਮੇਟੀ ਗਠਿਤ ਕਰਦੀ ਵੀ ਹੈ ਤਾਂ ਉਹ ਵੀ ਫੈਸਲੇ ਦਾ ਅਧਿਕਾਰ ਹਾਈਕਮਾਂਡ ਜਾਂ ਪ੍ਰਧਾਨ ਨੂੰ ਦੇ ਦਿੰਦੀ ਹੈ। ਭਾਵ ਕਮੇਟੀ ਕੋਲ ਇਤਨੀ ਸਮਰੱਥਾ ਹੈ ਹੀ ਨਹੀਂ ਕਿ ਉਹ ਸੁਝਾਅ ਦੇ ਸਕੇ। ਕਿਹੜਾ ਫੈਸਲਾ ਪਾਰਟੀ ਦੇ ਹਿੱਤ ਵਿੱਚ ਰਹੇਗਾ ਯਾਨੀ ਜੋ ਵੀ ਪ੍ਰਮੁੱਖ ਫੈਸਲੇ ਲੈਣੇ ਹਨ, ਉਹ ਸਿਰਫ ਉੱਪਰ ਵਾਲੇ ਇੱਕ ਦੋ ਲੋਕਾਂ ਦੇ ਹੱਥ ਵਿੱਚ ਹਨ। ਨਾਮ ਉਸ ਨੂੰ ਕੋਈ ਵੀ ਦੇ ਲਵੋ ਚਾਹੇ ਹਾਈ ਕਮਾਂਡ, ਨੈਸ਼ਨਲ ਕਨਵੀਨਰ, ਫੇਸ ਆਫ ਪਾਰਟੀ ਜਾਂ ਫਿਰ ਪ੍ਰਧਾਨ ਜੀ। ਅਸਲੀਅਤ ਇਹ ਹੀ ਹੈ ਕਿ ਪਾਰਟੀ ਚਾਹੇ ਕੋਈ ਰਵਾਇਤੀ ਹੋਵੇ ਜਾਂ ਫਿਰ ਨਵੀਂ ਉੱਠੇ ਇਹ ਚੀਜ਼ ਹਰ ਪਾਰਟੀ ਵਿੱਚ ਦੇਖਣ ਨੂੰ ਮਿਲਦੀ ਹੀ ਹੈ ਉਸ ਦੇ ਰੂਪ ਅਲੱਗ ਅਲੱਗ ਹੋ ਸਕਦੇ ਹਨ। ਸਭ ਤੋ ਵੱਡੀ ਗੱਲ ਇਸ ਵਿੱਚ ਇਕ ਹੋਰ ਦੇਖਣ ਵਾਲੀ ਮਿਲ ਜਾਉਗੀ ਜਿਹੜੇ ਵਰਕਰ, ਮੰਤਰੀ ਜਾਂ ਫਿਰ ਐਮ ਐਲ ਏ ਉਪਰ ਵਾਲਿਆਂ ਦੇ ਨੇੜੇ ਹੋ ਗਿਆ ਉਹ ਆਪਣੀ ਹੋਂਦ ਬਣਾਉਣ ਲਈ ਆਪਣੇ ਨਾਲ ਜੁੜੇ ਬੰਦਿਆਂ ਨਾਲ ਇਹ ਹੀ ਕੁੱਝ ਕਰਦਾ ਹੈ। ਇਹੋ ਵਤੀਰਾ ਸਰਕਾਰਾਂ ਵੀ ਵਰਤਦੀਆਂ ਹਨ ।ਕੈਬਿਨਟ ਮੀਟਿੰਗਾਂ ਦਾ ਏਜੰਡਾ ਮੁੱਖ ਮੰਤਰੀ ਦੀ ਸਹਿਮਤੀ ਨਾਲ ਹੀ ਬਣਦਾ ਹੈ। ਪਾਲਿਸੀ ਬਣਾਉਣ ਵੇਲੇ ਮੁੱਖ ਮੰਤਰੀ ਪਾਰਟੀ ਪ੍ਰਧਾਨ ਦੀ ਰਾਏ ਵੀ ਨਹੀ ਲੈਂਦੇ ਹੁਣ ਦੱਸੋ ਡੈਮੋਕਰੇਸੀ ਕਿੱਥੇ ਹੈ।

ਵੋਟਾਂ ਦੇ ਦਿਨਾਂ ਵਿੱਚ ਹਰ ਲੀਡਰ ਹਰਕਤ ਵਿੱਚ ਆਉਂਦਾ ਹੈ: ਜ਼ਿਆਦਾ ਪਿੱਛੇ ਨਾ ਜਾਈਏ ਥੋੜੇ ਜਿਹੇ ਮਹੀਨਿਆਂ ਦੀ ਗੱਲ ਕਰੀਏ ਜਦੋਂ ਦੀਆਂ ਚੋਣਾਂ ਨੇੜੇ ਆਈਆਂ ਹਨ ।ਸਭ ਪਾਰਟੀਆਂ ਵਿੱਚ ਬਗਾਵਤ ਦੇ ਸੁਰ ਉੱਠਣ ਲੱਗੇ ਹਨ। ਚਾਹੇ ਕਿਸੇ ਰਾਜ ਦੀ ਗੱਲ ਕਰ ਲਵੋ। ਜਿਹਨਾਂ ਨੂੰ ਅੱਗੇ ਟਿਕਟ ਮਿਲਣ ਦੀ ਝਾਕ ਨਹੀਂ, ਤਾਂ ਉਹ ਪਾਰਟੀ ਅਤੇ ਮੰਤਰੀਆਂ ਦੇ ਆਹੁਦਿਆਂ ਤੋਂ ਵੀ ਅਸਤੀਫਾ ਦੇ ਰਹੇ ਹਨ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹ ਮੀਡੀਆ ਸਾਹਮਣੇ ਆ ਕੇ ਮੂੰਹ ਖੋਲਦੇ ਹਨ। ਜਿਵੇਂ ਕਿ ਭਾਵੇਂ ਮੈਂ ਮੰਤਰੀ ਸੀ ਪਰ ਮੇਰੇ ਮੇਜ 'ਤੇ ਤਿੰਨ ਸਾਲ ਤੋਂ ਇਕ ਵੀ ਫਾਇਲ ਨਹੀਂ ਆਈ। ਇਹਨਾਂ ਨੂੰ ਕੋਈ ਪੁੱਛੇ ਫੇਰ ਤੁਸੀਂ ਤਿੰਨ ਸਾਲ ਲਈ ਬੈਠੇ ਸਰਕਾਰੀ ਸਹੂਲਤਾਂ ਦਾ ਨਜ਼ਾਰਾ ਲੁੱਟ ਰਹੇ ਸੀ ਉਦੋਂ ਹੀ ਰੌਲਾ ਪਾਉਣਾ ਸੀ ਕਿਉਂਕਿ ਤੁਹਾਨੂੰ ਲੋਕਾਂ ਨੇ ਕੰਮ ਕਰਨ ਵਾਸਤੇ ਚੁਣਿਆ ਸੀ ਨਾ ਕਿ ਸਰਕਾਰੀ ਭੱਤਾ ਲੈ ਕਿ ਐਸ਼ ਪ੍ਰਸਤੀ ਲਈ। ਚੋਣਾਂ ਆਉਂਦੇ ਹੀ ਇੱਕ ਦਮ ਜੰਤਾ ਦੀ ਸੇਵਾ ਕਰਨ ਦਾ ਖਿਆਲ ਉੱਮੜ ਪੈਂਦਾ ਹੈ। ਫਿਰ ਇਕ ਪਾਰਟੀ ਦਾ ਪੱਲਾ ਛੱਡ ਕੇ ਦੂਜੇ ਖੇਮੇ ਵਿੱਚ ਰਲ ਜਾਉ।

ਪਾਰਟੀ ਲਾਈਨ ਵਿੱਚ ਰਹਿਣਾ ਪੈਂਦਾ ਹੈ: ਕਿਸਾਨ ਮੋਰਚੇ ਦੀ ਇੱਕ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਵੋਟਰ ਆਪਣੇ ਨੁਮਾਇੰਦੇ ਨੂੰ ਸਵਾਲ ਪੁੱਛਣ ਲੱਗ ਪਏ ਹਨ ਤੁਸੀਂ ਆਵਦੇ ਹਲਕੇ ਦੇ ਲੋਕਾਂ ਲਈ ਕੀ ਕੰਮ ਕੀਤਾ ਹੈ ਤਾਂ ਅੱਗੋ ਬੜੇ ਜੋਸ਼ ਨਾਲ ਜਵਾਬ ਆਉਂਦਾ ਹੈ ਮੈਂ ਹਰ ਸਵਾਲ ਦਾ ਜਵਾਬ ਦੇਵਾਂਗਾ। ਪਰ ਜਦੋਂ ਅਸਲ ਸਵਾਲ ਆਉਂਦੇ ਹਨ ਤੇ ਗੱਲਾਂ ਗੋਲ ਕਰਨ ਲੱਗ ਜਾਂਦੇ ਹਨ। ਜਿਹੜੇ ਸਵਾਲ ਦਾ ਜਵਾਬ ਨਾ ਆਵੇ ਜਾਂ ਨਾ ਦੇਣਾ ਹੋਵੇ ਉਦੋਂ ਕਹਿ ਦਿਉ ਕਿ ਪਾਰਟੀ ਲਾਈਨ ਤੋਂ ਬਾਹਰ ਨਹੀਂ ਜਾ ਸਕਦਾ। ਇਸ ਵੇਲੇ ਸਵਾਲ ਤਾਂ ਇਹ ਹੈ ਕਿ ਜੇ ਜਨਤਾ ਦੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਤਾਂ ਫਿਰ ਉਸ ਪਾਰਟੀ ਦਾ ਮਨੋਰਥ ਠੀਕ ਨਹੀਂ। ਤੁਸੀ ਹੇਠਲਿਆਂ ਨੂੰ ਪੁੱਛੋ ਤਾਂ ਉਹ ਕਹਿੰਦੇ ਹਨ ਕਿ ਉਪਰੋਂ ਆਰਡਰ ਆਉਣਗੇ ਦੂਜੇ ਪਾਸੇ ਜੇ ਉਪਰਲਿਆਂ ਨੂੰ ਕੋਈ ਹੌਂਸਲਾ ਕਰਕੇ ਪੁੱਛ ਲਵੇ ਤਾਂ ਉਹਨਾਂ ਦਾ ਜਵਾਬ ਹੁੰਦਾ ਹੈ ਜੋ ਪਾਰਟੀ ਕਹੇਗੀ। ਇਹ ਹੀ ਨਹੀਂ ਪਤਾ ਲੱਗਦਾ ਕਿ ਪਾਰਟੀ ਕੀ ਹੈ ? ਹੋ ਸਕਦਾ ਸ਼ਾਇਦ ਇਹ ਇਮਾਰਤਾਂ ਨੂੰ ਪਾਰਟੀ ਦੱਸਦੇ ਹੋਣ।

ਕੰਮਾਂ ਦੀ ਬਜਾਏ ਇੱਕ ਦੂਜੇ ਤੇ ਦੂਸ਼ਣਬਾਜੀ:- ਅੱਜ ਸ਼ੋਸ਼ਲ ਮੀਡੀਆਂ ਤੇ ਦੇਖੋ ਤਾਂ ਹਰ ਪਾਰਟੀ ਇੱਕ ਦੂਜੇ ਦੇ ਕਾਰਟੂਨ ਬਣਾਕੇ ਜਾਂ ਫਿਰ ਚੇਹਰੇ ਵਿਗਾੜ (ਮੋਰਫ) ਕੇ ਵੀਡਿਉ ਪਾ ਰਹੇ ਹਨ। ਇਹਨਾਂ ਤੇ ਕੋਈ ਗਾਣਾ ਚਲਾ ਦਿੰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਇੱਕ ਦੂਜੇ ਤੇ ਉਂਗਲ ਉਠਾਉਣ ਦੀ ਬਜਾਏ ਇਹ ਆਪਣੇ ਕੰਮਾਂ ਬਾਰੇ ਦੱਸਣ। ਜਿਹੜੀ ਪਾਰਟੀ ਦੀ ਸਰਕਾਰ ਪਹਿਲਾਂ ਸਤਾ ਵਿੱਚ ਹੈ ਉਹ ਕੰਮਪੇਰੇਟਿਵ ਸਟੇਟਮੈਂਨਟ ਬਣਾ ਕੇ ਦੱਸੇ ਕਿ ਉਹਨਾਂ ਦਾ ਰਾਜ (ਮਾਫ ਕਰਨਾ ਸੇਵਾ ਕਾਲ) ਕਿਵੇਂ ਬੇਹਤਰ ਸੀ। ਅੱਗੋਂ ਇਹਨਾਂ ਨਾਲੋਂ ਉਹਨਾਂ ਦਾ ਮੈਨੀਫੈਸਟੋ ਕਿਵੇਂ ਬਿਹਤਰ ਹੈ ਤੇ ਕਿਸ ਤਰ੍ਹਾਂ ਲਾਗੂ ਹੋਊਗਾ। ਜਿਨ੍ਹਾਂ ਨੇ ਪਹਿਲਾਂ ਰਾਜ ਨਹੀਂ ਕੀਤਾ ਤੇ ਉਹ ਆਪਣੇ ਰਾਜ ਵਾਲੀ ਥਾਂ ਦਾ ਮਾਡਲ ਪੰਜਾਬ ਵਿੱਚ ਲੈ ਕੇ ਆ ਰਹੇ ਹਨ, ਉਹ ਇਸ ਗੱਲ ਦੀ ਪੁਸ਼ਟੀ ਕਰਨ ਕਿ ਦਿੱਲੀ ਤੇ ਪੰਜਾਬ ਦੇ ਆਰਥਿਕ ਹਾਲਾਤਾਂ ਵਿੱਚ ਬਹੁਤ ਫਰਕ ਹੈ ਇਥੇ ਉਸ ਮਾਡਲ ਦਾ ਬਦਲਵਾਂ ਰੂਪ ਕਿਵੇਂ ਲਾਗੂ ਕਰਨਗੇ। ਜੇ ਕਿਤੇ ਇਹ ਗੱਲ ਆਵੇ ਕਿ ਤੁਹਾਡੇ ਸੇਵਾ ਕਾਲ ਵਿੱਚ ਇਹ ਗੱਲਾਂ ਠੀਕ ਨਹੀਂ ਹੋ ਰਹੀਆਂ ਤਾਂ ਝੱਟ ਜਵਾਬ ਆਵੇਗਾ ਕਿ ਸਾਡੇ ਤੋਂ ਪਹਿਲਾਂ ਜਿਹੜੀ ਪਾਰਟੀ ਨੇ ਰਾਜ ਕੀਤਾ ਹੈ ਇਹ ਕਸੂਰ ਉਸਦਾ ਹੈ। ਟੀਵੀ ਬਹਿਸ ਵਿੱਚ ਇਹ ਗੱਲ ਅਕਸਰ ਦੇਖੀ ਜਾਂਦੀ ਹੈ। ਹਰ ਪਾਰਟੀ ਕਹਿੰਦੀ ਹੈ ਕਿ ਅਸੀਂ ਦੁੱਧ ਧੋਤੇ ਹਾਂ।

ਮੁੱਦਿਆਂ ਤੋਂ ਭਟਕੇ ਸਿਆਸੀ ਲੀਡਰ: ਅੱਜ ਸਿਆਸੀ ਲੋਕ ਮੁੱਦਿਆਂ ਤੇ ਆਉਂਦੇ ਹੀ ਨਹੀਂ ਇੱਧਰ ਉਧਰ ਦੀ ਦੂਸ਼ਣਬਾਜੀ 'ਤੇ ਲੱਗੇ ਹੋਏ ਹਨ। ਪਰ ਹੈਰਾਨੀ ਹੁੰਦੀ ਹੈ ਕਿ ਕਿਸਾਨ ਅੰਦੋਲਨ ਖਤਮ ਹੋਣ ਦੇ ਨਾਲ ਹੀ ਲੋਕਾਂ ਵੱਲੋਂ ਵੀ ਮੁੱਦਿਆਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਫਿਰ ਉਹੀ ਘਟੀਆ ਰਾਜਨੀਤੀ ਦਾ ਸ਼ਿਕਾਰ ਹੋਣ ਲਈ ਤਿਆਰ ਹਨ। ਲੋਕਾਂ ਨੂੰ ਇਕੱਠੇ ਹੋ ਕੇ ਇਹਨਾਂ ਪਾਰਟੀਆਂ ਦਾ ਵਿਰੋਧ ਕਰਕੇ ਇਹਨਾਂ ਦੀ ਘਟੀਆ ਸ਼ਬਦਾਵਲੀ 'ਤੇ ਰੋਕ ਲਵਾਉਣੀ ਚਾਹੀਦੀ ਹੈ। ਇਹ ਲੋਕ ਸ਼ੋਸ਼ਲ ਮੀਡੀਆਂ 'ਤੇ ਲੋਕਾਂ ਦੀ ਸ਼ਬਦਾਵਲੀ ਪਰਖਦੇ ਹਨ ਪਰ ਸ਼ਾਇਦ ਹੁਣ ਆਪ ਹੀ ਇਸ ਨੂੰ ਭੁੱਲ ਚੁੱਕੇ ਹਨ। ਜਿਸ ਤਰ੍ਹਾਂ ਦੀ ਇਹਨਾਂ ਦੀ ਭਾਸ਼ਾ ਹੁੰਦੀ ਹੈ ਲੱਗਦਾ ਹੈ ਕਿ ਲੋਕਾਂ ਦੀ ਨੁਮਾਇੰਦਗੀ ਕਰਨ ਦੇ ਕਾਬਿਲ ਹੀ ਨਹੀਂ ਹਨ, ਸੋ ਲੋਕ ਇਹਨਾਂ ਨੂੰ ਵਾਪਸ ਮੁੱਦਿਆਂ 'ਤੇ ਲੈ ਕੇ ਆਉਣ। ਕੋਈ ਸਰਕਾਰ ਬਣੇ ਵੋਟਾਂ ਤੋਂ ਬਾਅਦ ਸਭ ਦੇ ਬਹਾਨੇ ਸ਼ੁਰੂ ਹੋ ਜਾਣੇ ਹਨ। ਉਹਨਾਂ ਨੇ ਵੋਟਰਾਂ ਦੇ ਸਵਾਲਾਂ ਦੇ ਜਵਾਬ ਤੁਹਾਨੂੰ ਪਰੇਸ਼ਾਨ ਕਰਕੇ ਦੇਣੇ ਹਨ। ਚਾਰ ਸਾਲ ਤੁਹਾਨੂੰ ਤੰਗ ਕਰਨਗੇ 5ਵੇਂ ਸਾਲ ਮਿੰਨਤ। ਪਰ ਅਸਲ ਮੁੱਦਾ ਬੇਰੁਜ਼ਗਾਰੀ ਦਾ ਕਿਸੇ ਨੇ ਹੱਲ ਨਹੀਂ ਕਰਨਾ।

ਸੇਵਾ ਜਾਂ ਧੱਕੇਸ਼ਾਹੀ : ਅੱਜ ਜਿਸ ਮਰਜ਼ੀ ਲੀਡਰ ਨੂੰ ਦੇਖ ਲਈਏ ਸਮਾਜ ਸੇਵਾ ਦਾ ਜਨੂੰਨ ਇਹਨਾ ਭਾਰੂ ਹੈ ਕਿ ਪਲਿਉਂ ਕਰੋੜਾਂ ਖਰਚ ਕੇ ਲੋਕਾਂ ਦੀ ਮਿੰਨਤ ਕਰਕੇ ਵੀ ਸੇਵਾ ਵਿੱਚ ਜੁੱਟਨਾ ਚਾਹੁੰਦੇ ਹਨ। ਇਥੋਂ ਤੱਕ ਇਹ ਸੇਵਾ ਕਰਨ ਲਈ ਭਾਵੇਂ ਇੱਕ ਦੂਜੇ ਦਾ ਸਿਰ ਪਾੜਨਾ ਪਵੇ ਉਹ ਵੀ ਮੰਜ਼ੂਰ ਹੈ ਪਰ ਪੰਜਾਬ ਦੇ ਲੋਕਾਂ ਦੀ ਸੇਵਾ ਦਾ ਮੌਕਾ ਸਾਨੂੰ ਹੀ ਮਿਲਣਾ ਚਾਹੀਦਾ ਹੈ। ਹਾਲ ਹੀ ਵਿੱਚ ਪੋਸਟਰਾਂ ਨੂੰ ਲਾਉਣ ਪਿੱਛੇ ਦੋ ਪਾਰਟੀਆਂ ਦੇ ਵਰਕਰ ਭਿੜੇ ਇਥੋਂ ਤੱਕ ਕਿ ਇੱਕ ਪਾਰਟੀ ਨੇ ਦੂਜੀ ਪਾਰਟੀ 'ਤੇ ਗੋਲੀਆਂ ਚਲਾਉਣ ਦਾ ਇਲਜ਼ਾਮ ਲਾਇਆ ਹੈ। ਸੋਚਣ ਦੀ ਗੱਲ ਤਾਂ ਇਹ ਹੈ ਕਿ 91 ਪ੍ਰਤੀਸ਼ਤ ਪੰਜਾਬੀਆਂ ਦੇ ਹਥਿਆਰ ਜਮ੍ਹਾਂ ਹੋ ਚੁੱਕੇ ਹਨ ਫੇਰ ਵੀ ਇਹ ਹਥਿਆਰ ਕਿਹੜੇ ਹਨ ਜਿਨਾਂ ਕੋਲ ਪਰਮਿਸ਼ਨ ਹੈ ਜਾਂ ਫਿਰ ਨਜ਼ਾਇਜ।



# योग से मिलेगी खर्राटों की समस्या से तुरंत निजात

अगर आप अपने खर्राटों को लेकर परेशान हैं तो इसके लिए अपने रहन-सहन में आपको बदलाव करना होगा। कई बार
एंटी स्नोरिंग उपकरणों व दूसरे तरीकों के इस्तेमाल से भी लोगों को मनचाहा लाभ नहीं मिला है। वहीं जीवनशैली में कुछ बदलाव कर खर्राटों की समस्या को काफी हद तक कम किया जा सकता है। इस बदलाव को कारगर करने में योग अहम भूमिका निभा सकता है। यह सबसे आसान और मजेदार विकल्पों में से एक है। योग करने से खर्राटों की समस्या से तुरंत निजात मिल सकती है। हालांकि, दूसरे तरीकों की तरह ही अगर योग को भी दैनिक क्रिया के तौर पर जारी रखा जाएगा तो बदलाव अधिक सहज होते जाएंगे।

योग से कैसे कम होते हैं खर्राटे

योग आसनों की मदद से रक्त संचार और फेफड़ों की क्षमता बढ़ती है। इस बात का भी ध्यान रखा जाता है कि एयर पैसेज पूरी तरह से खुला रहे। योगआसन गले और चेहरे की मांसपेशियों को मजबूत करने में भी मदद करते हैं। इन प्रभावों से खर्राटों की समस्या को कम या पूरी तरह से खत्म करने में मदद मिलती है।

पैरों को मोड़कर आराम से बैठ जाएं (पालथी मारकर)। आंखें बंद कर नाक से गहरी सांस लें। कर्कश आवाज निकालते हुए नाक से सांस लें। गर्दन की मांसपेशियों को कॉन्ट्रैक्ट करें और जब तक हो सके, सांस को रोके रहें। एक नथुने को पकड़ते हुए दूसरे से सांस छोड़ें। फिर दूसरे को पकड़ें और पहले से सांस छोड़ें। इस व्यायाम को दिन में तीन से पांच बार दोहराएं।

जमीन पर चटाई बिछाकर पालथी मारकर बैठें। रीढ़ की हड्डी व सिर बिलकुल सीधा होना चाहिए और चेहरा सामने की ओर रखें। एक गहरी सांस लें और जब तक हो सके, उसे रोक कर रखें। इस दौरान प्राण (जो ऊर्जावान सांस आपने ली है) के बारे में सोचते रहें। धीरे-धीरे सांस छोड़ें। सांस छोडने का समय सांस लेने के समय से अधिक होना चाहिए।



भ्रामरी या हमिंग बी की मुद्रा

सीधे बैठें और तर्जनी उंगलियों को कानों पर रखें। गहरी सांस अंदर लें, उसे छोड़ते समय कार्टिलेज को धीरे से दबाएं। आप चाहें तो कार्टिलेज को दबाए रखें या मधुमक्खी जैसी तेज आवाज निकालते हुए उस पर उंगली रखते व हटाते रहें। फिर से सांस लें और इस प्रक्रिया को 6-7 बार दोहराएं।

उज्जयी प्राणायाम या हिसिंग मुद्रा

सांस लेने से शुरुआत करें, गले के पीछे वाले हिस्से को खींचते हुए आपकी सांस धीमी व रिलैक्स्ड होनी चाहिए। सांस लेते समय स्थिर हिसिंग आवाज निकालें, यह ध्वनि धीमी व कान को अच्छी लगने वाली होनी चाहिए। सांस लेने व छोड़ने की प्रक्रिया को बढ़ाते रहें, ध्यान रखें कि इससे शरीर के किसी भी हिस्से में दबाव न महसूस हो। सांस की आवाज धीमी हो और टूटनी नहीं चाहिए।

सिंह गर्जनासन या रोरिंग मुद्रा

जमीन पर बैठें, पैर शरीर के अंदर मुड़े हुए और हिप्स, एड़ियों पर स्थिर होने चाहिए। जांघों को फैलाएं और हथेलियों को जमीन पर घुटनों के बीच इस तरह से रखें कि कलाइयां बाहर की ओर व उंगलियां अंदर की ओर नजर आएं। आगे की ओर झुकें, सिर को पीछे झुकाएं और गहरी सांस लें। मुंह खोलकर जीभ बाहर निकालें और सांस छोड़ें। इन चरणों को तीन बार दोहराएं।

**टैटू से हो सकता है संक्रमण**

आजकल युवाओं में टैटू बनाना फैशन के साथ ही स्टेटस सिंबल भी बनता जा रहा है पर क्या आपके इसके खतरे जानते हैं।

टैटू का शौक रखते हैं और नया-नया टैटू बनवाया है तो इसकी खास देखभाल करना भी बहुत जरूरी है। खासकर 24 घंटे तो इसकी विशेष देखभाल जरूरी है। टैटू आर्टिस्ट भी सलाह देते हैं कि टैटू गुदबाते समय बैक्टिरियल संक्रमण से बचाना बहुत जरूरी है। इनके अनुसार टैटू बनवाने के बाद कई सावधानियों का ध्यान जरूर रखना चाहिए।

24 घंटे तक इस पर पट्टी बंधी होनी चाहिए क्योंकि इतने पर तक इस पर बैक्टैरियल इंफेक्शन हो सकता है। इसलिए टैटू वाली सतह को धूल और हर तरह के इंफेक्शन से बचाने की जरूरत है।

24 घंटे बाद पट्टी हटाने के बाद हल्के ठंडे या गुनगुने पानी से टैटू एरिया को धोना चाहिए। इसे बिल्कुल भी न खरोंचें किसी भी तरह की सक्रैचिंग करने से बचें। अगर 24 घंटे बाद इसमें कुजली होती है तो डॉक्टर को दिखाएं।

पहले तीन दिन तक इसमें प्रोएक्टिव ऑइनमेंट लगाएं। इसके अलावा लोशन और माइश्चराइजर लगाने से भी बचें।

टैटू वाले एरिया पर खुशबू वाला लोशन लगाने से बचें, क्योंकि इसमें अल्कोहल होता है।

इसके अलावा इसे धूप से बचाकर रखें, क्योंकि धूप से टैटू का रंग कमजोर हो जाता है।

# बदलते मौसम में डेंगू से बचाव के लिए जागरुक रहें




डेंगू बुखार एक ऐसी बीमारी हैं जो एडिस इजिप्टी मच्छरों के काटने से होती हैं। इस रोग में तेज बुखार के साथ शरीर पर चकते बनने शुरू हो जाते हैं। जहां यह महामारी के रूप मे फैलता है वहाँ एक समय मे अनेक प्रकार के विषाणु सक्रिय हो सकते है। डेंगू से बचाव के लिए अभी कोई टीका नहीं आया है, इसलिए इससे बचाव के लिए जागरूक होना जरूरी हैं।

**डेंगू से बचने का एकमात्र उपाय, मच्छरों से बचना है।**

**पानी न जमा करें**

डेंगू का वायरस मच्छरों के काटने से फैलता है। डेंगू एक संक्रामक रोग है और कुछ स्थितियों में यह बीमारी जानलेवा भी हो सकती है। डेंगू से सुरक्षित रहने के लिए सभी आवश्यक उपाय करने चाहिए। डेंगू से बचने का एकमात्र उपाय, मच्छरों से बचना है। यहां हम आपके और आपके परिवार के लिए इस महामारी को रोकने में मदद करने के कुछ सुझावों के बारे में बता रहे हैं।

एडीज एजिप्टी मच्छर दिन के समय संक्रमण फैलाते हैं। इनका जन्म आमतौर पर जमा पानी वाले स्थानों पर होता है। इसलिए घर के अंदर और आस-पास स्थिर पानी को साफ करना बहुत महत्वपूर्ण होता है। इसके अलावा कूलर, गमले आदि में पानी जमा न रहने दें।

मच्छरों से बचाव करें

डेंगू से पीड़ित व्यक्ति को फिर से मच्छर द्वारा कटाने से बचाये। इसके अलावा, यह भी तय करें कि घर में हर कोई अपन बचाव करें।

मच्छर भगाने वाले उपायों का प्रयोग करें मॉस्किटो रिपेलेंट का इस्तेमाल नियमित रूप से करें। इससे कोई फर्क नहीं पड़ना चाहिए कि दिन है या रात। मच्छरों वाले स्थान में मॉस्किटो रिपेलेंट का इस्तेमाल रात में करने के साथ-साथ दिन में भी करें। सोते समय मच्छरदानी लगायें।

सभी प्रवेश बिंदुओं को ब्लॉक करें

मच्छरों को रोकने खिड़की और दरवाजों पर जाली लगायें

कूड़ेदान में कचरा एकत्रित होता दिखाई देने पर उसे तुरंत खाली करें। क्योंकि गंदगी या गंदा हिस्सा मच्छरों के लिए प्रजनन भूमि हो सकता है। इसके अलावा, उस क्षेत्र में मच्छरों के प्रवेश को रोकने के लिए कचरे को ढंक कर रखें।

# मानसून में मलेरिया एवं अन्य रोगों से कैसे सुरक्षित रहें

**डॉक्टर अरविन्द प्रेमचंद जैन**



मच्छर दिखने में कितने भी छोटे क्यों न हों, वे दुनिया के सबसे घातक परजीवियों में से एक हैं, जो हर साल हमारी जान लेते हैं।

एक मच्छर का काटना भी मलेरिया और डेंगू का शिकार होने के लिए काफी है। मानसून की शुरुआत के साथ, इन जानलेवा बीमारियों का खतरा हर साल हम पर मंडराता है। कीड़े कितने भी छोटे क्यों न हों, वे दुनिया के सबसे घातक परजीवियों में से एक हैं, जो हर साल जीवन लेने का दावा करते रहते हैं। उदाहरण के लिए मलेरिया को ही लें।

दोषोअल्पोहित सम्भूतो ज्वरोत्सृष्टस्य व पुन: .

धातुमन्यतमम प्राप्य करोति विषमज्वरम .(सु उ अ 39)

य:स्याद नियतत्काला च्छितोष्णाभीआम तथैव च .वेगतश्चापि विषमज्वरा: सा विषम: स्मृत: .(भालुकी)

जो ज्वर नियमित रूप से गर्मी या सर्दी लगने के बाद अनियमित काल में आता हैं तथा जिसका वेग बी विषम होता हैं कभी तीव्र संताप से और कभी मंद संताप से चढ़ता हैं उसे विषम ज्वर कहते हैं

विषमी विष्मारम्भक रियाकालोनषंगवान (वाग्भट्ट )

जिसका आरम्भ ,क्रिया तथा काल विषम हो उसे विषम ज्वर कहते हैं .

मलेरिया- शाम और भोर के बीच सबसे ज्यादा संक्रमित करते हैं -- मलेरिया संक्रमण प्लास्मोडियम परजीवी के कारण होता है और मादा एनोफिलीज मच्छर द्वारा फैलता है। यह मच्छर के शरीर में 18 दिनों तक विकसित होता है और फिर किसी व्यक्ति को काटने पर मच्छर की लार से गुजरता है। एक बार जब मलेरिया परजीवी रक्तप्रवाह में प्रवेश कर जाता है, तो संक्रमित व्यक्ति में बुखार, ठंड लगना, पसीना आना, सिरदर्द आदि जैसे कई लक्षण दिखाई देते हैं। संक्रमण अधिक गंभीर प्रतिक्रियाओं का कारण बन सकता है जैसे कि गुर्दे की विफलता और अत्यधिक गंभीर मामलों में अनुपचारित छोड़ दिए जाने पर मृत्यु।

यह मच्छर मुख्य रूप से शाम और भोर के बीच काटता है, और यह खुले मैदानों, वर्षा जल और पोखर, सीपेज आदि में प्रजनन करता है। डब्ल्यूएचओ के एक अध्ययन से पता चलता है कि यह विश्व स्तर पर अनुमानित दो करोड़ मामलों का कारण बनता है और इसके परिणामस्वरूप हर साल 4 लाख से अधिक मौतें होती हैं।

डेंगू- सुबह जल्दी और शाम होने से ठीक पहले सबसे ज्यादा खतरा होता है

दूसरी ओर, डेंगू एडीज मच्छरों द्वारा प्रसारित सबसे प्रचलित वायरल संक्रमण है। इसके सबसे ज्यादा काटने का समय सुबह जल्दी और शाम से ठीक पहले होता है। यह किसी भी प्रकार के कंटेनर में, पानी की थोड़ी मात्रा के साथ भी प्रजनन कर सकता है। चौंकाने वाली बात यह है कि इसके अंडे बिना पानी के एक साल से भी ज्यादा समय तक जीवित रह सकते हैं!

डेंगू के लक्षणों में तेज बुखार, तेज सिरदर्द, आंखों के पीछे दर्द, जोड़ों और मांसपेशियों में दर्द आदि शामिल हैं। इसमें चकत्ते, मतली और उल्टी भी शामिल हो सकती है, जिससे रक्तस्रावी शॉक और बहु-अंग विफलता हो सकती है। आंकड़े बताते हैं कि दुनियाभर में 10 से 40 करोड़ लोग इस वायरस से संक्रमित हो जाते हैं। डेंगू/गंभीर डेंगू के लिए कोई विशिष्ट उपचार नहीं है। हालांकि, उचित चिकित्सा देखभाल तक पहुंच गंभीर डेंगू की मृत्यु दर को कम कर सकती है.डेंगू दो बार हो सकता है, और दूसरी बार यह और भी अधिक जानलेवा साबित हो सकता है?

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026


# AI becomes the first frontier for mental health

## The challenge of privacy, misinformation, and human empathy, with the potential to increase accessibility




ਸਿੱਖਿਆ ਅਤੇ ਰਾਜਨੀਤੀ 'ਚ ਉਚੇਚਾ ਯੋਗਦਾਨ ਦੇਣ ਦੇ ਲਈ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ ਰਜਿੰਦਰ ਪ੍ਰਸਾਦ ਨੇ ਮਹਾਨ ਫਿਲਾਸਫਰ ਅਤੇ ਲੇਖਕ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਦੇਸ਼ ਦਾ ਸਰਵ ਉੱਚ ਪੁਰਸਕਾਰ ਭਾਰਤ ਰਤਨ ਪ੍ਰਦਾਨ ਕੀਤਾ।

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਮਰਨ ਉਪਰੰਤ ਉਨ੍ਹਾਂ ਨੂੰ ਮਾਰਚ 1975 'ਚ ਅਮਰੀਕੀ ਸਰਕਾਰ ਵੱਲੋਂ ਟ੍ਰੈਂਪਲਟਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਧਰਮ ਖੇਤਰ ਦੇ ਕਲਿਆਣ ਦੇ ਲਈ ਪ੍ਰਦਾਨ ਕੀਤਾ ਜਾਂਦਾ ਹੈ।ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਗੈਰ ਇਸਾਈ ਭਾਈਚਾਰੇ ਦੇ ਵਿਅਕਤੀ ਸਨ।

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਸਮਾਜਿਕ ਬੁਰਾਈਆਂ ਨੂੰ ਹਟਾਉਣ ਦੇ ਲਈ ਸਿੱਖਿਆ ਨੂੰ ਹੀ ਕਾਰਗਰ ਮੰਨਦੇ ਸਨ।ਸਿੱਖਿਆ ਨੂੰ ਮਨੁੱਖ ਅਤੇ ਸਮਾਜ ਦਾ ਸਭ ਤੋਂ ਵੱਡਾ ਆਧਾਰ ਮੰਨਣ ਵਾਲੇ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦਾ ਸਿੱਖਿਆ ਜਗਤ 'ਚ ਨਾ ਭੁਲਣ ਯੋਗ ਅਤੇ ਲਾਸਾਨੀ ਯੋਗਦਾਨ ਰਿਹਾ ਹੈ।

ਜੀਵਨ ਦੇ ਸਫਰ 'ਚ ਉੱਚੇ ਅਹੁਦਿਆਂ 'ਤੇ ਰਹਿਣ ਦੇ ਦੌਰਾਨ ਸਿੱਖਿਆ ਜਗਤ 'ਚ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਬਣਿਆ ਰਿਹਾ।17 ਅਪ੍ਰੈਲ, 1975 ਨੂੰ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਲੰਬੀ ਬਿਮਾਰੀ ਤੋਂ ਬਾਅਦ ਆਪਣੀ ਦੇਹ ਤਿਆਗ ਦਿੱਤੀ। ਪਰ ਸਿੱਖਿਆ ਜਗਤ 'ਚ ਉਨ੍ਹਾਂ ਦੇ ਕੰਮਾਂ ਅਤੇ ਯੋਗਦਾਨ ਕਰਕੇ ਅੱਜ ਵੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

**ਹਰਪ੍ਰੀਤ ਸਿੰਘ ਬਰਾੜ**
**ਸਾਬਕਾ ਡੀ ਓ 174 ਮਿਲਟਰੀ ਹਸਪਤਾਲ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

# ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ

ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ ਪੜਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਹਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਨ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜਿੰਦਗੀ ਵਿੱਚ ਕਾਮਯਾਬ ਜ਼ਰੂਰ ਹੁੰਦਾ ਹੈ, ਬੇਸ਼ੱਕ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ।

ਮੌਜੂਦਾ ਸਮੇਂ ਵਿੱਚ ਸਾਡੇ ਵਿੱਚ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸੱਭ ਕੁੱਝ ਉਦੋਂ ਵਾਪਰਿਆ ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਵਿਦਿਆਰਥੀ ਮਨਾਂ ਵਿੱਚ ਅਧਿਆਪਕ ਪ੍ਰਤੀ ਪਿਆਰ, ਸਤਿਕਾਰ ਖਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੱਚੇ ਘਰ ਵਿੱਚ ਆਪਣੇ ਮਾਤਾ ਪਿਤਾ ਨਾਲ ਕਰਦੇ ਹਨ।



ਰਾਜਿੰਦਰ ਰਾਣੀ
ਤੀਜਾ ਸਥਾਨ

ਜੋ ਵੀ ਹੋਵੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆਂ ਦੀ ਜਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ।

ਆਉ ! ਅੱਜ ਅਧਿਆਪਕ ਦਿਵਸ ਮਨਾਉਂਦੇ ਹੋਏ ਮੌਜੂਦਾ ਦੌਰ ਵਿੱਚ ਆ ਚੁੱਕੇ ਬਦਲਾਵਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਈਏ।

ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ।

ਅਧਿਆਪਕ ਦਿਵਸ ਹਰ ਸਾਲ 5 ਸਤੰਬਰ ਨੂੰ ਬਹੁਤ ਹੀ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ ਇਸ ਦਾ ਮੁੱਖ ਮੰਤਵ ਹੈ ਅਧਿਆਪਕ ਵਰਗ ਨੂੰ ਸਹਿਯੋਗ ਅਤੇ ਉੱਚਿਤ ਸਨਮਾਨ ਦੇਣਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੇ ਨਾਗਰਿਕ ਬਣਾਇਆ ਜਾ ਸਕੇ। ਇਸੇ ਕਾਰਨ ਭਾਰਤ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਰਵਪਲੀ ਡਾ. ਰਾਧਾ ਕ੍ਰਿਸ਼ਨ ਜੀ ਦੇ ਜਨਮ ਦਿਨ ਭਾਵ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ (ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸਮਾਜ ਲਈ ਕੀਤੇ ਗਏ ਕੰਮਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਚਿੰਨ ਦੇ ਰੂਪ 'ਚ) ਮਨਾਇਆ ਜਾਂਦਾ ਹੈ। ਡਾ. ਰਾਧਾ ਕ੍ਰਿਸ਼ਨ ਸਿੱਖਿਆ ਦੇ ਉੱਚ ਕੋਟੀ ਦੇ ਵਿਦਵਾਨ, ਚੰਗੇ ਲੇਖਕ, ਇਮਾਨਦਾਰ , ਅਤੇ ਇੱਕ ਆਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਅਧਿਆਪਕ ਦੇ ਕਿੱਤੇ ਨਾਲ ਬੇਹੱਦ ਲਗਾਓ ਦੇ ਕਾਰਨ ਹੀ ਉਹਨਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਂ-ਬਾਪ ਮਿਲਕੇ ਬੱਚੇ ਨੂੰ ਅਰਸ਼ ਤੋਂ ਫਰਸ਼ ਤੱਕ ਲਿਆਉਣ ਦਾ ਸਫਰ ਤੈਅ ਕਰਵਾਉਂਦੇ ਹਨ ਤੇ ਇੱਕ ਅਧਿਆਪਕ ਆਪਣੀ ਯੋਗਤਾ, ਸਮਰੱਥਾ, ਲਗਨ ਅਤੇ ਸਮਰਪਣ ਦੇ ਨਾਲ ਬੱਚੇ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਨਿਭਾਉਂਦਾ ਹੈ। ਅਧਿਆਪਕ ਹੀ ਹਰੇਕ ਵਿਦਿਆਰਥੀ ਦੀ ਯੋਗਤਾ ਨੂੰ ਸਮਝ ਕੇ ਉਸਦੀ ਯੋਗਤਾ ਅਤੇ ਸਮਰੱਥਾ ਦੇ ਅਨੁਸਾਰ ਉਸਦੇ ਹੁਨਰ ਦੇ ਭਾਂਡੇ ਦੀ ਤਰ੍ਹਾਂ ਤਰਾਸ਼ ਕੇ ਉਸ ਨੂੰ ਹੀਰਾ ਬਣਾ ਦਿੰਦਾ ਹੈ । ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇੱਕ ਚੰਗਾ ਅਧਿਆਪਕ ਚੰਗੀ ਸਿੱਖਿਅਕ ਪੱਧਰ ਦੀ ਨੀਂਹ ਹੈ ਜਿਸ ਤੋਂ ਬਿਨ੍ਹਾਂ ਮਿਆਰੀ ਸਿੱਖਿਆ ਦੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਅੱਜ ਇਸ ਤਰ੍ਹਾਂ ਦੇ ਚੰਗੇ ਅਧਿਆਪਕਾਂ ਦੀ ਦੇਸ਼ ਵਿੱਚ ਕਾਫੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।

ਪੁਰਾਣੇ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ ਤੇ ਤਨਖਾਹਾਂ (ਮਜ਼ਦੂਰਾਂ ਨਾਲੋਂ ਵੀ ਘੱਟ) ਤੇ ਭਰਤੀ ਕਰਨ ਦੇ ਕਾਰਨ ਉਹ ਖੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਣ ਘੇਰੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਜਾਇਜ਼ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਕਿਉਂਕਿ ਇੱਕ ਸੰਤੁਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿੱਤ ਹੋ ਸਕਦਾ ਹੈ ਅਤੇ ਸੰਤੁਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿੱਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਹਨਾਂ ਨਾਲ ਭਾਵਨਾਤਮਕ ਲਗਾਓ ਬਣਾ ਸਕੇ। ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਡਾ. ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਰੂਪ ਵਿੱਚ ਦੇਸ਼ ਦਾ ਨਿਰਮਾਤਾ ਬਣਾਉਣ ਦੇ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿੱਤਾਂ ਲਈ ਤਿਆਗ ਕਰਨ। ਆਪਣੇ ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਉਣ। ਜਿਸ ਤਰ੍ਹਾਂ ਮੋਮਬੱਤੀ ਖੁਦ ਜਲ ਕੇ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਆ ਰਹੀ ਹੈ ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ ਸੁਵਿਧਾਵਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ।

**ਰਾਜਿੰਦਰ ਰਾਣੀ ਪਿੰਡ ਗੰਢੂਆਂ ਜਿਲ੍ਹਾ ਸੰਗਰੂਰ**
8146859585

# ਪੰਜਾਬ ਦੇ ਹੜ੍ਹ ਪੀੜਤ ਪਰਿਵਾਰਾਂ ਨਾਲ ਕੀਤੇ ਵਾਅਦੇ ਕਦ ਹੋਣਗੇ ਪੂਰੇ



– ਪਿਛਲੇ ਵਰ੍ਹੇ ਪੰਜਾਬ ਅੰਦਰ ਹੜਾਂ ਨੇ ਭਾਰੀ ਤਬਾਹੀ ਮਚਾਈ ਸੀ ਤੇ ਸੂਬੇ ਦੇ ਲੱਖਾਂ ਲੋਕਾਂ ਦਾ ਨੁਕਸਾਨ ਹੋਇਆ ਸੀ ਜਿਸ ਦੇ ਵਿੱਚ ਮਾਝੇ ਤੇ ਦੁਆਬੇ ਦੇ ਵਿੱਚ ਬਹੁਤ ਸਾਰੇ ਪੀੜਤ ਪਰਿਵਾਰਾਂ ਦਾ ਮੰਦਾ ਹਾਲ ਹੋਣ ਉਪਰੰਤ ਉਨ੍ਹਾਂ ਦੀ ਸਾਰ ਲੈਣ ਵਾਲੇ ਲੋਕਾਂ ਦੀ ਵੀ ਕਮੀ ਨਹੀਂ ਸੀ ।ਉਹ ਹੜ ਪੀੜਤ ਪਰਿਵਾਰਾਂ ਦੇ ਜੇਕਰ ਆਪਾਂ ਨੁਕਸਾਨ ਦੀ ਗੱਲ ਕਰੀਏ ਤਾਂ ਸ਼ਾਇਦ ਅਰਬਾਂ ਰੁਪਏ ਦੀ ਸੰਪਤੀ ਅਤੇ ਉਹਨਾਂ ਦੇ ਘਰ ਘਾੜ ਤਬਾਹ ਹੋ ਗਏ ਸਨ ਇਸ ਤੋਂ ਇਲਾਵਾ ਕਈ ਜਾਨੀ ਨੁਕਸਾਨ ਵੀ ਉਹਨਾਂ ਲੋਕਾਂ ਨੂੰ ਝੱਲਣੇ ਪੈ ਸੀ ।ਕੁੱਲ ਮਿਲਾ ਕੇ ਜੇਕਰ ਆਪਾਂ ਨੁਕਸਾਨ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਸ਼ਾਇਦ ਉਹ ਗਿਣਤੀ ਮਿਣਤੀ ਤੋਂ ਬਾਹਰ ਸੀ ਇੱਥੇ ਪਹੁੰਚੇ ਹੋਏ ਲੋਕਾਂ ਵੱਲੋਂ ਦੱਸਿਆ ਗਿਆ ਕਿ ਕਿਸਾਨ ਭਾਈਚਾਰੇ ਤੋਂ ਇਲਾਵਾ ਸਾਰੇ ਵਰਗਾਂ ਦਾ ਹੀ ਬੇਹੱਦ ਵੱਡਾ ਨੁਕਸਾਨ ਇਸ ਖਿੱਤੇ ਦੇ ਵਿੱਚ ਹੋਇਆ ਸੀ ।

ਜਿਸ ਸਮੇਂ ਮਾਝੇ ਤੇ ਦੁਆਬੇ ਵਿੱਚ ਹੜਾਂ ਦੀ ਮਾਰ ਪਈ ਉਸ ਸਮੇਂ ਸੰਤ, ਬਾਬਿਆਂ ਤੋਂ ਇਲਾਵਾ ਕਲਾਕਾਰ ਭਾਈਚਾਰੇ ਵੱਲੋਂ ਵੀ ਆਖਿਆ ਗਿਆ ਕਿ ਅਸੀਂ ਇਹਨਾਂ ਪੀੜਤ ਪਰਿਵਾਰਾਂ ਦੀ ਮਦਦ ਕਰਾਂਗੇ ।ਇਸ ਤੋਂ ਇਲਾਵਾ ਸਰਕਾਰ ਵੱਲੋਂ ਵੀ ਵੱਡੀ ਮਦਦ ਕਰਨ ਦਾ ਵਾਅਦਾ ਇਹਨਾਂ ਪੀੜਿਤ ਪਰਿਵਾਰਾਂ ਦੇ ਨਾਲ ਕੀਤਾ ਗਿਆ ਸੀ ਅਤੇ ਬਹੁਤ ਸਾਰੇ ਫਿਲਮੀ ਕਲਾਕਾਰ ਵੀ ਇਹਨਾਂ ਪਰਿਵਾਰਾਂ ਦੀ ਮਦਦ ਦੇ ਲਈ ਮੈਦਾਨ ਵਿੱਚ ਕੁੱਦ ਕੇ ਉਸ ਮੌਜੂਦਾ ਸਮੇਂ ਸੰਕਟ ਦੀ ਘੜੀ ਵਿੱਚ ਇਹਨਾਂ ਦਾ ਸਾਥ ਦੇਣ ਪਹੁੰਚੇ ਸਨ ।ਇਹ ਸਾਰੇ ਵਰਤਾਰੇ ਦੌਰਾਨ ਇਹ ਵੀ ਵੇਖਿਆ ਗਿਆ ਕਿ ਸੰਤ ਮਹਾਂਪੁਰਸ਼ਾਂ ਵੱਲੋਂ ਵੀ ਇਸ ਸਾਰੇ ਸੰਕਟ ਦੇ ਸਮੇਂ ਵਿੱਚ ਪਰਿਵਾਰਾਂ ਦੀ ਰੋਟੀ, ਪਾਣੀ ਪੱਖੋਂ ਵੀ ਮਦਦ ਕੀਤੀ ਗਈ ਸੀ ।ਹੜ ਪੀੜਿਤ ਪਰਿਵਾਰਾਂ ਦੇ ਨਾਲ ਦੁੱਖ ਵੰਡਾਉਣ ਦਾ ਸਿਲਸਿਲਾ ਲੰਬਾ ਸਮਾਂ ਚੱਲਦਾ ਰਿਹਾ ਅਤੇ ਉੱਥੇ ਪਹੁੰਚੇ ਕਲਾਕਾਰਾਂ ਵੱਲੋਂ ਵੀ ਬਹੁਤ ਕੁਝ ਆਖਿਆ ਗਿਆ ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਿੱਥੇ ਬਾਕੀ ਭਾਈਚਾਰਿਆਂ ਵੱਲੋਂ ਹੜ ਪੀੜਤ ਪਰਿਵਾਰਾਂ ਦੀ ਮਦਦ ਕੀਤੀ ਗਈ ਉੱਥੇ ਹੀ ਕਈ ਕਲਾਕਾਰਾਂ ਵੱਲੋਂ ਆਖਿਆ ਗਿਆ ਕਿ ਅਸੀਂ ਇਹਨਾਂ ਦੇ ਘਰ ਪਾਉਣ ਤੋਂ ਇਲਾਵਾ ਖੇਤੀ ਲਈ ਮਸ਼ੀਨਰੀ ਨਾਲ ਵੀ ਮਦਦ ਕਰਾਂਗੇ ।ਕਿਉਂਕਿ ਬਹੁਤ ਸਾਰੇ ਕਿਸਾਨਾਂ ਦੇ ਘਰਾਂ ਤੋਂ ਇਲਾਵਾ ਟਰੈਕਟਰ ਵੀ ਹੜਦੇ ਪਾਣੀ ਵਿੱਚ ਬਹਿ ਗਏ ਸਨ ਅਤੇ ਬਹੁਤ ਸਾਰਿਆਂ ਦਾ ਅੰਦਰੂਨੀ ਤੌਰ ਤੇ ਨੁਕਸਾਨ ਹੋਇਆ ਸੀ ।ਉਸ ਸਮੇਂ ਜੇਕਰ ਉਹਨਾਂ ਹਾਲਾਤਾਂ ਨੂੰ ਵੇਖ ਲਈਏ ਤਾਂ ਕਾਲਜਾ ਮੂੰਹ ਨੂੰ ਆਉਂਦਾ ਸੀ ਕਿਉਂਕਿ ਵੱਡੇ ਪੱਧਰ ਤੇ ਵੱਖ ਵੱਖ ਵਰਗਾਂ ਦਾ ਨੁਕਸਾਨ ਹੋਣ ਤੋਂ ਬਾਅਦ ਉੱਥੇ ਹਾਲਾਤ ਬੇਹੱਦ ਮਾੜੇ ਹੋ ਚੁੱਕੇ ਸਨ ।ਬਹੁਤ ਪਰਿਵਾਰਾਂ ਦੇ ਕੋਲ ਆਪਣਾ ਰੈਣ ਬਸੇਰਾ ਕਾਰਨ ਦੇ ਲਈ ਵੀ ਜਗ ?ਹਾ ਨਹੀਂ ਸੀ ।ਖੇਤੀ ਤੋਂ ਇਲਾਵਾ ਲੋਕਾਂ ਦੇ ਨਿੱਜੀ ਕਾਰੋਬਾਰ ਵੀ ਇਸ ਹੜ੍ਹ ਦੇ ਪਾਣੀ ਵਿੱਚ ਬਹਿ ਗਏ ਸਨ ।

ਇਸ ਸਾਰੇ ਵਰਤਾਰੇ ਨੂੰ ਜੇਕਰ ਨੇੜਿਓਂ ਘੋਖੀਏ ਤਾਂ ਅੱਜ ਹਾਲਾਤ ਭਾਵੇਂ ਬਦਲ ਚੁੱਕੇ ਹਨ ਪਰ ਉਸ ਸਮੇਂ ਜਿਹੜੇ ਵਾਅਦੇ ਬਹੁਤ ਸਾਰੇ ਕਲਾਕਾਰਾਂ ਫਿਲਮੀ ਅਦਾਕਾਰਾਂ ਅਤੇ ਸਰਕਾਰ ਵੱਲੋਂ ਕੀਤੇ ਗਏ ਸਨ ਉਹ ਕਿਤੇ ਵੀ ਪੂਰੇ ਹੋਏ ਵਿਖਾਈ ਨਹੀਂ ਦੇ ਰਹੇ ਇਲਾਕਿਆਂ ਦਾ ਅੰਦਰੂਨੀ ਤੌਰ ਤੇ ਦੌਰਾ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਹੀ ਉਹਨਾਂ ਪੀੜਤ ਪਰਿਵਾਰਾਂ ਦੇ ਘਰ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਨਾ ਹੀ ਖੇਤੀ ਸੈਕਟਰ ਨਾਲ ਜੁੜੀ ਮਸ਼ੀਨਰੀ ਦੀ ਵਰਤੋਂ ਨੂੰ ਹੋਂਦ ਵਿੱਚ ਲਿਆ ਕੇ ਕੰਮ ਸ਼ੁਰੂ ਕੀਤਾ ਗਿਆ ਹੈ ਭਾਵੇਂ ਕਿ ਉਸ ਸਮੇਂ ਵਾਅਦੇ ਤਾਂ ਵੱਡੇ ਵੱਡੇ ਕੀਤੇ ਗਏ ਸੀ ਪਰ ਅੰਦਰੂਨੀ ਹਕੀਕਤਾਂ ਦੇ ਵਿੱਚ ਕੁਝ ਨਹੀਂ ਕੀਤਾ ਗਿਆ ।ਇਹ ਵੀ ਸੱਚ ਹੈ ਕਿ ਕਈ ਕਲਾਕਾਰਾਂ ਵੱਲੋਂ ਪੜਦੇ ਪਿੱਸੇ ਰਹਿ ਕੇ ਪੀੜਤ ਪਰਿਵਾਰਾਂ ਨੂੰ ਵੱਡੀ ਮਦਦ ਦਿੱਤੀ ਗਈ ਅਤੇ ਉਹਨਾਂ ਦੇ ਘਰ ਤੱਕ ਪਾਏ ਗਏ ਅਤੇ ਟਰੈਕਟਰ ਵੀ ਦਿੱਤੇ ਗਏ ਪਰ ਕਈ ਕਲਾਕਾਰਾਂ ਵੱਲੋਂ ਸਿਰਫ ਗੱਲਾਂ ਕੀਤੀਆਂ ਗਈਆਂ ਹਨ ।

**ਸ਼ਿੰਦਰ ਸਿੰਘ ਮੀਰਪੁਰੀ**
**5592850841**

ਹੈਰਾਨੀਜਨਕ ਤੱਥ ਇਹ ਹੈ ਕਿ ਕਿਸੇ ਦਾ ਵੀ ਨੁਕਸਾਨ ਹੁੰਦਾ ਦੇਖ ਕੇ ਸਾਡੇ ਸਮਾਜ ਦੇ ਅੰਦਰ ਬਹੁਤ ਸਾਰੇ ਲੋਕ ਅਜਿਹੇ ਹਨ ਜਿਹੜੇ ਸੋਹਰਤ ਅਤੇ ਵਾਹ ਵਾਹ ਖੱਟਣ ਦੇ ਲਈ ਉਸ ਸਮੇਂ ਢੇਰ ਸਾਰੇ ਵਾਅਦੇ ਕਰ ਲੈਂਦੇ ਹਨ ਪਰ ਉਹਨਾਂ ਨੂੰ ਅਮਲ ਵਿੱਚ ਲਿਆਉਣ ਦੇ ਲਈ ਉਹਨਾਂ ਵੱਲੋਂ ਕਦੇ ਵੀ ਚਾਰਾਜੋਈ ਨਹੀਂ ਕੀਤੀ ਜਾਂਦੀ ਹੁਣ ਸਵਾਲਾਂ ਦਾ ਸਵਾਲ ਤਾਂ ਇਹ ਵੀ ਹੈ ਕਿ ਜੇਕਰ ਉਸ ਸਮੇਂ ਜਿਹੜੇ ਕਲਾਕਾਰਾਂ ਵੱਲੋਂ ਸੈਂਕੜੇ ਟਰੈਕਟਰ ਦੇਣ ਦੀ ਗੱਲ ਕੀਤੀ ਗਈ ਸੀ ਉਹ ਟਰੈਕਟਰ ਕਿੱਥੇ ਹਨ ।ਉਹਨਾਂ ਵੱਲੋਂ ਦਰਜਣਾ ਘਰ ਉਸਾਰਨ ਦੀ ਬਿਉਂਤਬੰਦੀ ਬਣਾਉਂਦਿਆਂ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਗਿਆ ਸੀ ਉਹ ਘਰ ਵੀ ਕਿਧਰੇ ਵਿਖਾਈ ਨਹੀਂ ਦੇਹੇ ਰਹੇ ਇਸ ਤੋਂ ਇਲਾਵਾ ਮੋਟਰਾਂ ਦੇ ਕੋਠਿਆਂ ਦੀ ਗੱਲ ਵੀ ਕੀਤੀ ਗਈ ਸੀ ਉਹ ਵੀ ਕਿਧਰੇ ਵਿਖਾਈ ਨਹੀਂ ਦਿੰਦੇ ਹੋਰ ਵੀ ਬਹੁਤ ਕੁਝ ਗੱਲਾਂ ਵਿੱਚ ਕੀਤਾ ਗਿਆ ਸੀ ਕੁਝ ਵੀ ਵਿਖਾਈ ਨਹੀਂ ਦਿੰਦਾ ।

ਸਾਡੇ ਸਮਾਜ ਦੀ ਤਰਾਸਦੀ ਹੈ ਕਿ ਅਸੀਂ ਕਿਸੇ ਵੀ ਲੋੜਵੰਦ ਦੀ ਮਦਦ ਕਰਨ ਵਕਤ ਵੱਡੀਆਂ ਵੱਡੀਆਂ ਗੱਲਾਂ ਕਰ ਜਾਂਦੇ ਹਾਂ ਪਰ ਉਨ੍ਹਾਂ ਨੂੰ ਨਿਭਾਉਣ ਵਿੱਚ ਸਾਡੇ ਵੱਲੋਂ ਅਕਸਰ ਕਿਤੇ ਨਾ ਕਿਤੇ ਕੁਤਾਹੀ ਹੁੰਦੀ ਹੈ ਨਾ ਹੀ ਇਨ੍ਹਾਂ ਪੀੜਤ ਪਰਿਵਾਰਾਂ ਨਹੀਂ ਸਰਕਾਰ ਨੇ ਆਪਣੇ ਤੌਰ ਤੇ ਪੂਰੀ ਤਰ੍ਹਾਂ ਸਾਰ ਲਈ ਹੈ ਤੇ ਨਾ ਹੀ ਕਲਾਕਾਰਾਂ ਨੇ ਉੱਥੇ ਦੇ ਹਾਲਾਤਾਂ ਨੂੰ ਵੇਖਿਆਂ ।ਅੱਜ ਵੀ ਪਤਾ ਲੱਗਦਾ ਹੈ ਕਿ ਕਿੰਜ ਪਾਣੀ ਵੱਲੋਂ ਮਚਾਈ ਤਬਾਹੀ ਦੇ ਨਿਸ਼ਾਨ ਉਥੇ ਬਾਕੀ ਬਚੇ ਹਨ ।ਇਹ ਵਰਤਾਰਾ ਪਿਛਲੇ ਵਰਿਆਂ ਤੋਂ ਇਹਨਾਂ ਇਲਾਕਿਆਂ ਦੇ ਅੰਦਰ ਵਾ ਦਸਤੂਰ ਜਾਰੀ ਹੈ।ਕਿਸਾਨ ਭਾਈਚਾਰੇ ਤੋਂ ਇਲਾਵਾ ਬਾਕੀ ਖੇਤਰਾਂ ਦੇ ਅੰਦਰ ਵੀ ਮੱਚੀ ਹੋਈ ਤਬਾਹੀ ਦੇ ਨਿਸ਼ਾਨ ਕਿਸੇ ਵੀ ਵਿਅਕਤੀ ਦਾ ਕਾਲਜਾ ਹਲੂਣਦੇ ਹਨ ਕਰੋੜਾਂ ਅਰਬਾਂ ਦੀ ਸੰਪਤੀ ਤਬਾਹ ਹੋ ਚੁੱਕੀ ਸੀ ਖੇਤੀ ਮਸ਼ੀਨਰੀਆਂ ਤੋਂ ਇਲਾਵਾ ਫੈਕਟਰੀਆਂ ਨੂੰ ਵੀ ਵੱਡੇ ਪੱਧਰ ਤੇ ਨੁਕਸਾਨ ਪਹੁੰਚਿਆ ਸੀ ।ਲੋੜਵੰਦ ਪਰਿਵਾਰਾਂ ਦੇ ਘਰ ਘਾਟ ਤਬਾਹ ਹੋ ਗਏ ਸਨ ।

ਹੁਣ ਸੋਚਣਾ ਤਾਂ ਬਣਦਾ ਹੈ ਕਿ ਜੋ ਇੱਥੇ ਜਿਹੜੇ ਕਲਾਕਾਰਾਂ ਵੱਲੋਂ ਆਖਿਆ ਗਿਆ ਸੀ ਕਿ ਅਸੀਂ ਇਹਨਾਂ ਪੀੜਿਤ ਪਰਿਵਾਰਾਂ ਦੀ ਮਦਦ ਕਰਾਂਗੇ ਉਹਨਾਂ ਦਾ ਕੀ ਬਣਿਆ ।ਕਿੰਨਾਂ ਦੇ ਘਰ ਬਣ ਗਏ ਤੇ ਕੀ ਉਹਨਾਂ ਦੇ ਟਰੈਕਟਰ ਆ ਗਏ ।ਇਹ ਸਵਾਲ ਵੱਡੇ ਹਨ ਭਾਵੇਂ ਕਿ ਇਸ ਮਾਮਲੇ ਦੇ ਵਿੱਚ ਕੁਝ ਕਲਾਕਾਰਾਂ ਵੱਲੋਂ ਮਦਦ ਕੀਤੀ ਵੀ ਗਈ ਹੈ ਪਰ ਬਹੁਤ ਸਾਰਾ ਕੁਝ ਨਹੀਂ ਹੋਇਆ ਜਿਸ ਦੇ ਅਜੇ ਨਿਸ਼ਾਨ ਬਾਕੀ ਹਨ ਜਿਸ ਦਾ ਸੰਤਾਪ ਹੜ ਪੀੜਤ ਪਰਿਵਾਰ ਹੰਡਾਉਣ ਲਈ ਮਜਬੂਰ ਹਨ ਚੰਗਾ ਹੋਵੇ ਜੇਕਰ ਕੀਤੇ ਹੋਏ ਵਾਅਦਿਆਂ ਨੂੰ ਕਲਾਕਾਰ ਅਤੇ ਸਰਕਾਰਾਂ ਪੂਰਾ ਕਰਨ ।ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਹੜ ਪੀੜਿਤ ਪਰਿਵਾਰਾਂ ਦੀ ਮਦਦ ਲਈ ਕੁਝ ਨਹੀਂ ਹੋਇਆ ।ਹੋਇਆ ਹੈ ਪਰ ਬਹੁਤ ਘੱਟ ਜਿਹੜੇ ਵਾਅਦੇ ਕੀਤੇ ਗਏ ਸਨ ਉਹ ਵੀ ਕਿਤੇ ਨਾ ਕਿਤੇ ਅੱਧੇ ਅਧੂਰੇ ਨੇਪਰੇ ਚਾੜ੍ਹੇ ਗਏ ਹਨ ਪੂਰਾ ਕੁਝ ਵੀ ਨਹੀਂ ਹੋਇਆ ।ਲੋੜ ਹੈ ਪੀੜਿਤ ਪਰਿਵਾਰਾਂ ਦੀ ਮਦਦ ਕਰਨ ਦੀ ਤਾਂ ਕਿ ਆਪਣੇ ਪੈਰਾਂ ਤੇ ਖੜੇ ਹੋ ਸਕਣ ।

# ਬੇਗਾਨੀ ਆਸ

ਮਮਤਾ ਹਰ ਰੋਜ ਸਵੇਰੇ ਘਰੋਂ ਨਿਕਲਦੀ।ਹੱਥ ਵਿਚ ਵੱਡਾ ਸਾਰਾ ਲਿਫਾਫਾ ਜਾਂ ਕੋਈ ਪਲਾਸਟਿਕ ਦਾ ਥੈਲਾ ਲੈ ਕੇ ਕਾਗਜ ਤੇ ਪਲਾਸਟਿਕ ਦੀਆਂ ਬੋਤਲਾ ਵਗੈਰਾ ਚੁਗਣ ਚਲੀ ਜਾਂਦੀ।ਹੱਥ ਵਿੱਚ ਸੋਟੀ ਕਿਸੇ ਕੁੱਤੇ-ਬਿੱਲੇ ਨੂੰ ਗਹਿਰਨ ਲਈ ਰੱਖਦੀ।ਜਵਾਨੀ ਵੇਲੇ ਤਾਂ ਮਮਤਾ ਲੋਕਾਂ ਦੇ ਘਰਾਂ 'ਚ ਕੰਮ ਕਰਦੀ ਤੇ ਪੈਸੇ ਕਮਾ ਲੈਂਦੀ ਪਰ ਉਮਰ ਵਡੇਰੀ ਹੋਣ ਕਰਕੇ ਘਰ-ਘਰ ਜਾਣ ਦੀ ਬਜਾਏ ਸੜਕੇ-ਸੜਕ ਬਜਾਰ ਨਿਕਲ ਜਾਂਦੀ।ਟੁੱਟਿਆ ਕੱਚ, ਗੱਤਾ, ਪਲਾਸਟਿਕ ਇਕੱਠਾ ਕਰ ਲਿਆਉਂਦੀ। ਚੁਗੇ ਹੋਏ ਸਮਾਨ ਨੂੰ ਰੇਹੜੇ ਵਾਲੇ ਕੋਲ ਵੇਚ ਦਿੰਦੀ।ਘਰ ਵਾਲਾ ਜੁਆਨੀ ਪਹਿਰੇ ਤੋਂ ਹੀ ਵਿਹਲਾ ਰਹਿਣ ਦਾ ਆਦੀ ਸੀ ਕਦੇ ਕਦਾਈਂ ਰਿਕਸ਼ਾ ਚਲਾ ਛੱਡਦਾ।ਕਦੇ ਕੋਈ ਪੈਸਾ ਨਾ ਦੇਂਦਾ, ਸਰਾਬ ਪੀ ਲੈਂਦਾ ,ਕਦੇ ਸਿਗਰਟਾਂ ਦੇ ਕਸ਼ ਲੈ ਕੇ ਧੂੰਆਂ ਉਡਾ ਛੱਡਦਾ ।ਮਮਤਾ ਦੇ ਘਰ ਦੋ ਧੀਆਂ ਨੇ ਜਨਮ ਲਿਆ ।ਪੁੱਤ ਤਾਂ ਰੱਬ ਨੇ ਦੇ ਕੇ ਹੀ ਖੋਹ ਲਿਆ ਸੀ।ਦੋ ਤਿੰਨ ਵਾਰ ਉਸ ਦੇ ਬੱਚੇ ਸਿਰੇ ਹੀ ਨਹੀਂ ਸਨ ਲੱਗੇ।ਮਮਤਾ ਦਾ ਪਤੀ ਅਕਸਰ ਦਾਰੂ ਪੀ ਕੇ ਘਰੇ ਲੜਾਈ ਝਗੜਾ ਕਰਦਾ।ਮਮਤਾ ਅੰਦਰੋਂ ਅੰਦਰੀ ਉਸ ਤੇ ਬਹੁਤ ਖਿਝੀ ਰਹਿੰਦੀ।ਕਈ ਵਾਰ ਤਾਂ ਪਤੀ ਦੇ ਬੋਲੇ ਭੱਦੇ ਸ਼ਬਦਾਂ ਦਾ ਜਵਾਬ ਵੀ ਉਸੇ ਦੀ ਭਾਸ਼ਾ ਵਿਚ ਦਿੰਦੀ ।ਮਮਤਾ ਨੇ ਦੋਹਾਂ ਧੀਆਂ ਨੂੰ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੀ ਸੰਸਥਾ ਦੇ ਸਹਾਰੇ ਵਿਆਹ ਦਿੱਤਾ।ਉਸ ਦੇ ਅੰਦਰਲੀ ਔਰਤ ਵਿਹਲੜ ਤੇ ਨਸ਼ੇੜੀ ਪਤੀ ਤੇ ਹਮੇਸ਼ਾਂ ਕੁਰਲਾਉਂਦੀ ਰਹਿੰਦੀ। ਬਿਗਾਨੀ ਛੱਤ ਹੇਠਾਂ ਰਹਿੰਦਿਆਂ ਮਮਤਾ ਦੇ ਚਾਲੀ ਵਰ੍ਹੇ ਬੀਤ ਗਏ। ਹੁਣ ਤਾਂ ਹਨੇਰੀਆਂ,ਝੱਖੜ,ਬਰਸਾਤਾਂ ਨਾਲ ਚੁਬਾਰੇ ਦੀ ਛੱਤ ਵੀ ਜੁਆਬ ਦੇ ਚੁੱਕੀ ਸੀ।ਥਾਂ-ਥਾਂ ਤੋਂ ਚੋਂਦੀ ਛੱਤ ਨੂੰ ਸੁਆਰਨ ਲਈ ਕੋਈ ਹੀਲਾ ਵੀ ਨਹੀਂ ਸੀ ।ਸਰਦੀਆਂ ਦੇ ਮੌਸਮ ਵਿੱਚ ਬਰਸਾਤਾਂ ਵੇਲੇ ਦੋਨੋਂ ਜੀਅ ਧੀਆਂ ਕੋਲ ਚਲੇ ਜਾਂਦੇ।ਮਾੜੇ ਦੀ ਵੀ ਕਾਹਦੀ ਜੀਂਦਗੀ ਗ਼ਰੀਬੀ ਸਾਰੀਆਂ ਸੱਧਰਾਂ ਇੱਛਾਵਾਂ ਸਿਆਣਪਾਂ ਆਪਣੇ ਸਾਏ ਹੇਠਾਂ ਦੱਬ ਲੈਂਦੀ ਹੈ।ਗਰੀਬ ਕੋਲੋਂ ਤਾਂ ਹਰ ਕੋਈ ਮੁੱਖ ਮੋੜ ਕੇ ਲੰਘਦਾ ਹੈ ਨਾਲੇ ਤਕੜਾ ਤਾਂ ਗਰੀਬ ਨੂੰ ਇਨਸਾਨ ਸਮਝਦਾ ਹੀ ਨਹੀਂ ।ਬਿਜਲੀ ਤੇ ਪਾਣੀ ਦੀ ਸਹੂਲਤ ਤੋਂ ਬਗੈਰ ਹੀ ਮਮਤਾ ਨੇ ਉਮਰ ਕੱਢ ਲਈ ਸੀ ਪਰ ਹੁਣ ਉਮਰ ਵਧਣ ਨਾਲ ਮਮਤਾ ਦੀਆਂ ਅੱਖਾਂ ਦੀ ਰੋਸ਼ਨੀ ਵੀ ਘਟ ਗਈ।ਦੋ ਡੰਗ ਦੀ ਰੋਟੀ ਵੀ ਕਮਾ ਕੇ ਖਾਣੀ ਔਖੀ ਸੀ। ਕਮਰੇ ਦੀ ਛੱਤ ਵੀ ਢਹਿ ਢੇਰੀ ਹੋ ਗਈ ਸੀ।ਹੁਣ ਕੁਝ ਖਰਚਾ ਮਮਤਾ ਦੀਆਂ ਧੀਆਂ ਦੇ ਦੇਂਦੀਆਂ ਅਤੇ ਕੁਝ ਆਸ ਪਾਸ ਰਹਿਣ ਵਾਲੇ ਰੋਟੀ ਪਾਣੀ ਦੀ ਮਦਦ ਕਰ ਦਿੰਦੇ।ਉਨ੍ਹਾਂ ਦੀ ਆਰਥਿਕ ਹਾਲਤ ਖਸਤਾ ਹੋਣ ਕਰਕੇ ਉਨ੍ਹਾਂ ਨੂੰ ਕੋਈ ਆਵਦੇ ਬੂਹੇ 'ਚ ਵੀ ਨਹੀਂ ਸੀ ਬਹਿਣ ਦਿੰਦਾ।ਜਦੋਂ ਦੀ ਕਮਰੇ ਦੀ ਛੱਤ ਡਿੱਗ ਪਈ ਸੀ ਕੋਈ ਟਿਕਾਣਾ ਨਹੀਂ ਸੀ ਰਿਹਾ ਉਨ੍ਹਾਂ ਕੋਲ... ਗਰਮੀਆਂ ਦੇ ਤਿੱਖੜ ਦੁਪਹਿਰੇ ਉਹ ਕੰਧੀਂ ਕੌਲ਼ੀਂ ਲੱਗ ਕੇ ਕੱਢਦੇ ।ਪਤੀ ਦੇ ਬਰਾਬਰ ਬੋਲਣ ਵਾਲੀ ਮਮਤਾ ਹੁਣ ਸਹਿਜ ਤੇ ਧੀਰਜ ਨਾਲ ਰਹਿੰਦੀ।ਕਿਵੇਂ ਨਾ ਕਿਵੇਂ ਦੋਨੋ ਜੀਅ ਜੀਂਦਗੀ ਦੇ ਪਹੀਏ ਨੂੰ ਰੋੜ੍ਹੀ ਆਉਂਦੇ ਸਨ।ਮੀਂਹ ਕਣੀ ਦੇ ਦਿਨਾਂ ਦੇ ਵਿਚ ਦੁਕਾਨਾਂ ਦੇ ਅੱਗੇ ਬਣੇ ਸ਼ੈੱਡਾਂ ਥੱਲੇ ਉਹ ਰਾਤਾਂ ਗੁਜਾਰਦੇ ।ਇੱਕ ਬੁਰੀ ਆਦਤ ਸੀ ਮਮਤਾ ਨੂੰ ਆਪਣੇ ਪਤੀ ਦੇ ਬਰਾਬਰ ਬਹਿ ਕੇ ਬੀੜੀਆਂ ਫੂਕਣ ਦੀ ।ਸਮਾਜ ਵੱਲੋਂ ਕੀਤੇ ਇਤਰਾਜ਼ ਇਨ੍ਹਾਂ ਤੇ ਕੋਈ ਅਸਰ ਨਹੀਂ ਕਰਦੇ ...ਮਮਤਾ ਦੇ ਕਮਰੇ ਦੇ ਨੇੜੇ ਹੀ ਇੱਕ ਖਾਲੀ ਪਲਾਟ ਪਿਆ ਸੀ ਹੁਣ ਉੱਥੇ ਵੀ ਮਾਲਕਾਂ ਨੇ ਉਸਾਰੀ ਸ਼ੁਰੂ ਕਰ ਦਿੱਤੀ ਕੁਝ ਸਮੇਂ ਬਾਅਦ ਉੱਥੇ ਸੁੰਦਰ ਮਕਾਨ ਬਣ ਗਿਆ ਤੇ ਬਾਹਰ ਦੇਹਲੀਆਂ ਦੇ ਨਾਲ ਇੱਕ ਥੜੀ ਜਿਹੀ ਬਣਾ ਦਿੱਤੀ। ਪੱਥਰ ਵਗੈਰਾ ਲਾ ਕੇ ਥੜੀ ਪੂਰੀ ਤਿਆਰ ਕਰ ਦਿੱਤੀ ਤੇ ਮਾਲਕਾਂ ਨੇ ਘਰ ਵਿੱਚ ਰੈਣ ਬਸੇਰਾ ਵੀ ਕਰ ਲਿਆ।ਘਰ ਦੀ ਮਾਲਕਣ ਨਿੱਘੇ ਸੁਭਾਅ ਦੀ ਔਰਤ ਸੀ।ਛੇਤੀ ਹੀ ਉਸ ਨੂੰ ਮਮਤਾ ਦੀਆਂ ਮਜਬੂਰੀਆਂ ਦਾ ਪਤਾ ਲੱਗ ਗਿਆ ਅਤੇ ਉਸਦੀ ਕੋਈ ਨਾ ਕੋਈ ਮਦਦ ਕਰਨ ਲੱਗੀ ।"ਆ ਤਾਂ ਬੀਬੀ ਜੀ ਤੁਸੀਂ ਪੁੰਨ ਖੱਟ ਲਿਆ ਥੜੀ ਬਣਾ ਕੇ.. ਸਾਡੇ ਤਾਂ ਕਿਤੇ ਬੈਠਣ ਨੂੰ ਥਾਂ ਨਹੀਂ ਸੀ ...ਅਸੀਂ ਤਾਂ ਹੁਣ ਗਰਮੀਆਂ ਦੇ ਦੁਪਹਿਰੇ ਇੱਥੇ ਕੱਟਿਆ ਕਰਾਂਗੇ.." ਮਮਤਾ ਨੇ ਮਾਲਕਣ ਨੂੰ ਆਖਿਆ.... ।ਮਮਤਾ ਦੀਆਂ ਅੱਖਾਂ ਵਿਚ ਲੋਹੜਿਆਂ ਦੀ ਉਮੀਦ ਤੇ ਚਮਕ ਸੀ ਜਿਵੇਂ ਉਸ ਨੂੰ ਕੋਈ ਰੈਣ ਬਸੇਰਾ ਮਿਲ ਗਿਆ ਹੋਵੇ। ਮਮਤਾ ਦੇ ਹਲੀਮੀ ਭਰੇ ਬੋਲ ਸੁਣ ਕੇ ਮਾਲਕਣ ਨੇ ਵੀ ਹਾਮੀ ਭਰ ਦਿੱਤੀ।"ਹਾਂ ਹਾਂ ਕਿਉਂ ਨਹੀਂ! ਇਹ ਬੈਠਣ ਲਈ ਬਣਾਈ ਹੈ।" ਕਈ ਵਰ੍ਹੇ ਬੀਤ ਗਏ।ਉਹ ਦੋਨੋਂ ਜੀ ਸਾਰਾ ਸਾਰਾ ਦਿਨ ਇੱਥੇ ਹੀ ਬਹਿ ਛੱਡਦੇ।ਘਰਦੇ ਵੀ ਉਨ੍ਹਾਂ ਨੂੰ ਕੋਈ ਰੋਕ ਟੋਕ ਨਾ ਕਰਦੇ।ਇੱਕ ਦਿਨ ਦੁਪਹਿਰ ਵੇਲੇ ਬਾਹਰੋਂ ਰੌਲਾ ਪੈਂਦੇ ਦੀ ਆਵਾਜ਼ ਆਈ। ਘਰ ਦੀ ਮਾਲਕਣ ਵੀ ਬਾਹਰ ਆ ਗਈ ਥੜੀ ਦੁਆਲੇ ਇਕੱਠ ਵੇਖ ਕੇ ਹੈਰਾਨ ਜਿਹੀ ਹੋ ਗਈ... ਪਤਾ ਲੱਗਾ ਕਿ ਕਈ ਦਿਨਾਂ ਤੋਂ ਢਿੱਲੀ ਮਮਤਾ ਪੂਰੀ ਹੋ ਗਈ ਲੋਕਾਂ ਦੀ ਭੀੜ ਮਮਤਾ ਨੂੰ ਵੇਖ ਵੇਖ ਮੁੜ ਰਹੀ ਸੀ। ਕੋਈ ਵੀ ਮਦਦ ਲਈ ਅੱਗੇ ਨਹੀਂ ਸੀ ਆਇਆ।ਘਰ ਦੇ ਮਾਲਕਾਂ ਨੇ ਮਮਤਾ ਦੇ ਸਸਕਾਰ ਦਾ ਸਾਰਾ ਖਰਚਾ ਉਠਾਇਆ ਤੇ ਸਸਕਾਰ ਕਰ ਦਿੱਤਾ। ਮਮਤਾ ਦੇ ਪੁੰਨ ਖੱਟਣ ਵਾਲੇ ਕਹੇ ਬੋਲ ਪੂਰੇ ਹੋ ਗਏ ਸਨ...

**ਗੁਰਜੀਤ ਕੌਰ 'ਮੋਗਾ'**
**Gurjeetkaurwriter@gmail.com**

# ਮਾਂ-ਬੋਲੀ ਦਾ ਸਰਬਣ ਪੁੱਤ ਪ੍ਰਵਾਸੀ ਪੰਜਾਬੀ

ਪੰਜਾਬੀ ਸਾਹਿਤ ਅੰਦਰ ਬਹੁਤ ਸਾਰੀਆਂ ਕਲਮਾਂ ਅਜਿਹੀਆਂ ਹਨ ਜਿਨ੍ਹਾਂ ਨੇ ਆਪਣੇ ਬਲਬੂਤੇ ਤੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ । ਫਰਮਾਇਸ਼ੀ ਅਤੇ ਸਮਝੌਤਿਆਂ ਦੀ ਫ਼ਿਤਰਤ ਤੋਂ ਅੱਗੇ ਲੰਘ ਕੇ ਪੰਜਾਬੀ ਸਾਹਿਤ ਅੰਦਰ ਆਪਣਾ ਭਰਵਾਂ ਯੋਗਦਾਨ ਪਾਇਆ ਹੈ ।ਅਜਿਹਾ ਹੀ ਇੱਕ ਨਾਂ ਹੈ ਪ੍ਰਵਾਸੀ ਪੰਜਾਬੀ ਲੇਖਕ ਸਿੰਦਰ ਸਿੰਘ ਮੀਰਪੁਰੀ ਦਾ ।ਦੁਆਬੇ ਦੀ ਧਰਤੀ ਦੇ ਘੁੱਗ ਵੱਸਦੇ ਪਿੰਡ ਮੀਰਪੁਰ ਜੱਟਾਂ ਦੀਆਂ ਗਲੀਆਂ ਅੰਦਰ ਖੇਡ ਕੇ ਜਵਾਨ ਹੋਏ ਤੇ ਅੱਜਕੱਲ੍ਹ ਅਮਰੀਕਾ ਦੇ ਸ਼ਹਿਰ ਫਰਿਜਨੋ ਵਸਦੇ ਸਿੰਦਰ ਨੂੰ ਸਵਰਗੀ ਬਾਪੂ ਜੋਗਿੰਦਰ ਸਿੰਘ ਅਤੇ ਮਾਤਾ ਦਲੀਪ ਕੌਰ ਵੱਲੋਂ 'ਜ਼ਿੰਦਗੀ ਦਾ ਅਸਲ ਮਨੋਰਥ' ਸਮਝਣ ਦੀ ਦਿੱਤੀ ਗੁੜ੍ਹਤੀ ਨੇ ਪੰਜਾਬੀ ਸਾਹਿਤ ਦੇ ਅਜਿਹਾ ਲੜ ਲਗਾਇਆ ਸਿੰਦਰ ਨੇ ਅੱਜ ਤਕ ਪਿੱਛੇ ਮੁੜ ਕੇ ਦੇਖਣਾ ਮੁਨਾਸਬ ਨਾ ਸਮਝਿਆ ।ਸਿੰਦਰ ਸਿੰਘ ਮੀਰਪੁਰੀ ਨੇ ਪੰਜਾਬੀ ਸਾਹਿਤ ਨੂੰ ਪੜ੍ਹਨ ਵਾਲਿਆਂ ਲਈ ਸੈਂਕੜੇ ਅਜਿਹੇ ਲੇਖ ਦਿੱਤੇ ਜੋ ਇਤਿਹਾਸ ਬਣ ਗਏ ।ਪਿੰਡ ਮੀਰਪੁਰ ਜੱਟਾਂ ਦੇ ਵਾਸੀਆਂ ਦਾ ਸਿਰ ਉਸ ਵੇਲੇ ਮਾਣ ਨਾਲ ਉੱਚਾ ਹੋ ਜਾਂਦੈ । ਜਦੋਂ ਪਾਠਕ ਸਿੰਦਰ ਸਿੰਘ ਮੀਰਪੁਰੀ ਦੀ ਗਿਣਤੀ ਪੰਜਾਬੀ ਦੇ ਉਨ੍ਹਾਂ ਮਹਾਨ ਕਲਮਕਾਰਾਂ ਵਿੱਚ ਕਰਦੇ ਨੇ ਜਿਨ੍ਹਾਂ ਨੇ ਲੰਬਾ ਸਮਾਂ ਪੰਜਾਬੀ ਮਾਂ ਬੋਲੀ ਦੇ ਹਿੱਸੇ ਲਾਇਆ ਹੈ ।ਉਸ ਦੇ ਜੀਵਨ ਤੇ ਝਾਤ ਮਾਰੀਏ ਤਾਂ ਉਸ ਦੇ ਲਿਖੇ ਦਰਜਨਾਂ ਲੇਖ ਹਫਤਾਵਾਰੀ ਅਖ਼ਬਾਰਾਂ ਵਿੱਚ ਅਕਸਰ ਛਪਦੇ ਰਹਿੰਦੇ ਹਨ ।ਉਸ ਨੇ ਹੁਣ ਤੱਕ ਸਰਦਾਰੀਆਂ , ਆਓ ਪੰਜਾਬ ਬਚਾਈਏ ਅਤੇ ਮਾਪੇ ਤੋਂ ਇਲਾਵਾ ਪੰਜ ਕਿਤਾਬਾਂ ਆਪਣੇ ਪੜ੍ਹਨ ਵਾਲਿਆਂ ਦੀ ਝੋਲੀ ਵਿੱਚ ਪਾਈਆਂ ਹਨ ।

ਸਰਦਾਰੀ ਸਰੂਪ ਵਿੱਚ ਗੜੁੱਚ ਰਹਿਣ ਵਾਲੇ ਸਿੰਦਰ ਮੀਰਪੁਰੀ ਦੇ ਬਾਬਾ ਨਾਨਕ , ਏ.ਕੇ. ਸੰਤਾਲੀ ਅਤੇ ਗਿਣੇ ਨਾ ਟਰੈਕਟਰ ਜਾਣੇ ਦਿਲੀਏ , ਭੰਗੜਾ ਪੈਂਦਾ ਯਾਰਾਂ ਦਾ ਵਰਗੇ ਦਰਜਨਾਂ ਗੀਤਾਂ ਨੂੰ ਬਲਕਾਰ ਵਰਗੇ ਪੰਜਾਬ ਦੇ ਚੰਗੇ ਕਲਾਕਾਰਾਂ ਨੇ ਆਪਣੀ ਆਵਾਜ਼ ਰਾਹੀਂ ਪੰਜਾਬ ਦੀ ਫਿਜਾ ਅੰਦਰ ਬਿਖੇਰਿਆ ਹੈ ।ਪੰਜਾਬ ਦੀ ਕਿਸਾਨੀ ਨਾਲ ਸਬੰਧਤ ਗੀਤਾਂ ਸਣੇ ਉਸ ਦੇ ਲਿਖੇ ਦਰਜਨਾਂ ਗੀਤ ਨੂੰ ਲੱਖਾਂ ਸਰੋਤਿਆਂ ਨੇ ਸੁਣਿਆ ਅਤੇ ਵਾਹ-ਵਾਹ ਦਿੱਤੀ ਸੀ । ਸਿੰਦਰ ਸਿੰਘ ਮੀਰਪੁਰੀ ਦੇ ਲਿਖੇ ਵਧੀਆ ਗੀਤਾਂ ਕਾਰਨ ਉਸ ਦੇ ਨਾਂ ਦੀ ਚਰਚਾ ਅਗਲੇ ਸਮੇਂ ਨੂੰ ਪੰਜਾਬੀ ਫਲਿਮ ਇੰਡਸਟਰੀ ਵਿੱਚ ਵੀ ਚੱਲੀ ਗੂੰਜੇਗੀ । ਟਰਾਂਸਪੋਰਟ ਦੇ ਧੰਦੇ ਨਾਲ ਜੁੜੇ ਸਿੰਦਰ ਸਿੰਘ ਮੀਰਪੁਰੀ ਨੇ ਕਦੇ ਵੀ ਆਪਣੇ ਤੇ ਹਾਈ-ਫਾਈ ਹੋਣ ਦਾ ਪਰਛਾਵਾਂ ਨਹੀਂ ਪੈਣ ਦਿੱਤਾ ਉਸ ਨੇ ਸਦਾ ਹੀ ਜ਼ਮੀਨ ਨਾਲ ਜੁੜੇ ਰਹਿਣ ਦੀ ਗੱਲ ਕੀਤੀ । ਕੁਝ ਸਮੇਂ ਨੂੰ ਇਕ ਵਾਰ ਫਿਰ ਇਹ ਨੌਜਵਾਨ ਆਪਣੇ ਨਵੇਂ ਨਕੋਰ ਗੀਤ ਅਤੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈ ਜਾਣ ਵਾਲੀ ਨਵੀਂ ਕਿਤਾਬ ਨੂੰ ਲੈ ਕੇ ਚਰਚਾ ਵਿੱਚ ਹੋਵੇਗਾ । ਸਿੰਦਰ ਸਿੰਘ ਮੀਰਪੁਰੀ ਅੱਜਕੱਲ੍ਹ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿਖੇ ਆਪਣੀ ਸ਼ਰੀਕ-ਏ-ਹਿਆਤ ਸੁਰਿੰਦਰ ਕੌਰ, ਪੁੱਤਰ ਮਿਲਨਜੋਤ ਸਿੰਘ ਰਠੌਰ ਅਤੇ ਮਾਤਾ ਦੇ ਨਾਲ ਜ਼ਿੰਦਗੀ ਦੀਆਂ ਸੱਧਰਾਂ ਨੂੰ ਮਾਣ ਰਿਹਾ ਹੈ ।ਮਾਲਕ ਇਸ ਨੌਜਵਾਨ ਤੇ ਆਪਣਾ ਮਿਹਰ ਭਰਿਆ ਹੱਥ ਰੱਖੇ ਤਾਂ ਕਿ ਸਿੰਦਰ ਸਿੰਘ ਮੀਰਪੁਰੀ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਹੋਰ ਅੱਗੇ ਵਧੇ ।

**ਲੇਖਕ-ਸਿੰਦਰ ਸਿੰਘ ਮੀਰਪੁਰੀ**




# ਇੱਕ ਸਾਂਝੀ ਬ੍ਰਿਕਸ ਮੁਦਰਾ ਬਨਾਮ ਡੀਡੌਲਰਾਈਜ਼ੇਸ਼ਨ: ਡਾਲਰ ਦੇ ਖਿਲਾਫ ਬ੍ਰਿਕਸ ਦਾ ਚੁੱਪ ਹਮਲਾ-ਪੁਤਿਨ, ਸ਼ੀ ਅਤੇ ਮੋਦੀ ਦੀ ਰਣਨੀਤੀ ਅਮਰੀਕੀ ਵਿੱਤੀ ਸਰਦਾਰੀ ਨੂੰ ਕਿਵੇਂ ਹਿਲਾ ਦੇਵੇਗੀ ? - ਇੱਕ ਵਿਆਪਕ ਵਿਸ਼ਲੇਸ਼ਣ

☛ ਪੁਤਿਨ-ਸ਼ੀ ਦੀ ਟਰੰਪ ਨਾਲ ਭਾਰਤ ਫੇਰੀ ਤੋਂ - ਡਾਲਰ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਲਈ ਇੱਕ ਚੁੱਪ ਰਣਨੀਤੀ - ਡਾਲਰ ਦੀ ਹੌਲੀ ਵਾਪਸੀ ?

☛ ਇੱਕ ਸਾਂਝੀ ਬ੍ਰਿਕਸ ਮੁਦਰਾ ਦਾ ਸੁਪਨਾ ਜਾਂ ਡਾਲਰ ਦੀ ਹੌਲੀ ਵਾਪਸੀ ? ਪੁਤਿਨ, ਸ਼ੀ ਅਤੇ ਮੋਦੀ ਦੀ ਆਰਥਿਕ ਰਣਨੀਤੀ ਨੇ ਖੇਡ ਨੂੰ ਬਦਲ ਦਿੱਤਾ-ਟਰੰਪ ਦੇ ਟੈਰਿਫ ਖ਼ਤਰੇ ਦੇ ਵਿਚਕਾਰ, ਕੀ ਡਾਲਰ ਦੇ ਸਮਾਨਾਂਤਰ ਇੱਕ ਨਵਾਂ ਵਿੱਤੀ ਵਿਧੀ ਬਣਾਈ ਜਾ ਰਹੀ ਹੈ ?-ਵਕੀਲ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ

ਮੌਜੂਦਾ ਵਿਸ਼ਵਵਿਆਪੀ ਆਰਥਿਕ ਅਤੇ ਵਿੱਤੀ ਬਾਜ਼ਾਰ ਦੇ ਦ੍ਰਿਸ਼ ਵਿੱਚ, ਬ੍ਰਿਕਸ ਡੀਡੌਲਰਾਈਜ਼ੇਸ਼ਨ ਏਜੰਡਾ ਦੁਨੀਆ ਲਈ ਇੱਕ ਮਹੱਤਵਪੂਰਨ ਆਰਥਿਕ ਸੰਕੇਤ ਵਜੋਂ ਉੱਭਰ ਰਿਹਾ ਹੈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਬ੍ਰਿਕਸ ਰਣਨੀਤੀ ਸੰਯੁਕਤ ਰਾਜ ਅਮਰੀਕਾ ਅਤੇ ਇਸਦੇ ਰਾਸ਼ਟਰਪਤੀ ਟਰੰਪ ਨੂੰ ਇੱਕ ਖੁੱਲ੍ਹੀ ਮੁਦਰਾ ਜੰਗ ਨਾਲ ਚੁਣੌਤੀ ਦੇਣ ਦੀ ਬਜਾਏ ਵਧੇਰੇ ਸੰਜੀਦਾ, ਵਿਹਾਰਕ ਅਤੇ ਲੰਬੇ ਸਮੇਂ ਦੀ ਜਾਪਦੀ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ,ਗੋਂਡੀਆ, ਮਹਾਰਾਸ਼ਟਰ, ਇਹ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਸਭ ਤੋਂ ਵੱਡਾ ਸਵਾਲ ਇੱਕ ਸਾਂਝੀ ਬ੍ਰਿਕਸ ਮੁਦਰਾ ਬਾਰੇ ਨਹੀਂ ਹੈ, ਸਗੋਂ ਇੱਕ ਅਜਿਹੀ ਪ੍ਰਣਾਲੀ ਬਾਰੇ ਹੈ ਜਿਸ ਵਿੱਚ ਅੰਤਰਰਾਸ਼ਟਰੀ ਵਪਾਰ, ਊਰਜਾ ਖਰੀਦਦਾਰੀ, ਨਿਵੇਸ਼ ਅਤੇ ਭੁਗਤਾਨ ਲਈ ਅਮਰੀਕੀ ਡਾਲਰ ਦੀ ਜ਼ਰੂਰਤ ਨੂੰ ਹੌਲੀ-ਹੌਲੀ ਘਟਾਇਆ ਜਾ ਸਕਦਾ ਹੈ। ਜਦੋਂ ਕਿ ਭਾਰਤ, ਰੂਸ, ਚੀਨ, ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਈਰਾਨ ਵਰਗੇ ਦੇਸ਼ਾਂ ਦੇ ਆਰਥਿਕ ਹਿੱਤ ਪੂਰੀ ਤਰ੍ਹਾਂ ਇੱਕੋ ਜਿਹੇ ਨਹੀਂ ਹੋ ਸਕਦੇ, ਡਾਲਰ 'ਤੇ ਬਹੁਤ ਜ਼ਿਆਦਾ ਨਿਰਭਰਤਾ ਘਟਾਉਣ ਦੀ ਇੱਛਾ ਕਈ ਖੇਤਰਾਂ ਵਿੱਚ ਸਾਂਝਾ ਆਧਾਰ ਪ੍ਰਦਾਨ ਕਰਦੀ ਹੈ। ਇਸ ਲਈ, ਬ੍ਰਿਕਸ ਦਾ ਸੰਦੇਸ਼ ਇਹ ਨਹੀਂ ਹੈ ਕਿ ਡਾਲਰ ਅੱਜ ਅਲੋਪ ਹੋ ਜਾਵੇਗਾ, ਸਗੋਂ ਦੁਨੀਆ ਕੋਲ ਵਿਕਲਪ ਹੋਣੇ ਚਾਹੀਦੇ ਹਨ।

ਦੋਸਤੋ, ਜੇਕਰ ਅਸੀਂ ਇੱਕ ਸਾਂਝੀ ਬ੍ਰਿਕਸ ਮੁਦਰਾ ਬਨਾਮ ਡੀਡੌਲਰਾਈਜ਼ੇਸ਼ਨ ਬਾਰੇ ਚਰਚਾ ਕਰੀਏ: ਅਸਲ ਖੇਡ ਕੀ ਹੈ ? ਉਦਾਹਰਣ ਵਜੋਂ, ਜਦੋਂ ਕਿ ਬ੍ਰਿਕਸ ਸਾਂਝੀ ਮੁਦਰਾ ਬਾਰੇ ਅੰਤਰਰਾਸ਼ਟਰੀ ਚਰਚਾ ਲੰਬੇ ਸਮੇਂ ਤੋਂ ਚੱਲ ਰਹੀ ਹੈ, ਇੱਕ ਸਾਂਝੀ ਮੁਦਰਾ ਬਣਾਉਣਾ ਇੱਕ ਬਹੁਤ ਹੀ ਗੁੰਝਲਦਾਰ ਪ੍ਰਕਿਰਿਆ ਹੈ। ਇਸ ਲਈ ਮੈਂਬਰ ਦੇਸ਼ਾਂ ਵਿੱਚ ਮੁਦਰਾ ਨੀਤੀ, ਐਕਸਚੇਂਜ ਦਰਾਂ, ਵਿਦੇਸ਼ੀ ਮੁਦਰਾ ਭੰਡਾਰ, ਕੇਂਦਰੀ ਬੈਂਕਿੰਗ ਪ੍ਰਬੰਧ, ਵਿੱਤੀ ਅਨੁਸ਼ਾਸਨ ਅਤੇ ਰਾਜਨੀਤਿਕ ਸਹਿਮਤੀ ਸਮੇਤ ਕਈ ਮੁੱਦਿਆਂ 'ਤੇ ਨਜ਼ਦੀਕੀ ਤਾਲਮੇਲ ਦੀ ਲੋੜ ਹੋਵੇਗੀ। ਇਸ ਲਈ, ਤੁਰੰਤ ਇੱਕ ਸਾਂਝੀ ਬ੍ਰਿਕਸ ਮੁਦਰਾ ਸਥਾਪਤ ਕਰਨ ਦੀ ਬਜਾਏ, ਸਥਾਨਕ ਮੁਦਰਾਵਾਂ ਵਿੱਚ ਵਪਾਰ, ਦੁਵੱਲੇ ਭੁਗਤਾਨ ਪ੍ਰਬੰਧਾਂ, ਅਤੇ ਸਰਹੱਦ ਪਾਰ ਵਿੱਤੀ ਪ੍ਰਣਾਲੀਆਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨਾ ਵਧੇਰੇ ਵਿਹਾਰਕ ਜਾਪਦਾ ਹੈ। ਇਹ ਉਹ ਥਾਂ ਹੈ ਜਿੱਥੇ ਇੱਕ ਸਾਂਝੀ ਮੁਦਰਾ ਅਤੇ ਡਾਲਰੀਕਰਨ ਵਿੱਚ ਅੰਤਰ ਸਪੱਸ਼ਟ ਹੋ ਜਾਂਦਾ ਹੈ। ਡਾਲਰੀਕਰਨ ਦਾ ਮਤਲਬ ਜ਼ਰੂਰੀ ਤੌਰ 'ਤੇ ਡਾਲਰ ਨੂੰ ਖਤਮ ਕਰਨਾ ਨਹੀਂ ਹੈ, ਸਗੋਂ ਜਿੱਥੇ ਸੰਭਵ ਹੋਵੇ ਇਸਦੀ ਜ਼ਰੂਰਤ ਨੂੰ ਘਟਾਉਣਾ ਹੈ। ਜੇਕਰ ਭਾਰਤ ਅਤੇ ਰੂਸ ਆਪਣੀਆਂ ਰਾਸ਼ਟਰੀ ਮੁਦਰਾਵਾਂ ਵਿੱਚ ਊਰਜਾ ਵਪਾਰ ਦਾ ਵੱਡਾ ਹਿੱਸਾ ਚਲਾ ਸਕਦੇ ਹਨ, ਜੇਕਰ ਬ੍ਰਿਕਸ ਦੇਸ਼ ਆਪਸੀ ਵਪਾਰ ਵਿੱਚ ਵਿਕਲਪਕ ਭੁਗਤਾਨ ਪ੍ਰਣਾਲੀਆਂ ਦੀ ਵਰਤੋਂ ਨੂੰ ਵਧਾਉਂਦੇ ਹਨ, ਅਤੇ ਜੇਕਰ ਨਿਵੇਸ਼ ਅਤੇ ਸਰਹੱਦ ਪਾਰ ਭੁਗਤਾਨਾਂ ਲਈ ਨਵੇਂ ਵਿੱਤੀ ਢਾਂਚੇ ਵਿਕਸਤ ਕੀਤੇ ਜਾਂਦੇ ਹਨ, ਤਾਂ ਕੁਝ ਖੇਤਰਾਂ ਵਿੱਚ ਡਾਲਰ ਦੀ ਭੂਮਿਕਾ ਨੂੰ ਘਟਾਇਆ ਜਾ ਸਕਦਾ ਹੈ ਭਾਵੇਂ ਇੱਕ ਨਵੀਂ ਸਾਂਝੀ ਮੁਦਰਾ ਨਾ ਹੋਵੇ। ਇਹ ਰਣਨੀਤੀ ਘੱਟ ਟਕਰਾਅ ਵਾਲੀ ਅਤੇ ਵਧੇਰੇ ਵਿਹਾਰਕ ਹੈ।

ਦੋਸਤੋ, ਜੇਕਰ ਅਸੀਂ ਬ੍ਰਿਕਸ ਦੀ ਚੁੱਪ ਡਾਲਰੀਕਰਨ ਦੀ ਰਣਨੀਤੀ 'ਤੇ ਵਿਚਾਰ ਕਰੀਏ: ਡਾਲਰ ਨੂੰ ਚੁਣੌਤੀ ਦੇਣਾ ਅਤੇ ਟਕਰਾਅ ਤੋਂ ਬਚਣਾ, ਤਾਂ ਬ੍ਰਿਕਸ ਦੀ ਸਭ ਤੋਂ ਮਹੱਤਵਪੂਰਨ ਰਣਨੀਤਕ ਵਿਸ਼ੇਸ਼ਤਾ ਅਮਰੀਕਾ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੇ ਬਿਨਾਂ ਵਿਸ਼ਵ ਵਿੱਤੀ ਪ੍ਰਣਾਲੀ ਵਿੱਚ ਵਿਕਲਪਾਂ ਦਾ ਵਿਸਥਾਰ ਕਰਨ ਦੀ ਸਮਰੱਥਾ ਹੋ ਸਕਦੀ ਹੈ। ਇਸਨੂੰ ਚੁੱਪ ਡਾਲਰੀਕਰਨ ਕਿਹਾ ਜਾ ਸਕਦਾ ਹੈ, ਹਾਲਾਂਕਿ ਇਹ ਅਧਿਕਾਰਤ ਬ੍ਰਿਕਸ ਸ਼ਬਦ ਨਹੀਂ ਹੈ, ਸਗੋਂ ਇਸ ਪ੍ਰਕਿਰਿਆ ਨੂੰ ਸਮਝਣ ਦਾ ਇੱਕ ਵਿਸ਼ਲੇਸ਼ਣਾਤਮਕ ਤਰੀਕਾ ਹੈ। ਇਸ ਵਿੱਚ ਡਾਲਰ ਨੂੰ ਹਟਾਉਣ ਦਾ ਇੱਕ ਵੀ ਐਲਾਨ ਸ਼ਾਮਲ ਨਹੀਂ ਹੈ; ਇਸ ਦੀ ਬਜਾਏ, ਛੋਟੇ ਕਦਮਾਂ ਰਾਹੀਂ, ਰਾਸ਼ਟਰੀ ਮੁਦਰਾਵਾਂ, ਸਥਾਨਕ ਭੁਗਤਾਨ ਨੈੱਟਵਰਕਾਂ ਅਤੇ ਵਿਕਲਪਿਕ ਵਿੱਤੀ ਵਿਧੀਆਂ ਦੀ ਵਰਤੋਂ ਦਾ ਵਿਸਤਾਰ ਕੀਤਾ ਜਾਂਦਾ ਹੈ। ਇਸ ਰਣਨੀਤੀ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿੱਚ ਬ੍ਰਿਕਸ ਮੈਂਬਰ ਦੇਸ਼ਾਂ ਨੂੰ ਅਮਰੀਕੀ ਵਿੱਤੀ ਪ੍ਰਣਾਲੀ ਤੋਂ ਤੁਰੰਤ ਅਤੇ ਪੂਰੀ ਤਰ੍ਹਾਂ ਵੱਖ ਹੋਣ ਦੀ ਲੋੜ ਨਹੀਂ ਹੈ। ਡਾਲਰ ਵਿਸ਼ਵ ਵਪਾਰ, ਵਿਦੇਸ਼ੀ ਮੁਦਰਾ ਭੰਡਾਰ, ਵਿੱਤੀ ਬਾਜ਼ਾਰਾਂ ਅਤੇ ਅੰਤਰਰਾਸ਼ਟਰੀ ਲੈਣ-ਦੇਣ ਵਿੱਚ ਬਹੁਤ ਮਹੱਤਵਪੂਰਨ ਰਹਿੰਦਾ ਹੈ। ਇਸ ਲਈ, ਬ੍ਰਿਕਸ ਲਈ ਵਿਹਾਰਕ ਰਸਤਾ ਅਚਾਨਕ ਡਾਲਰ ਨਾਲ ਟੁੱਟਣਾ ਨਹੀਂ ਹੈ, ਸਗੋਂ ਇੱਕ ਬਹੁ-ਧਰੁਵੀ ਵਿੱਤੀ ਪ੍ਰਣਾਲੀ ਬਣਾਉਣਾ ਹੈ ਜਿਸ ਵਿੱਚ ਡਾਲਰ ਇਕਲੌਤਾ ਜ਼ਰੂਰੀ ਮਾਧਿਅਮ ਨਹੀਂ ਹੈ ।ਯਾਨੀ, ਡਾਲਰ ਦੀ ਵਰਤੋਂ ਘੱਟ ਕੀਤੀ ਜਾਣੀ ਚਾਹੀਦੀ ਹੈ, ਪਰ ਇਸਦੀ ਜ਼ਰੂਰੀਤਾ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ। ਇਹ ਇੱਕ ਰਣਨੀਤੀ ਹੈ ਜੋ ਰਾਜਨੀਤਿਕ ਟਕਰਾਅ ਨੂੰ ਸੀਮਤ ਕਰਦੇ ਹੋਏ ਆਰਥਿਕ ਵਿਕਲਪਾਂ ਦਾ ਵਿਸਤਾਰ ਕਰ ਸਕਦੀ ਹੈ।

ਦੋਸਤੋ, ਜੇਕਰ ਅਸੀਂ ਟਰੰਪ ਦੀ ਟੈਰਿਫ ਚੇਤਾਵਨੀ ਅਤੇ ਬ੍ਰਿਕਸ ਦੇ ਸ਼ਾਂਤ ਜਵਾਬ 'ਤੇ ਵਿਚਾਰ ਕਰੀਏ, ਤਾਂ ਡੋਨਾਲਡ ਟਰੰਪ ਨੇ ਬ੍ਰਿਕਸ ਦੇਸ਼ਾਂ ਦੁਆਰਾ ਡਾਲਰ ਦੀ ਵਿਸ਼ਵਵਿਆਪੀ ਭੂਮਿਕਾ ਨੂੰ ਕਮਜ਼ੋਰ ਕਰਨ ਦੀ ਕਿਸੇ ਵੀ ਗੰਭੀਰ ਕੋਸ਼ਿਸ਼ ਦੇ ਵਿਰੁੱਧ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਇਸ ਸਥਿਤੀ ਵਿੱਚ, ਬ੍ਰਿਕਸ ਕੋਲ ਦੋ ਵਿਕਲਪ ਹੋ ਸਕਦੇ ਹਨ: ਪਹਿਲਾ, ਅਮਰੀਕਾ ਨਾਲ ਸਿੱਧਾ ਆਰਥਿਕ ਅਤੇ ਮੁਦਰਾ ਟਕਰਾਅ; ਦੂਜਾ, ਬਿਨਾਂ ਕਿਸੇ ਰਸਮੀ ਡਾਲਰ ਵਿਰੋਧੀ ਘੋਸ਼ਣਾ ਦੇ ਇੱਕ ਵਿਕਲਪਿਕ ਪ੍ਰਣਾਲੀ ਨੂੰ ਹੌਲੀ-ਹੌਲੀ ਮਜ਼ਬੂਤ ? ?ਕਰਨਾ। ਦੂਜਾ ਪਹੁੰਚ ਰਾਜਨੀਤਿਕ ਤੌਰ 'ਤੇ ਵਧੇਰੇ ਸਾਵਧਾਨ ਅਤੇ ਆਰਥਿਕ ਤੌਰ 'ਤੇ ਵਧੇਰੇ ਵਿਹਾਰਕ ਦਿਖਾਈ ਦਿੰਦਾ ਹੈ। ਜੇਕਰ ਬ੍ਰਿਕਸ

**ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ 9226229318**

ਡਾਲਰ ਦੇ ਦਬਦਬੇ ਨੂੰ ਖਤਮ ਕਰਨ ਦੇ ਆਪਣੇ ਇਰਾਦੇ ਦਾ ਖੁੱਲ੍ਹ ਕੇ ਐਲਾਨ ਕਰਦਾ ਹੈ, ਤਾਂ ਅਮਰੀਕਾ ਇਸਨੂੰ ਇੱਕ ਰਣਨੀਤਕ ਆਰਥਿਕ ਚੁਣੌਤੀ ਵਜੋਂ ਦੇਖ ਸਕਦਾ ਹੈ। ਇਸ ਦੇ ਉਲਟ, ਜੇਕਰ ਬ੍ਰਿਕਸ ਇਹ ਜਾਰੀ ਰੱਖਦਾ ਹੈ ਕਿ ਉਸਦਾ ਉਦੇਸ਼ ਡਾਲਰ ਨੂੰ ਖਤਮ ਕਰਨਾ ਨਹੀਂ ਹੈ, ਸਗੋਂ ਵਪਾਰ ਵਿੱਚ ਸਥਾਨਕ ਮੁਦਰਾਵਾਂ ਅਤੇ ਵਿਕਲਪਕ ਭੁਗਤਾਨ ਸਾਧਨਾਂ ਦੀ ਵਰਤੋਂ ਨੂੰ ਵਧਾਉਣਾ ਹੈ, ਤਾਂ ਇਹ ਇੱਕ ਵੱਖਰਾ ਸੰਦੇਸ਼ ਭੇਜਦਾ ਹੈ। ਇਸ ਸਥਿਤੀ ਵਿੱਚ, ਅਮਰੀਕਾ ਲਈ ਹਰੇਕ ਕਦਮ ਦਾ ਇੱਕੋ ਜਿਹੀ ਤੀਬਰਤਾ ਨਾਲ ਜਵਾਬ ਦੇਣਾ ਮੁਸ਼ਕਲ ਹੋ ਸਕਦਾ ਹੈ ।ਇਹੀ ਕਾਰਨ ਹੈ ਕਿ ਬ੍ਰਿਕਸ ਦੀ ਅਸਲ ਤਾਕਤ ਨਾਅਰਿਆਂ ਵਿੱਚ ਨਹੀਂ, ਸਗੋਂ ਸਿਸਟਮ-ਨਿਰਮਾਣ ਵਿੱਚ ਹੈ। ਜੇਕਰ ਵਿਕਲਪਕ ਵਿਧੀਆਂ ਵੱਡੇ ਪੱਧਰ 'ਤੇ ਭਰੋਸੇਯੋਗ, ਸਸਤੇ, ਤੇਜ਼ ਅਤੇ ਉਪਯੋਗੀ ਸਾਬਤ ਹੁੰਦੀਆਂ ਹਨ, ਤਾਂ ਵਪਾਰਕ ਸੰਸਥਾਵਾਂ ਅਤੇ ਦੇਸ਼ ਕੁਦਰਤੀ ਤੌਰ 'ਤੇ ਆਪਣੀ ਵਰਤੋਂ ਵਧਾ ਸਕਦੇ ਹਨ।

ਦੋਸਤੋ, ਜੇਕਰ ਅਸੀਂ ਪੁਤਿਨ ਦੀ ਭਾਰਤ ਫੇਰੀ 'ਤੇ ਵਿਚਾਰ ਕਰੀਏ: ਟਰੰਪ ਲਈ ਸਭ ਤੋਂ ਵੱਡਾ ਆਰਥਿਕ ਸੰਦੇਸ਼ ਕੀ ਹੈ ? ਇਸ ਨੂੰ ਸਮਝਣ ਲਈ, ਪੁਤਿਨ ਦੀ ਫੇਰੀ ਅਤੇ ਭਾਰਤ-ਰੂਸ ਰਣਨੀਤਕ ਸਬੰਧਾਂ ਨੂੰ ਸਿਰਫ਼ ਰਵਾਇਤੀ ਕੂਟਨੀਤਕ ਸਬੰਧਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ ਅਧੂਰਾ ਹੋਵੇਗਾ। ਊਰਜਾ, ਰੱਖਿਆ, ਵਪਾਰ, ਨਿਵੇਸ਼ ਅਤੇ ਭੁਗਤਾਨ ਪ੍ਰਣਾਲੀਆਂ ਦੇ ਵਿਆਪਕ ਆਰਥਿਕ ਪਹਿਲੂ ਵੀ ਹਨ। ਭਾਰਤ ਰੂਸ ਤੋਂ ਕਾਫ਼ੀ ਮਾਤਰਾ ਵਿੱਚ ਊਰਜਾ ਖਰੀਦਦਾ ਹੈ, ਅਤੇ ਰੂਸ ਭਾਰਤ ਲਈ ਇੱਕ ਮੁੱਖ ਰਣਨੀਤਕ ਭਾਈਵਾਲ ਹੈ। ਇਸ ਲਈ, ਵਧੇਰੇ ਕੁਸ਼ਲ ਭੁਗਤਾਨ ਪ੍ਰਣਾਲੀਆਂ ਅਤੇ ਰਾਸ਼ਟਰੀ ਮੁਦਰਾਵਾਂ ਰਾਹੀਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਨੂੰ ਉਤਸ਼ਾਹਿਤ ਕਰਨ ਦੀਆਂ ਸੰਭਾਵਨਾਵਾਂ ਸਿਰਫ਼ ਦੁਵੱਲੇ ਸਬੰਧਾਂ ਦਾ ਮਾਮਲਾ ਨਹੀਂ ਹਨ; ਉਹ ਵਿਆਪਕ ਵਿਸ਼ਵ ਵਿੱਤੀ ਪ੍ਰਣਾਲੀ ਨੂੰ ਵੀ ਪ੍ਰਭਾਵਤ ਕਰ ਸਕਦੀਆਂ ਹਨ। ਟਰੰਪ ਲਈ ਸਭ ਤੋਂ ਵੱਡਾ ਸੰਦੇਸ਼ ਇਹ ਹੋ ਸਕਦਾ ਹੈ ਕਿ ਵੱਡੇ ਦੇਸ਼ ਅਮਰੀਕੀ ਟੈਰਿਫਾਂ ਜਾਂ ਡਾਲਰ ਦੀ ਮਜ਼ਬੂਤੀ ਦੇ ਬਾਵਜੂਦ ਆਪਣੇ ਆਰਥਿਕ ਹਿੱਤਾਂ ਦੀ ਪੂਰਤੀ ਲਈ ਵਿਕਲਪਿਕ ਰਸਤੇ ਲੱਭ ਸਕਦੇ ਹਨ। ਜੇਕਰ ਭਾਰਤ ਰੂਸ ਨਾਲ ਊਰਜਾ ਅਤੇ ਹੋਰ ਵਪਾਰਕ ਸਬੰਧਾਂ ਨੂੰ ਮਜ਼ਬੂਤ ? ?ਕਰਦਾ ਹੈ, ਤਾਂ ਰੂਸ ਏਸ਼ੀਆਈ ਬਾਜ਼ਾਰਾਂ 'ਤੇ ਆਪਣੀ ਨਿਰਭਰਤਾ ਵਧਾਉਂਦਾ ਹੈ, ਅਤੇ ਚੀਨ ਸਮੇਤ ਹੋਰ ਬ੍ਰਿਕਸ ਅਰਥਵਿਵਸਥਾਵਾਂ, ਸਥਾਨਕ ਮੁਦਰਾਵਾਂ ਵਿੱਚ ਤੇਜ਼ੀ ਨਾਲ ਲੈਣ-ਦੇਣ ਕਰਦੀਆਂ ਹਨ, ਤਾਂ ਵਿਸ਼ਵ ਵਪਾਰ ਹੌਲੀ-ਹੌਲੀ ਹੋਰ ਬਹੁ-ਧਰੁਵੀ ਬਣ ਸਕਦਾ ਹੈ। ਇਹ ਅਮਰੀਕਾ ਲਈ ਤੁਰੰਤ ਡਾਲਰ ਸੰਕਟ ਨਹੀਂ ਹੈ, ਪਰ ਲੰਬੇ ਸਮੇਂ ਵਿੱਚ, ਇਹ ਸਵਾਲ ਉਠਾਉਂਦਾ ਹੈ ਕਿ ਕੀ ਡਾਲਰ ਦੀ ਵਿਸ਼ਵਵਿਆਪੀ ਸ਼ਕਤੀ ਸਿਰਫ਼ ਇਸਦੀ ਆਰਥਿਕ ਤਾਕਤ 'ਤੇ ਅਧਾਰਤ ਹੈ ਜਾਂ ਕੀ ਦੁਨੀਆ ਕੋਲ ਢੁਕਵੇਂ ਵਿਕਲਪਾਂ ਦੀ ਘਾਟ ਹੈ। ਜੇਕਰ ਵਿਕਲਪ ਵਧਦੇ ਹਨ, ਤਾਂ ਤਸਵੀਰ ਬਦਲ ਸਕਦੀ ਹੈ। ਦੋਸਤੋ, ਜੇਕਰ ਅਸੀਂ ਪੁਤਿਨ, ਸ਼ੀ ਜਿਨਪਿੰਗ ਅਤੇ ਬ੍ਰਿਕਸ ਦੀ ਰਣਨੀਤੀ 'ਤੇ ਵਿਚਾਰ ਕਰੀਏ: ਕੀ ਡਾਲਰ ਦਾ ਦਬਦਬਾ ਗੁਪਤ ਤੌਰ 'ਤੇ ਕਮਜ਼ੋਰ ਹੋ ਜਾਵੇਗਾ ? ਇਸ ਨੂੰ ਸਮਝਣ ਲਈ, ਰੂਸ ਅਤੇ ਚੀਨ ਦੋਵਾਂ ਨੇ ਲੰਬੇ ਸਮੇਂ ਤੋਂ ਵਿਸ਼ਵ ਵਿੱਤੀ ਪ੍ਰਣਾਲੀ ਵਿੱਚ ਵਧੇਰੇ ਵਿਭਿੰਨਤਾ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। ਚੀਨ ਦੀ ਵਿਸ਼ਾਲ ਵਪਾਰਕ ਸੰਭਾਵਨਾ, ਰੂਸ ਦੀ ਊਰਜਾ ਸ਼ਕਤੀ, ਅਤੇ ਭਾਰਤ ਦਾ ਵੱਡਾ ਖਪਤਕਾਰ ਬਾਜ਼ਾਰ - ਜੇਕਰ ਵਿਆਪਕ ਬ੍ਰਿਕਸ ਵਿੱਤੀ ਸਹਿਯੋਗ ਨਾਲ ਜੋੜਿਆ ਜਾਵੇ - ਇੱਕ ਆਰਥਿਕ ਢਾਂਚਾ ਵਿਕਸਤ ਕਰ ਸਕਦਾ ਹੈ ਜੋ, ਡਾਲਰ ਦਾ ਤੁਰੰਤ ਵਿਕਲਪ ਨਾ ਹੋਣ ਦੇ ਬਾਵਜੂਦ, ਇਸਦੇ ਪ੍ਰਭਾਵ ਦੇ ਖੇਤਰ ਨੂੰ ਕੁਝ ਹੱਦ ਤੱਕ ਸੀਮਤ ਕਰ ਸਕਦਾ ਹੈ। ਹਾਲਾਂਕਿ, ਇੱਥੇ ਇੱਕ ਮਹੱਤਵਪੂਰਨ ਸਾਵਧਾਨੀ ਜ਼ਰੂਰੀ ਹੈ। ਸਾਰੇ ਬ੍ਰਿਕਸ ਮੈਂਬਰ ਦੇਸ਼ਾਂ ਦੇ ਆਰਥਿਕ ਹਿੱਤ ਇਕਸਾਰ ਨਹੀਂ ਹਨ। ਚੀਨ ਅਤੇ ਭਾਰਤ ਵਿਚਕਾਰ ਰਣਨੀਤਕ ਮੁਕਾਬਲਾ ਹੈ, ਰੂਸ ਅਤੇ ਭਾਰਤ ਵਿਚਕਾਰ ਭੁਗਤਾਨ ਪ੍ਰਣਾਲੀਆਂ ਆਪਣੀਆਂ ਚੁਣੌਤੀਆਂ ਦਾ ਸਾਹਮਣਾ ਕਰਦੀਆਂ ਹਨ, ਅਤੇ ਵਿਅਕਤੀਗਤ ਮੁਦਰਾਵਾਂ ਦੀ ਸਥਿਰਤਾ ਇੱਕੋ ਜਿਹੀ ਨਹੀਂ ਹੈ। ਇਸ ਲਈ, ਇਹ ਕਹਿਣਾ ਅਤਿਕਥਨੀ ਹੋਵੇਗੀ ਕਿ ਬ੍ਰਿਕਸ ਡਾਲਰ ਨੂੰ ਖਤਮ ਕਰ ਦੇਵੇਗਾ। ਇੱਕ ਹੋਰ ਸਹੀ ਸਿੱਟਾ ਇਹ ਹੈ ਕਿ ਬ੍ਰਿਕਸ ਡਾਲਰ-ਕੇਂਦ੍ਰਿਤ ਪ੍ਰਣਾਲੀ ਦੇ ਸਮਾਨਾਂਤਰ ਵਿਕਲਪ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਇਹ ਵਿਕਲਪ ਊਰਜਾ, ਵਸਤੂਆਂ, ਨਿਵੇਸ਼ ਅਤੇ ਸਰਹੱਦ ਪਾਰ ਭੁਗਤਾਨ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਸਫਲ ਹੋ ਜਾਂਦੇ ਹਨ, ਤਾਂ ਡਾਲਰ ਦੀ ਸਾਪੇਖਿਕ ਅਟੱਲਤਾ ਇਸਦੇ ਪੂਰੀ ਤਰ੍ਹਾਂ ਖਤਮ ਕੀਤੇ ਬਿਨਾਂ ਘੱਟ ਸਕਦੀ ਹੈ। ਦੋਸਤੋ, ਜੇਕਰ ਅਸੀਂ ਸੱਪ ਨੂੰ ਮਾਰਦੇ ਹਾਂ ਅਤੇ ਸੋਟੀ ਨੂੰ ਬਰਕਰਾਰ ਰੱਖਦੇ ਹਾਂ: ਬ੍ਰਿਕਸ ਦਾ ਅਸਲ ਮਾਸਟਰਸਟ ?ਰੋਕ ? ਇੱਕ ਵਾਕ ਵਿੱਚ ਪੂਰੀ ਰਣਨੀਤੀ ਨੂੰ ਸੰਖੇਪ ਵਿੱਚ ਦੱਸਣ ਲਈ, ਬ੍ਰਿਕਸ ਦਾ ਉਦੇਸ਼ ਡਾਲਰ ਦੇ ਅੰਤ ਦਾ ਐਲਾਨ ਕਰਨ ਦੀ ਬਜਾਏ ਡਾਲਰ ਤੋਂ ਬਿਨਾਂ ਚੀਜ਼ਾਂ ਕਰਨ ਦੀ ਯੋਗਤਾ ਨੂੰ ਵਧਾਉਣਾ ਹੈ। ਇਹ ÷ਸੱਪ ਨੂੰ ਮਾਰਨ ਅਤੇ ਸੋਟੀ ਨੂੰ ਸੁਰੱਖਿਅਤ ਰੱਖਣ÷ ਦੀ ਰਣਨੀਤੀ ਹੈ। ਅਮਰੀਕਾ ਦਾਅਵਾ ਕਰ ਸਕਦਾ ਹੈ ਕਿ ਡਾਲਰ ਹੁਣ ਲਈ ਸੁਰੱਖਿਅਤ ਹੈ; ਬ੍ਰਿਕਸ ਦਾਅਵਾ ਕਰ ਸਕਦਾ ਹੈ ਕਿ ਇਸਦਾ ਉਦੇਸ਼ ਡਾਲਰ ਨੂੰ ਖਤਮ ਕਰਨਾ ਨਹੀਂ ਹੈ। ਪਰ ਇਸ ਦੌਰਾਨ, ਜੇਕਰ ਵਪਾਰ ਦਾ ਇੱਕ ਹਿੱਸਾ ਰਾਸ਼ਟਰੀ ਮੁਦਰਾਵਾਂ ਵਿੱਚ ਤਬਦੀਲ ਕੀਤਾ ਜਾਂਦਾ ਹੈ, ਵਿਕਲਪਿਕ ਭੁਗਤਾਨ ਪ੍ਰਣਾਲੀਆਂ ਨੂੰ ਮਜ਼ਬੂਤ ? ?ਕੀਤਾ ਜਾਂਦਾ ਹੈ, ਅਤੇ ਵਿੱਤੀ ਸਹਿਯੋਗ ਵਧਦਾ ਹੈ, ਤਾਂ ਆਰਥਿਕ ਵਿਵਹਾਰ ਖੁਦ ਬਦਲ ਸਕਦਾ ਹੈ। ਇਸ ਲਈ, ਆਉਣ ਵਾਲੇ ਸਾਲਾਂ ਵਿੱਚ, ਅਸਲ ਮੁਕਾਬਲਾ ਇਸ ਤੋਂ ਵੱਧ ਮਹੱਤਵਪੂਰਨ ਹੋ ਸਕਦਾ ਹੈ ਕਿ ਕਿਹੜੀ ਮੁਦਰਾ ਦੁਨੀਆ ਦੀ ਨੰਬਰ ਇੱਕ ਮੁਦਰਾ ਬਣ ਜਾਵੇਗੀ। ਦੁਨੀਆ ਕਿੰਨੇ ਵਿਕਲਪਾਂ ਵਿਚਕਾਰ ਵਪਾਰ ਕਰ ਸਕਦੀ ਹੈ ? ਡਾਲਰ ਦਾ ਦਬਦਬਾ ਸਿਰਫ਼ ਬ੍ਰਿਕਸ ਐਲਾਨ ਨਾਲ ਹੀ ਖਤਮ ਨਹੀਂ ਹੋਵੇਗਾ, ਨਾ ਹੀ ਇੱਕ ਸਾਂਝੀ ਬ੍ਰਿਕਸ ਮੁਦਰਾ ਰਾਤੋ-ਰਾਤ ਵਿਸ਼ਵ ਵਿੱਤੀ ਪ੍ਰਣਾਲੀ ਨੂੰ ਬਦਲ ਦੇਵੇਗੀ। ਪਰ ਜੇਕਰ ਬ੍ਰਿਕਸ ਹੌਲੀ-ਹੌਲੀ ਇੱਕ ਅਜਿਹਾ ਨੈੱਟਵਰਕ ਬਣਾਉਂਦਾ ਹੈ ਜਿਸ ਵਿੱਚ ਊਰਜਾ, ਵਪਾਰ, ਨਿਵੇਸ਼ ਅਤੇ ਭੁਗਤਾਨਾਂ ਲਈ ਡਾਲਰ ਦੀ ਲੋੜ ਕੁਝ ਖੇਤਰਾਂ ਵਿੱਚ ਘੱਟ ਜਾਂਦੀ ਹੈ, ਤਾਂ ਇਹ ਯਕੀਨੀ ਤੌਰ 'ਤੇ ਅਮਰੀਕੀ ਮੁਦਰਾ ਦੀ ਵਿਸ਼ਵ ਭੂਮਿਕਾ 'ਤੇ ਲੰਬੇ ਸਮੇਂ ਲਈ ਦਬਾਅ ਪਾ ਸਕਦਾ ਹੈ।

# ਸੁੰਗੜਦੀ ਆਬਾਦੀ, ਹੌਕੇ ਭਰਦਾ ਪੰਜਾਬ



ਪ੍ਰੋ.ਜਗਰੂਪ ਕੌਰ

ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਵਿੱਚੋਂ ਲੰਘਦਿਆਂ ਅੱਜ ਇੱਕ ਅਜੀਬ ਜਿਹੀ ਚੁੱਪ ਮਹਿਸੂਸ ਹੁੰਦੀ ਹੈ। ਵੱਡੀਆਂ-ਵੱਡੀਆਂ ਕੋਠੀਆਂ ਨੂੰ ਲੱਗੇ ਜਿੰਦੇ, ਘਰਾਂ ਦੇ ਬਾਹਰ ਬੈਠੇ ਬਜ਼ੁਰਗ ਮਾਪੇ, ਖਾਲੀ ਹੁੰਦੇ ਸਕੂਲ ਅਤੇ ਨੌਜਵਾਨਾਂ ਤੋਂ ਸੱਖਣੇ ਪਿੰਡ ਸਿਰਫ਼ ਬਦਲਦੇ ਜੀਵਨ-ਢੰਗ ਦੀ ਤਸਵੀਰ ਨਹੀਂ, ਸਗੋਂ ਪੰਜਾਬ ਦੇ ਬਦਲ ਰਹੇ ਜਨਸੰਖਿਆਕ ਚਿਹਰੇ ਦੀ ਕਹਾਣੀ ਵੀ ਬਿਆਨ ਕਰਦੇ ਹਨ। ਜਿਸ ਪੰਜਾਬ ਨੂੰ ਕਦੇ ਜਵਾਨੀ, ਖੇਤੀ, ਮਿਹਨਤ ਅਤੇ ਰੌਣਕ ਨਾਲ ਭਰਿਆ ਸੂਬਾ ਕਿਹਾ ਜਾਂਦਾ ਸੀ, ਉਹ ਅੱਜ ਕਈ ਦੁਖਾਂਤਾਂ ਵਿੱਚੋਂ ਲੰਘ ਰਿਹਾ ਹੈ ਜਿਨਾਂ ਵਿੱਚੋਂ ਕੁਝ ਕੁ ਦੁਖਾਂਤ ਜਿਵੇਂ ਘੱਟ ਰਹੀ ਜਨਮ ਦਰ, ਨੌਜਵਾਨਾਂ ਦਾ ਵਿਦੇਸ਼ ਜਾਣਾ ਅਤੇ ਵਧ ਰਹੀ ਬਜ਼ੁਰਗ ਆਬਾਦੀ ਦੇ ਤਿੰਨ ਵੱਡੇ ਦਬਾਵਾਂ ਵਿਚੋਂ ਲੰਘ ਰਿਹਾ ਹੈ।

ਇਹ ਸਮੱਸਿਆ ਸਿਰਫ਼ ਇਸ ਗੱਲ ਦੀ ਨਹੀਂ ਕਿ ਪੰਜਾਬ ਵਿੱਚ ਕਿੰਨੇ ਲੋਕ ਰਹਿੰਦੇ ਹਨ। ਅਸਲ ਸਵਾਲ ਇਹ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਪੰਜਾਬ ਦੀ ਕੰਮਕਾਜੀ ਆਬਾਦੀ ਕਿੰਨੀ ਹੋਵੇਗੀ, ਪਿੰਡਾਂ ਵਿੱਚ ਕਿੰਨੇ ਪਰਿਵਾਰ ਵੱਸਣਗੇ, ਸਕੂਲਾਂ ਵਿੱਚ ਕਿੰਨੇ ਬੱਚੇ ਹੋਣਗੇ ਅਤੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਕੌਣ ਕਰੇਗਾ। ਆਬਾਦੀ ਦੀ ਬਣਤਰ ਵਿੱਚ ਆ ਰਹੀ ਤਬਦੀਲੀ ਆਰਥਿਕਤਾ, ਸਿੱਖਿਆ, ਸਿਹਤ, ਖੇਤੀਬਾੜੀ ਅਤੇ ਪੰਜਾਬੀ ਸਮਾਜ ਦੇ ਭਵਿੱਖ ਨਾਲ ਸਿੱਧੀ ਤਰ੍ਹਾਂ ਜੁੜੀ ਹੋਈ ਹੈ।

ਜਨਸੰਖਿਆ ਵਿਗਿਆਨ ਵਿੱਚ ਆਬਾਦੀ ਨੂੰ ਲੰਮੇ ਸਮੇਂ ਤੱਕ ਸਥਿਰ ਰੱਖਣ ਲਈ ਲਗਭਗ 2.1 ਦੀ ਕੁੱਲ ਜਨਮ ਦਰ (TFR) ਨੂੰ ਬਦਲਾਅ-ਪੱਧਰ ਮੰਨਿਆ ਜਾਂਦਾ ਹੈ। ਪਰ ਪੰਜਾਬ ਇਸ ਪੱਧਰ ਤੋਂ ਕਾਫ਼ੀ ਹੇਠਾਂ ਪਹੁੰਚ ਚੁੱਕਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (NFHS-5) ਅਨੁਸਾਰ ਪੰਜਾਬ ਦੀ ਕੁੱਲ ਜਣਨ ਦਰ 1.6 ਬੱਚੇ ਪ੍ਰਤੀ ਔਰਤ ਦਰਜ ਕੀਤੀ ਗਈ ਸੀ। ਇਹ ਅੰਕੜਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਵਿੱਚ ਨਵੀਂ ਪੀੜ੍ਹੀ ਦਾ ਆਕਾਰ ਪਿਛਲੀ ਪੀੜ੍ਹੀ ਨਾਲੋਂ ਲਗਾਤਾਰ ਛੋਟਾ ਹੁੰਦਾ ਜਾ ਰਿਹਾ ਹੈ।

ਇਸ ਤਬਦੀਲੀ ਪਿੱਛੇ ਕਈ ਸਮਾਜਿਕ ਅਤੇ ਆਰਥਿਕ ਕਾਰਨ ਹਨ। ਔਰਤਾਂ ਦੀ ਸਿੱਖਿਆ ਅਤੇ ਰੁਜ਼ਗਾਰ ਵਿੱਚ ਵਾਧਾ, ਵਿਆਹ ਦੀ ਉਮਰ ਵਿੱਚ ਵਾਧਾ, ਸ਼ਹਿਰੀ ਜੀਵਨ-ਸ਼ੈਲੀ, ਛੋਟੇ ਪਰਿਵਾਰ ਨੂੰ ਤਰਜੀਹ ਅਤੇ ਬੱਚਿਆਂ ਦੀ ਸਿੱਖਿਆ ਤੇ ਪਰਵਰਿਸ਼ ਦੇ ਵਧਦੇ ਖਰਚਿਆਂ ਨੇ ਪਰਿਵਾਰਾਂ ਦੇ ਫ਼ੈਸਲੇ ਬਦਲੇ ਹਨ। ਅੱਜ ਬਹੁਤ ਸਾਰੇ ਨੌਜਵਾਨ ਜੋੜੇ ਇੱਕ ਜਾਂ ਦੋ ਬੱਚਿਆਂ ਤੱਕ ਹੀ ਪਰਿਵਾਰ ਸੀਮਤ ਰੱਖਣਾ ਚਾਹੁੰਦੇ ਹਨ। ਇਹ ਆਪਣੇ ਆਪ ਵਿੱਚ ਕੋਈ ਗਲਤ ਰੁਝਾਨ ਨਹੀਂ, ਪਰ ਜਦੋਂ ਇਸ ਦੇ ਨਾਲ ਵੱਡੇ ਪੱਧਰ 'ਤੇ ਨੌਜਵਾਨਾਂ ਦਾ ਵਿਦੇਸ਼ ਜਾਣਾ ਵੀ ਜੁੜ ਜਾਂਦਾ ਹੈ ਤਾਂ ਇਸ ਦੇ ਜਨਸੰਖਿਆਕ ਪ੍ਰਭਾਵ ਅਤਿ ਗੰਭੀਰ ਹੋ ਜਾਂਦੇ ਹਨ।

ਸਿਵਲ ਰਜਿਸਟ ?ਰੇਸ਼ਨ ਸਿਸਟਮ ਦੇ ਅੰਕੜੇ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਸਾਲ 2011 ਵਿੱਚ ਪੰਜਾਬ ਵਿੱਚ 5,11,058 ਜਨਮ ਦਰਜ ਹੋਏ ਸਨ, ਜਦਕਿ 2020 ਵਿੱਚ ਇਹ ਗਿਣਤੀ ਘਟ ਕੇ 3,81,200 ਰਹਿ ਗਈ।

ਅਰਥਾਤ ਇੱਕ ਹੀ ਦਹਾਕੇ ਵਿੱਚ ਦਰਜ ਜਨਮਾਂ ਦੀ ਗਿਣਤੀ ਵਿੱਚ ਲਗਭਗ 1.30 ਲੱਖ ਦੀ ਵੱਡੀ ਕਮੀ ਆਈ। 2022 ਵਿੱਚ ਇਹ ਗਿਣਤੀ 4,00,579 ਦਰਜ ਹੋਈ, ਜੋ 2011 ਦੇ ਪੱਧਰ ਨਾਲੋਂ ਹਾਲੇ ਵੀ ਕਾਫ਼ੀ ਘੱਟ ਹੈ।

ਇੱਥੇ ਵਿਦੇਸ਼ ਜਾਣ ਦਾ ਰੁਝਾਨ ਵੀ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਰ ਸਾਲ ਔਸਤਨ 1.5 ਤੋਂ 2 ਲੱਖ ਨੌਜਵਾਨ ਪੜ੍ਹਾਈ, ਰੁਜ਼ਗਾਰ ਅਤੇ ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਜਾ ਰਹੇ ਹਨ। ਸਮੱਸਿਆ ਸਿਰਫ਼ ਇਹ ਨਹੀਂ ਕਿ ਨੌਜਵਾਨ ਬਾਹਰ ਜਾ ਰਹੇ ਹਨ; ਵੱਡੀ ਚਿੰਤਾ ਇਹ ਹੈ ਕਿ ਉਨ੍ਹਾਂ ਵਿੱਚੋਂ ਬਹੁਤੇ ਉੱਥੇ ਹੀ ਪੱਕੇ ਤੌਰ 'ਤੇ ਵੱਸ ਜਾਂਦੇ ਹਨ। ਉਨ੍ਹਾਂ ਦੇ ਵਿਆਹ, ਪਰਿਵਾਰ ਅਤੇ ਬੱਚਿਆਂ ਦੀ ਪਰਵਰਿਸ਼ ਵੀ ਫਿਰ ਪੰਜਾਬ ਤੋਂ ਬਾਹਰ ਹੁੰਦੀ ਹੈ। ਇਸ 'ਮਾਨਵ ਪੂੰਜੀ ਦੇ ਰਿਸਾਵ' (Brain Drain) ਨਾਲ ਪੰਜਾਬ ਆਪਣੀ ਜਵਾਨ ਅਤੇ ਕੰਮਕਾਜੀ ਆਬਾਦੀ ਦਾ ਇੱਕ ਵੱਡਾ ਹਿੱਸਾ ਗੁਆਉਂਦਾ ਜਾ ਰਿਹਾ ਹੈ।

ਇਸ ਰੁਝਾਨ ਦਾ ਪ੍ਰਤੱਖ ਅਸਰ ਪਿੰਡਾਂ ਅਤੇ ਖੇਤੀਬਾੜੀ 'ਤੇ ਦਿਖਾਈ ਦਿੰਦਾ ਹੈ। ਕਈ ਪਿੰਡਾਂ ਵਿੱਚ ਵੱਡੇ-ਵੱਡੇ ਘਰ ਤਾਂ ਖੜ੍ਹੇ ਹਨ, ਪਰ ਉਨ੍ਹਾਂ ਵਿੱਚ ਰਹਿਣ ਵਾਲੇ ਲੋਕ ਬਹੁਤ ਘੱਟ ਗਏ ਹਨ। ਬਜ਼ੁਰਗ ਇਕੱਲੇ ਰਹਿ ਰਹੇ ਹਨ ਅਤੇ ਖੇਤੀਬਾੜੀ ਦਾ ਕੰਮ ਠੇਕੇ 'ਤੇ ਦੇਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਇਸ ਦੇ ਨਾਲ ਹੀ ਸਥਾਨਕ ਕੰਮਕਾਜੀ ਆਬਾਦੀ ਦੀ ਘਾਟ ਨੂੰ ਪੂਰਾ ਕਰਨ ਲਈ ਦੂਜੇ ਰਾਜਾਂ ਤੋਂ ਆਵਾਸ (In-migration) ਵਧ ਰਿਹਾ ਹੈ, ਜੋ ਸੂਬੇ ਦੀ ਸਮਾਜਿਕ ਅਤੇ ਡੈਮੋਗ੍ਰਾਫਿਕ ਬਣਤਰ ਨੂੰ ਨਵਾਂ ਰੂਪ ਦੇ ਰਿਹਾ ਹੈ।

ਘਟਦੇ ਜਨਮਾਂ ਦਾ ਸਿੱਧਾ ਪ੍ਰਭਾਵ ਸਿੱਖਿਆ ਢਾਂਚੇ ਉੱਤੇ ਪੈ ਰਿਹਾ ਹੈ। ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲੇ ਘਟ ਰਹੇ ਹਨ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਹਜ਼ਾਰਾਂ ਸੀਟਾਂ ਖਾਲੀ ਰਹਿ ਰਹੀਆਂ ਹਨ। ਇਸ ਨੂੰ ਸਿਰਫ਼ ਪ੍ਰਬੰਧਕੀ ਨਾਕਾਮੀ ਮੰਨਣਾ ਭੁਲੇਖਾ ਹੋਵੇਗਾ; ਇਹ ਬਦਲ ਰਹੀ ਜਨਸੰਖਿਆਕ ਬਣਤਰ ਦਾ ਹੀ ਪ੍ਰਤੱਖ ਨਤੀਜਾ ਹੈ। 2011 ਦੀ ਜਨਗਣਨਾ ਅਨੁਸਾਰ 2001-2011 ਦੌਰਾਨ ਪੰਜਾਬ ਦੀ ਦਹਾਕਾ ਵਾਧਾ ਦਰ 13.7 ਫ਼ੀਸਦੀ ਸੀ (ਜੋ ਰਾਸ਼ਟਰੀ ਔਸਤ ਨਾਲੋਂ ਘੱਟ ਸੀ), ਅਤੇ ਮੌਜੂਦਾ ਰੁਝਾਨ ਦਰਸਾਉਂਦੇ ਹਨ ਕਿ ਅਗਲੀ ਜਨਗਣਨਾ ਵਿੱਚ ਇਹ ਹੋਰ ਵੀ ਹੇਠਾਂ ਆਵੇਗੀ।

ਇਸ ਸੰਕਟ ਦਾ ਦੂਜਾ ਚਿਹਰਾ ਪੰਜਾਬ ਦੀ ਵਧ ਰਹੀ ਬਜ਼ੁਰਗ ਆਬਾਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਹਿੱਸਾ ਲਗਭਗ 13 ਫ਼ੀਸਦੀ ਤੱਕ ਪਹੁੰਚ ਚੁੱਕਾ ਹੈ, ਜੋ ਰਾਸ਼ਟਰੀ ਔਸਤ ਨਾਲੋਂ ਕਾਫ਼ੀ ਜ਼ਿਆਦਾ ਹੈ। ਜਦੋਂ ਜਨਮ ਘਟਦੇ ਹਨ ਅਤੇ ਨੌਜਵਾਨ ਬਾਹਰ ਜਾਂਦੇ ਹਨ, ਤਾਂ ਸਮਾਜ ਵਿੱਚ ਨਿਰਭਰ ਆਬਾਦੀ ਦਾ ਭਾਰ ਵਧਦਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਗੇਰੀਐਟ੍ਰਿਕ ਕੇਅਰ (ਬਜ਼ੁਰਗਾਂ ਦੀ ਸਿਹਤ ਦੇਖਭਾਲ), ਸਮਾਜਿਕ ਸੁਰੱਖਿਆ ਪੈਨਸ਼ਨਾਂ ਅਤੇ ਇਕੱਲਤਾ ਨਾਲ ਨਜਿੱਠਣ ਲਈ ਸਰਕਾਰੀ ਨੀਤੀਆਂ ਦੀ ਤੁਰੰਤ ਲੋੜ ਹੈ।

ਆਰਥਿਕ ਪੱਖੋਂ, ਵਿਦੇਸ਼ਾਂ ਤੋਂ ਆਉਂਦੇ ਧਨ (Re-mittances) ਦਾ ਇੱਕ ਹਿੱਸਾ ਜ਼ਰੂਰ ਹੈ, ਪਰ ਵਿਦੇਸ਼ੀ ਸਿੱਖਿਆ ਦੀਆਂ ਫੀਸਾਂ ਦੇ ਰੂਪ ਵਿੱਚ ਪੰਜਾਬ ਵਿੱਚੋਂ ਹੋਣ ਵਾਲਾ ਵਿੱਤੀ ਨਿਕਾਸ (Capital Outflow) ਸਥਾਨਕ ਨਿਵੇਸ਼, ਬੈਂਕਿੰਗ ਅਤੇ ਬਜ਼ਾਰਾਂ ਦੀ ਵਿਕਾਸ ਦਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪਰਿਵਾਰਾਂ ਦੀ ਆਰਥਿਕ ਯੋਜਨਾਬੰਦੀ ਹੁਣ ਸਥਾਨਕ ਕਾਰੋਬਾਰ ਦੀ ਬਜਾਏ ਵਿਦੇਸ਼ੀ ਪ੍ਰਵਾਸ ਦੇ ਗਿਰਦ ਘੁੰਮਣ ਲੱਗੀ ਹੈ। ਸਵਾਲ ਇਹ ਨਹੀਂ ਕਿ ਪੰਜਾਬ ਦੇ ਨੌਜਵਾਨ ਵਿਦੇਸ਼ ਕਿਉਂ ਜਾਂਦੇ ਹਨ। ਸਵਾਲ ਇਹ ਹੈ ਕਿ ਉਹ ਆਪਣੇ ਭਵਿੱਖ ਲਈ ਪੰਜਾਬ ਨੂੰ ਪਹਿਲੀ ਪਸੰਦ ਕਿਉਂ ਨਹੀਂ ਮੰਨਦੇ। ਜੇ ਪੰਜਾਬ ਵਿੱਚ ਗੁਣਵੱਤਾ ਵਾਲੀਆਂ ਨੌਕਰੀਆਂ, ਉਦਯੋਗ, ਖੋਜ, ਤਕਨਾਲੋਜੀ, ਉੱਚ ਸਿੱਖਿਆ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੇ ਮੌਕੇ ਵਧਣ ਤਾਂ ਪ੍ਰਵਾਸ ਦੀ ਮਜਬੂਰੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਸਰਕਾਰ ਨੂੰ ਸਿਰਫ਼ ਪ੍ਰਵਾਸ ਰੋਕਣ ਦੀ ਗੱਲ ਕਰਨ ਦੀ ਬਜਾਏ 'ਟੈਲੇਂਟ ਰਿਟੈਂਸ਼ਨ' (ਪ੍ਰਤਿਭਾ ਨੂੰ ਸੰਭਾਲਣ) ਦੀ ਠੋਸ ਨੀਤੀ ਬਣਾਉਣੀ ਪਵੇਗੀ। ਪੰਜਾਬ ਨੂੰ ਖੇਤੀਬਾੜੀ ਤੋਂ ਅੱਗੇ ਵਧਦਿਆਂ ਖੇਤੀ-ਅਧਾਰਿਤ ਉਦਯੋਗ, ਫੂਡ ਪ੍ਰੋਸੈਸਿੰਗ, ਨਵੀਂ ਤਕਨਾਲੋਜੀ, ਸੂਚਨਾ ਤਕਨਾਲੋਜੀ, ਸਿਹਤ ਸੇਵਾਵਾਂ, ਖੋਜ ਕੇਂਦਰ ਅਤੇ ਛੋਟੇ ਤੇ ਦਰਮਿਆਨੇ ਉਦਯੋਗਾਂ (MSMEs) ਦਾ ਮਜ਼ਬੂਤ ਢਾਂਚਾ ਤਿਆਰ ਕਰਨਾ ਪਵੇਗਾ। ਉੱਚ ਸਿੱਖਿਆ ਸੰਸਥਾਵਾਂ ਨੂੰ ਸਿਰਫ਼ ਡਿਗਰੀ ਵੰਡਣ ਦੀ ਥਾਂ ਰੁਜ਼ਗਾਰ-ਮੁਖੀ ਬਣਾਉਣਾ ਪਵੇਗਾ। ਨਾਲ ਹੀ ਬਜ਼ੁਰਗਾਂ ਲਈ ਸਮਾਜਿਕ ਸੁਰੱਖਿਆ ਦਾ ਅਜਿਹਾ ਨੈੱਟਵਰਕ ਬਣਾਉਣਾ ਪਵੇਗਾ ਕਿ ਉਨ੍ਹਾਂ ਨੂੰ ਅਸੁਰੱਖਿਆ ਦਾ ਸਾਹਮਣਾ ਨਾ ਕਰਨਾ ਪਵੇ। ਪੰਜਾਬ ਦੀ ਘਟਦੀ ਜਨਮ ਦਰ ਨੂੰ ਦੇਖ ਕੇ ਪਰਿਵਾਰਾਂ 'ਤੇ ਦਬਾਅ ਪਾਉਣਾ ਹੱਲ ਨਹੀਂ। ਹੱਲ ਇਹ ਹੈ ਕਿ ਨੌਜਵਾਨਾਂ ਲਈ ਸਸਤੀ-ਮਿਆਰੀ ਸਿੱਖਿਆ, ਬੱਚਿਆਂ ਦੀ ਦੇਖਭਾਲ, ਸਿਹਤ ਸਹੂਲਤਾਂ ਅਤੇ ਸੁਰੱਖਿਆ ਵਾਲਾ ਸਮਾਜਿਕ ਮਾਹੌਲ ਪੈਦਾ ਕੀਤਾ ਜਾਵੇ। ਜਨਸੰਖਿਆ ਦਾ ਸੰਤੁਲਨ ਕਿਸੇ ਹੁਕਮ ਨਾਲ ਨਹੀਂ, ਸਗੋਂ ਬਿਹਤਰ ਜੀਵਨ-ਪੱਧਰ ਅਤੇ ਆਰਥਿਕ ਸਥਿਰਤਾ ਨਾਲ ਬਣਦਾ ਹੈ। ਅੰਤ ਵਿੱਚ, ਪੰਜਾਬ ਦੀ ਸੁੰਗੜਦੀ ਆਬਾਦੀ ਸਿਰਫ਼ ਅੰਕੜਿਆਂ ਦਾ ਮਸਲਾ ਨਹੀਂ। ਇਹ ਸਾਡੇ ਪਿੰਡਾਂ ਦੀ ਰੌਣਕ, ਸਕੂਲਾਂ ਦੀਆਂ ਘੰਟੀਆਂ, ਖੇਤਾਂ ਵਿੱਚ ਕੰਮ ਕਰਦੇ ਹੱਥਾਂ, ਬਜ਼ੁਰਗਾਂ ਦੀ ਸੁਰੱਖਿਆ ਅਤੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਭਵਿੱਖ ਨਾਲ ਜੁੜਿਆ ਸਵਾਲ ਹੈ। ਅੱਜ ਪੰਜਾਬ ਦੀਆਂ ਖਾਲੀ ਹੁੰਦੀਆਂ ਗਲੀਆਂ ਸਾਨੂੰ ਚੁੱਪਚਾਪ ਇੱਕ ਸਵਾਲ ਪੁੱਛ ਰਹੀਆਂ ਹਨ— ਕੀ ਅਸੀਂ ਆਪਣੇ ਨੌਜਵਾਨਾਂ ਨੂੰ ਸਿਰਫ਼ ਵਿਦੇਸ਼ ਜਾਣ ਦੇ ਸੁਪਨੇ ਦੇਵਾਂਗੇ ਜਾਂ ਆਪਣੇ ਪੰਜਾਬ ਵਿੱਚ ਰਹਿ ਕੇ ਸੁਪਨੇ ਪੂਰੇ ਕਰਨ ਦਾ ਮੌਕਾ ਵੀ ਦੇਵਾਂਗੇ? ਜੇ ਇਸ ਦਾ ਜਵਾਬ ਸਮੇਂ ਸਿਰ ਨਾ ਲੱਭਿਆ ਗਿਆ, ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਅਜਿਹਾ ਪੰਜਾਬ ਮਿਲੇਗਾ ਜਿਸ ਵਿੱਚ ਢਾਂਚਾ ਤਾਂ ਹੋਵੇਗਾ, ਪਰ ਉਸ ਨੂੰ ਸੰਭਾਲਣ ਵਾਲੇ ਲੋਕ ਘਟਦੇ ਜਾਣਗੇ।

**ਦੀਪ ਸਿੰਘ ਵਾਲਾ ਫਰੀਦਕੋਟ**
700952988

# ਬੇਹੱਦ ਦਰਦਨਾਕ ਹੋਵੇਗੀ ਪੰਜਾਬ ਦੇ 'ਜ਼ਹਿਰੀਲਾ ਮਾਰੂਥਲ' ਬਣਨ ਦੀ ਦਾਸਤਾਨ ...

-ਦੇਸ਼ ਦੇ ਜਿਸ ਖਿੱਤੇ ਅੰਦਰ ਹਰੇ-ਭਰੇ ਦਰੱਖ਼ਤ , ਜਿਸ ਨੇ ਅਨੇਕਾਂ ਮਨੁੱਖੀ ਜ਼ਿੰਦਗੀਆਂ ਨੂੰ 'ਮੌਤ ਦੀ ਆਗੋਸ਼' ਵਿੱਚ ਜਾਣ ਤੋਂ ਰੋਕਿਆ ਹੋਵੇ ਤੇ ਇਨਸਾਨਾਂ ਨੂੰ ਆਕਸੀਜਨ ਰੂਪੀ ਜ਼ਿੰਦਗੀ ਬਖ਼ਸ਼ੀ ਹੋਵੇ ।ਉੱਥੇ ਹੀ ਉੱਥੋਂ ਦੇ ਬਸ਼ਿੰਦਿਆਂ ਵੱਲੋਂ ਉਨ੍ਹਾਂ ਹੀ ਦਰੱਖਤਾਂ ਦਾ ਕਤਲੇਆਮ ਕਰਨ ਕੀਤਾ ਜਾਂਦਾ ਹੋਵੇ ।ਉਸ ਧਰਤੀ ਦੇ ਵਾਰਸਾਂ ਨੂੰ ਅਸੀਂ ਕਿਸ ਨਾਮ ਨਾਲ ਪੁਕਾਰੀਏ ਕੁਝ ਵੀ ਸਮਝ ਨਹੀਂ ਪੈਂਦਾ । ਜਿੱਥੇ ਅਸੀਂ ਕਚਨਾਰ ਬਨਸਪਤੀ ਨੂੰ ਉਜਾੜਨ ਦੇ ਦੋਸ਼ੀ ਹਾਂ ਉੱਥੇ ਹੀ ਅੰਮ੍ਰਿਤ ਵਰਗੇ 'ਪਾਣੀ ਦੇ ਕਾਤਲ' ਵੀ ਅਖਵਾਵਾਂਗੇ । ਸੋਚਦਿਆਂ ਹੀ ਰੂਹ ਕੰਬ ਜਾਂਦੀ ਹੈ ਕਿ ਜੇਕਰ ਅਸੀਂ ਲਗਭਗ 40 ਸਾਲਾਂ ਦੇ ਵਕਫ਼ੇ ਦੌਰਾਨ ਧਰਤੀ ਹੇਠਲੇ ਘਟ ਰਹੇ ਪਾਣੀ ਦੀ ਰਫ਼ਤਾਰ ਨੂੰ ਪ੍ਰਤੀ ਸਾਲ 2 ਫੁੱਟ ਤਕ ਜਾਰੀ ਰੱਖਣ ਤੋਂ ਇਲਾਵਾ ਹਰ ਪਿੰਡ ਤੇ ਸਹਿਰ ਅੰਦਰੋਂ ਤਕਰੀਬਨ 60 ਹਜ਼ਾਰ ਲੀਟਰ ਪਾਣੀ ਰੋਜ਼ਾਨਾ ਛੱਪੜਾਂ ਸੁੱਟਣ ਦੀ ਪਿਰਤ ਜਾਰੀ ਰੱਖੀ ਤਾਂ ਸਾਡੀ ਆਉਣ ਵਾਲੀ ਨਸਲ ਦਾ ਭਵਿੱਖ ਕੀ ਹੋਵੇਗਾ ਕਹਿਣ ਦੀ ਲੋੜ ਨਹੀਂ ।ਅਸੀਂ ਆਪ ਖ਼ੁਦ ਆਪਣੀ ਜ਼ਰਖੇਜ਼ ਜ਼ਮੀਨ ਅੰਦਰ ਖ਼ਤਰਨਾਕ ਰਸਾਇਣਾਂ ਨੂੰ ਮਿਲਾ ਕੇ ਪੰਜਾਬ ਨੂੰ ਇਕ ਜ਼ਹਿਰੀਲੇ ਮਾਰੂਥਲ ਬਣਨ ਵੱਲ ਤੋਰ ਰਹੇ ਹਾਂ ।ਕਾਫੀ ਸਮਾਂ ਪਹਿਲਾਂ ਹੋਰਨਾ ਭਾਰਤੀ ਸੂਬਿਆਂ ਦੇ ਰੇਲਵੇ ਸਟੇਸ਼ਨਾਂ ਤੇ ਪਾਣੀ ਵੇਚਣ ਵਾਲਿਆਂ ਦੇ ਹੋਕੇ ਉੱਥੋਂ ਦੇ ਧਰਤੀ ਹੇਠਲੇ ਪਾਣੀ ਦੀ ਅਸਲ ਸਥਿਤੀ ਨੂੰ ਬਿਆਨ ਕਰਦੇ ਸਨ ਕਿ ਦੂਰ ਦੁਰਾਡੇ ਰੋਹੀ ਬੀਆਬਾਨ , ਨੁਕੀਲੇ ਤਪਦੇ ਪਹਾੜਾਂ ਤੇ ਰੇਤ ਦੇ ਡਰਾਵਣੇ ਟਿੱਬਿਆਂ ਅੰਦਰ ਜੇਕਰ ਇਨਸਾਨ ਨੂੰ ਪਾਣੀ ਦੀ ਪਿਆਸ ਲੱਗੇ ਤਾਂ ਇੱਕ ਬੂੰਦ ਵੀ ਮਿਲਣੀ ਨਾਮੁਮਕਿਨ ਹੈ ।ਕਈ ਵਾਰ ਇਨ੍ਹਾਂ ਹਾਲਤਾਂ ਵਿੱਚ ਬਹੁਤੇ ਇਨਸਾਨ ਇਸ ਸੰਸਾਰ ਤੋਂ ਪਾਣੀ ਨੂੰ ਤਰਸਦੇ ਕੂਚ ਕਰ ਚੁੱਕੇ ਹਨ ।ਕਹਿੰਦੇ ਇੱਕ ਵਾਰ ਕੋਈ ਜਿਊਂਦਾ ਜਾਗਦਾ ਇਨਸਾਨ ਰਾਜਸਥਾਨ ਦੇ ਮਾਰੂਥਲ 'ਚ ਰਾਹ ਭਟਕ ਕੇ ਰੇਤ ਦੇ ਟਿੱਬਿਆਂ ਅੰਦਰ ਪਾਣੀ ਖੁਣੋਂ ਸਦਾ ਲਈ ਗੁਆਚ ਗਿਆ ਮੁੜ ਕੇ ਉੱਧਰ ਨੂੰ ਕਿਸੇ ਨੇ ਜਾਣਾ ਤਾਂ ਦੂਰ ਦੀ ਗੱਲ ਝਾਕਣਾ ਵੀ ਮੁਨਾਸਬ ਨਾ ਸਮਝਿਆ ।ਜੇਕਰ ਮਈ, ਜੂਨ ਦੇ ਮਹੀਨੇ ਮਹਾਰਾਸ਼ਟਰ, ਕਰਨਾਟਕ , ਆਂਧਰਾ ਪ੍ਰਦੇਸ਼, ਬੰਗਾਲ ਤੇ ਤਾਮਿਲਨਾਡੂ ਦੇ ਉਨ੍ਹਾਂ ਹਿੱਸਿਆਂ ਦਾ ਗੇੜਾ ਕੱਢੀਏ ਜਿੱਥੇ ਪਾਣੀ ਨੂੰ ਰੱਬ ਵਾਂਗ ਪੂਜਿਆ ਜਾਂਦੈ ਤਾਂ ਪਾਣੀ ਦੀ ਕਦਰ ਸ਼ਾਇਦ ਸਾਡੀ ਸਮਝ ਵਿੱਚ ਆ ਜਾਵੇ ।ਦੇਸ਼ ਦੇ ਕਈ ਹਿੱਸੇ ਅਜਿਹੇ ਵੀ ਨੇ ਜਿੱਥੇ ਪਾਣੀ ਨੂੰ ਲੁੱਟਿਆ ਜਾਂਦੈ ਤੇ ਪਾਣੀ ਖਾਤਰ ਕਿਸੇ ਦੀ ਜਾਨ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ।ਮੱਧ ਪ੍ਰਦੇਸ਼ ਦਾ ਇੱਕ ਹਿੱਸਾ ਅਜਿਹਾ ਵੀ ਹੈ ਜਿੱਥੇ ਸ਼ਹਿਰ ਤੋਂ ਬਹੁਤ ਦੂਰ ਪਿੰਡਾਂ ਅੰਦਰ ਪਾਣੀ ਦੀ ਗੱਡੀ ਆਉਣ ਤੇ ਢੋਲ ਢਮੱਕੇ ਨਾਲ ਉਸਦਾ ਸੁਆਗਤ ਕੀਤਾ ਜਾਂਦਾ ਹੈ ਤੇ ਫਿਰ ਮਾਰਾਮਾਰੀ ਰਾਹੀਂ ਪਾਣੀ ਨੂੰ ਇੱਕ ਦੂਜੇ ਤੋਂ ਖੋਹਿਆ ਜਾਂਦੈ । ਬਹੁਤ ਥਾਈਂ ਇਹ ਵਰਤਾਰਾ ਅੱਜ ਵੀ ਜਾਰੀ । ਇਸ ਦੇ ਮੁਕਾਬਲੇ ਤੇ ਕੁਦਰਤ ਨੇ ਪੰਜਾਬ ਦੀ ਰੰਗਲੀ ਧਰਤੀ ਨੂੰ ਜ਼ਰਖੇਜ਼ ਜ਼ਮੀਨ ਦੇ ਨਾਲ-ਨਾਲ ਅੰਮ੍ਰਿਤ ਵਰਗਾ ਪਾਣੀ ਵੀ ਦਿੱਤਾ । ਪੰਜਾਬ ਦੇ ਤਿੰਨਾਂ ਖਿੱਤਿਆਂ ਮਾਝਾ , ਮਾਲਵਾ ਤੇ ਦੋਆਬਾ ਤੋਂ ਬਾਅਦ ਪੁਆਧ ਦੇ ਹਿੱਸੇ ਅੰਦਰ ਕਈ ਇਲਾਕਿਆਂ ਦਾ ਮਿੱਠਾ ਪਾਣੀ ਜਿਸ ਨੂੰ ਪੀ ਕੇ ਇਨਸਾਨੀ ਜਿਸਮ ਅੰਦਰ 'ਸਰੂਰ' ਦੀਆਂ ਬੁਛਾੜਾਂ ਖਿੜ ਜਾਂਦੀਆਂ ਸਨ ਤੇ ਪਾਣੀ ਦੇ ਚਸ਼ਮਿਆਂ ਵਿਚੋਂ ਅੰਮ੍ਰਿਤ ਦੀ ਵਰਖਾ ਹੋਇਆ ਕਰਦੀ ਸੀ । ਚਿੱਟੀ ਕਪਾਹ ਦੀਆਂ ਫੁੱਟੀਆਂ ਵਰਗਾ ਪਾਣੀ ਮਨੁੱਖ ਨੂੰ ਕੁਦਰਤ ਦਾ ਕਦਰਦਾਨ ਹੋਣ ਦੀਆਂ ਦੁਹਾਈਆਂ ਪਾਉਂਦਾ ਜਾਪਦਾ ਸੀ ।ਪਾਣੀ ਨੂੰ ਪਵਿੱਤਰ ਮੰਨ ਕੇ ਇਨਸਾਨ ਉਸ ਦੀ ਝੂਠੀ ਸਹੁੰ ਖਾਣ ਤੋਂ ਵੀ ਖ਼ੌਫ ਮੰਨਦਾ ਸੀ ।ਸ਼ਾਇਦ ਉਸ ਸਮੇਂ ਸਾਨੂੰ ਅੱਜ ਜਿੰਨਾ ਗਿਆਨ ਹੀ ਨਹੀਂ ਸੀ ਇਸੇ ਲਈ ਅਸੀਂ ਪਾਣੀ ਦੇ ਕਦਰਦਾਨ ਸੀ ।ਅਫ਼ਸੋਸ ਹੁਣ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਰੇਲਵੇ ਸਟੇਸ਼ਨ ਤੇ ਹੋਰ ਥਾਂਵਾਂ ਉੱਤੇ ਵੀ ਪਾਣੀ ਨੂੰ ਖਰੀਦਣ ਦੇ ਲਈ ਕਤਾਰਾਂ ਲੱਗਦੀਆਂ ਹਨ ਤੇ ਉੱਚੀ ਆਵਾਜ਼ ਵਿੱਚ ਲੱਗ ਰਹੇ ਹੋਕੇ ਇੱਥੋਂ ਦੀ ਆਉਣ ਵਾਲੀ 'ਦਰਦ ਕਹਾਣੀ' ਨੂੰ ਸ਼ਰ੍ਹੇਆਮ ਬਿਆਨਦੇ ਹਨ । ਕੋਈ ਸਮਝੇ ਜਾਂ ਨਾ , ਕਿਸੇ ਨੂੰ ਕੋਈ ਫ਼ਰਕ ਨਹੀਂ ਪਰ ਹਾਲਾਤ ਜਿਸ 'ਭਿਆਨਕ ਹੋਣੀ' ਵੱਲ ਇਸ਼ਾਰਾ ਕਰਦੇ ਹਨ ਉਹ ਕਿਸੇ ਤੋਂ ਲੁਕੀ ਵੀ ਨਹੀਂ ਹੈ ।ਧਰਤੀ ਦਾ ਜਿਸਮ ਪਾੜ ਕੇ 450 ਫੁੱਟ ਤੱਕ ਕੀਤੇ ਸਬਮਰਸੀਬਲਾਂ ਦੇ ਬੋਰਾਂ ਅੰਦਰੋਂ ਹੁਣ ਉਹ ਮਹਿਕ ਨਹੀਂ ਆਉਂਦੀ ਜੋ ਕਈ ਵਰ੍ਹੇ ਪਹਿਲਾਂ ਇਕ ਕਿਸਾਨ ਵੱਲੋਂ ਗ਼ਰੀਬੀ ਨਾਲ ਜੂਝਦਿਆਂ 70 ਫੁੱਟ ਤੱਕ ਕੀਤੇ ਬੋਰ ਵਿਚੋਂ ਆਉਂਦੀ ਸੀ । ਪੰਜਾਬ ਦੇ ਬਹੁਤ ਸਾਰੇ ਇਲਾਕੇ ਇਸ ਸਮੇਂ ਖਤਰੇ ਦੇ ਜੋਨ ਵਿੱਚ ਪ੍ਰਵੇਸ਼ ਕਰ ਚੁੱਕੇ ਹਨ ਕਈ ਹਲਕਿਆਂ ਅੰਦਰ ਧਰਤੀ ਹੇਠਲੇ ਪਾਣੀ ਦੀ ਸੱਤਾ ਦਾ ਲੇਬਲ 150 ਫੁੱਟ ਤਕ ਜਾ ਪਹੁੰਚਿਆ ਹੈ ।ਉਸ ਵਿੱਚੋਂ ਵੀ ਸੜੇਹਾਂਦ ਮਾਰਦੀ ਬਦਬੂ ਤੇ ਜਿਲਬ ਦੀ ਪਕੜ ਸਾਫ਼ ਵਿਖਾਈ ਦਿੰਦੀ ਹੈ ਕਿ ਕਿੰਝ ਅਸੀਂ ਬੇਰਹਿਮੀ ਨਾਲ ਕੰਕਰੀਟ ਦੇ ਜੰਗਲ ਉਸਾਰਦਿਆਂ-ਉਸਾਰਦਿਆਂ 'ਅੰਮ੍ਰਿਤ ਦਾ ਕਤਲ' ਕਰ ਦਿੱਤਾ , ਜਿਸ ਦਾ ਦੋਸ਼ੀ ਕੋਈ ਹੋਰ ਨਹੀਂ ਸਗੋਂ ਅਸੀਂ ਆਪ ਹਾਂ ।ਸਾਨੂੰ ਤਾਂ ਕੁਦਰਤ ਨੇ ਪੰਜ ਪਾਣੀਆਂ ਦੇ ਮਾਲਕ ਬਣਾ ਦਿੱਤਾ ਸੀ ਪਰ ਅਸੀਂ ਇਕ ਦੇ ਵੀ ਨਾ ਰਹੇ ।1970 ਤੋਂ ਹਰੇ ਇਨਕਲਾਬ ਦੀ ਸ਼ੁਰੂਆਤ ।ਅੰਨ੍ਹੇਵਾਹ ਬੇਰਹਿਮੀ ਨਾਲ ਪੁੱਤਾਂ ਵਾਂਗੂ ਪਾਲੇ ਦਰੱਖਤਾਂ ਦੀ ਕਟਾਈ ਜਾਂ ਸਾਡੀ ਮੂਰਖਤਾ ਦੀ ਸਿਖਰ , ਦੋਸ਼ੀ ਕਿਸ ਨੂੰ ਮੰਨੀਏ ਫ਼ੈਸਲਾ ਅਸੀਂ ਆਪ ਕਰਨਾ ਹੈ । ਕਿੰਨੇ ਖ਼ੁਦਗਰਜ਼ ਤੇ ਜ਼ਾਲਮ ਹੋ ਚੁੱਕੇ ਹਾਂ ਅਸੀਂ ਧਰਤੀ ਦੀ ਹਿੱਕ ਪਾੜ ਕੇ ਉਸ ਵਿਚ ਯੂਰੀਏ ਵਰਗੀ ਰਸਾਇਣ ਨੂੰ ਮਿਲਾ ਕੇ ਪਤਾ ਨੀ ਕੀ ਸਿੱਧ ਕਰਨਾ ਚਾਹੁੰਦੇ ਹਾਂ ।ਫੈਕਟਰੀਆਂ ਅੰਦਰ ਮਨੁੱਖੀ ਜ਼ਿੰਦਗੀਆਂ ਨੂੰ ਤਬਾਹ ਕਰਨ ਵਾਲੇ ਰਸਾਇਣਾਂ ਦੇ 10 ਇੰਚੀ ਪਾਇਪ ਧਰਤੀ ਦੀ ਹਿੱਕ ਵਿੱਚ ਸੁੱਟ ਕੇ ਉਸ ਨੂੰ 'ਅੱਗ ਦੇ ਭਾਂਬੜ ਬਣਨ ਲਈ ਮਜਬੂਰ' ਕਰਨ ਦੀ ਕਹਾਣੀ ਕਿਸੇ ਦੀ ਸਮਾਜ ਵਿੱਚ ਕਿਉਂ ਨਹੀਂ ਆ ਰਹੀ । ਆਖਰ 'ਪੈਸੇ ਰੂਪੀ ਗਲਫਤ' ਦੀ ਚਾਦਰ ਸਾਡੀਆਂ ਅੱਖਾਂ ਦੇ ਸਾਹਮਣਿਓਂ ਕਦ ਹਟੇਗੀ ।ਪੰਜਾਬੀਓ ਹੁਣ ਖ਼ੈਰ ਬਹੁਤਾ ਸਮਾਂ ਨਹੀਂ ਲੱਗਣਾ , ਪਾਣੀ ਦੇ ਖ਼ਤਮ ਹੋਣ ਦੀ ਕਹਾਣੀ ਨੇੜੇ ਆ ਪਹੁੰਚੀ ਹੈ । ਛੇਤੀ ਹੀ ਪੰਜਾਬ ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਹੈ । ਏਅਰਪੋਰਟ , ਰੇਲਵੇ ਸਟੇਸ਼ਨ , ਬੱਸ ਸਟੈਂਡ , ਬਾਜ਼ਾਰਾਂ ਤੇ ਦੁਕਾਨਾਂ ਅੰਦਰ 'ਪੰਜਾਂ ਪਾਣੀਆਂ ਦੇ ਮਾਲਕਾਂ' ਨੂੰ ਬੋਤਲਾਂ ਵਿੱਚ ਭਰੇ ਪਾਣੀ ਦੀ ਖ਼ਰੀਦ ਕਰਦਿਆਂ ਆਮ ਵੇਖਿਆ ਜਾ ਸਕਦਾ ਹੈ ।ਜੇ ਅਸੀਂ ਸੱਚੇ ਮਨੋਂ ਅੰਮ੍ਰਿਤ ਰੂਪੀ ਪਾਣੀ ਦੀ ਕਦਰ ਕਰਨਾ ਚਾਹੁੰਦੇ ਹਾਂ ਤਾਂ ਕਿਸੇ ਵੀ ਰੂਪ ਵਿੱਚ ਪਾਣੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕ ਕੇ ਆਪਣਾ ਫ਼ਰਜ਼ ਜ਼ਰੂਰ ਨਿਭਾਓ ।ਜੇਕਰ ਫਿਰ ਵੀ ਸਾਡੀ ਸਮਝ ਵਿੱਚ ਕੁਝ ਨਾ ਆਵੇ ਤਾਂ ਰਾਜਸਥਾਨ ਦੇ ਉਸ 'ਬੰਦੇ ਖਾਣੇ' ਭਿਆਨਕ ਮਾਰੂਥਲ ਨੂੰ ਇੱਕ ਵਾਰ ਯਾਦ ਜ਼ਰੂਰ ਕਰੋ ਤਾਂ ਸਾਨੂੰ ਆਪਣੇ ਆਪ ਪਾਣੀ ਦੀ ਕਦਰ ਪਤਾ ਲੱਗ ਜਾਵੇਗੀ ।



**ਮਨਜਿੰਦਰ ਸਿੰਘ ਸਰੌਦ**
(ਮਾਲੇਰਕੋਟਲਾ) 9463463136

# "ਕਾਤਲਾਨਾ- ਏ ਮੌਸਮ ਦਾ ਮਿਜ਼ਾਜ"

ਅੰਮ੍ਰਿਤਪਾਲ ਕਲੇਰ
ਫੋਨ 8699693680

ਮੌਸਮ ਹੁਣ ਆਸ਼ਕਾਨਾ ਨਹੀਂ ਰਿਹਾ, ਇਹ ਕਾਤਲਾਨਾ ਮਿਜ਼ਾਜ ਬਣ ਗਿਆ ਹੈ, ਅਤੇ ਮਿਜ਼ਾਜ ਵੀ ਉਹ ਜੋ ਡਾਢਾ ਹੋਵੇ, ਜ਼ਿੱਦੀ ਹੋਵੇ, ਜਿਸਨੂੰ ਮਨਾਉਣਾ ਔਖਾ ਹੋਵੇ। ਪਹਿਲਾਂ ਬਜ਼ੁਰਗ ਕਹਿੰਦੇ ਹੁੰਦੇ ਸਨ ਕਿ ਪੱਛੋਂ ਵਗੀ ਤਾਂ ਰੁੱਤ ਬਦਲੂ, ਪੁਰਾ ਵਗਿਆ ਤਾਂ ਮੀਂਹ ਪਊ। ਹੁਣ ਪੱਛੋਂ ਵਗਦੀ ਹੈ ਤਾਂ ਧੂੜ ਨਹੀਂ, ਤੇਲ ਦੀ ਬੋਅ ਆਉਂਦੀ ਹੈ। ਪੁਰਾ ਵਗਦਾ ਹੈ ਤਾਂ ਠੰਢ ਨਹੀਂ, ਹੜ੍ਹ ਆਉਂਦੇ ਨੇ। ਇਹ ਤਬਦੀਲੀ ਕੁਦਰਤੀ ਨਹੀਂ, ਇਹ ਮਨੁੱਖੀ ਕਰਤੂਤ ਦਾ ਨਜ਼ਰਾਨਾ ਹੈ। ਇਹ ਸਿਧਾਂਤਕ ਹੈ। ਜਦੋਂ ਮਨੁੱਖ ਨੇ ਆਪਣੇ ਆਪ ਨੂੰ ਕੁਦਰਤ ਦਾ ਹਿੱਸਾ ਸਮਝਣ ਦੀ ਥਾਂ ਕੁਦਰਤ ਦਾ ਮਾਲਕ ਸਮਝਣਾ ਸ਼ੁਰੂ ਕੀਤਾ, ਉਦੋਂ ਤੋਂ ਹਵਾ ਦਾ ਰੁਖ਼ ਬਦਲ ਗਿਆ। ਪੱਛਮ ਦਾ ਵਿਗਿਆਨ ਇਸਨੂੰ ਐਂਥਰੋਪੋਸੀਨ ਕਹਿੰਦਾ ਹੈ, ਮਨੁੱਖ ਦਾ ਯੁੱਗ, ਜਿੱਥੇ ਮਨੁੱਖ ਦੀ ਇੱਕ ਫੈਕਟਰੀ ਇੱਕ ਜਵਾਲਾਮੁਖੀ ਨਾਲੋਂ ਜ਼ਿਆਦਾ ਕਾਰਬਨ ਛੱਡਦੀ ਹੈ।ਇੱਕ ਯੁੱਧ ਇੱਕ ਪੂਰੇ ਮਹਾਂਦੀਪ ਨਾਲੋਂ ਜ਼ਿਆਦਾ ਗਰਮੀ ਪੈਦਾ ਕਰਦਾ ਹੈ। ਕਾਰਲ ਮਾਰਕਸ ਨੇ ਡੇਢ ਸੌ ਸਾਲ ਪਹਿਲਾਂ ਲਿਖਿਆ ਸੀ ਕਿ ਕੁਦਰਤ ਅਤੇ ਮਨੁੱਖ ਵਿਚਾਲੇ ਇੱਕ ਮੈਟਾਬੋਲਿਕ ਰਿਫਟ ਪੈ ਗਿਆ ਹੈ। ਇੱਕ ਪਾੜਾ, ਜਦੋਂ ਅਸੀਂ ਜ਼ਮੀਨ ਤੋਂ ਲੈਂਦੇ ਹਾਂ ਪਰ ਵਾਪਸ ਨਹੀਂ ਕਰਦੇ। ਅੱਜ ਉਹ ਪਾੜਾ ਏਨਾ ਵੱਡਾ ਹੋ ਗਿਆ ਹੈ ਕਿ ਉਹਦੇ ਵਿੱਚ ਪੂਰੇ ਗਲੇਸ਼ੀਅਰ ਡਿੱਗ ਰਹੇ ਹਨ, ਪੂਰੀਆਂ ਬਸਤੀਆਂ ਰੁੜ੍ਹ ਰਹੀਆਂ ਹਨ, ਅਤੇ ਪੂਰੇ ਸਮੁੰਦਰ ਕਾਲੇ ਹੋ ਰਹੇ ਹਨ।

ਇਸ ਪਾੜੇ ਦੀ ਸਭ ਤੋਂ ਪਹਿਲੀ ਨਿਸ਼ਾਨੀ ਹੈ ਖੁ ?ਰ ਰਹੇ ਗਲੇਸ਼ੀਅਰ। ਜਿਹੜੀ ਬਰਫ ਹਜ਼ਾਰਾਂ ਸਾਲਾਂ ਦੀ ਠੰਢ ਨੇ ਜਮਾਈ ਸੀ, ਜਿਹੜੀ ਚਿੱਟੀ ਰੂੰ ਵਾਂਗੂੰ ਹਿਮਾਲਿਆ ਦੇ ਮੱਥੇ 'ਤੇ ਸਜੀ ਹੋਈ ਸੀ, ਉਹ ਹੁਣ ਪਾਣੀ ਬਣ ਕੇ ਵਗ ਰਹੀ ਹੈ। ਵਿਗਿਆਨ ਦੇ ਅੰਕੜੇ ਕਿਸੇ ਗ਼ਜ਼ਲ ਵਾਂਗੂੰ ਨਹੀਂ, ਮਰਸੀਏ ਵਾਂਗੂੰ ਲੱਗਦੇ ਹਨ। 1976 ਤੋਂ 2024 ਤੱਕ ਧਰਤੀ ਨੇ 9.18 ਟ੍ਰਿਲੀਅਨ ਟਨ ਪਹਾੜੀ ਬਰਫ਼ ਗੁਆ ਦਿੱਤੀ ਹੈ। ਇਹ ਏਨੀ ਬਰਫ਼ ਹੈ ਕਿ ਜੇ ਇਸਨੂੰ ਇਕੱਠਾ ਕੀਤਾ ਜਾਵੇ ਤਾਂ ਕੋਈ ਵੀ ਛੋਟਾ ਪੂਰਾ ਦੇਸ਼ 27 ਮੀਟਰ ਉੱਚੀ ਬਰਫ਼ ਦੀ ਕਬਰ ਹੇਠ ਆ ਜਾਵੇ। ਸਾਲ 2026 ਇਸ ਕਬਰ ਦਾ ਸਭ ਤੋਂ ਵੱਡਾ ਸਾਲ ਹੈ। ਯੂਰਪ ਵਿੱਚ ਜੂਨ ਦੀ ਗਰਮੀ ਨੇ ਸਾਰੇ ਰਿਕਾਰਡ ਤੋੜ ਦਿੱਤੇ। ਸਵਿਟਜ਼ਰਲੈਂਡ ਦੇ ਰੋਨ ਗਲੇਸ਼ੀਅਰ 'ਤੇ ਇੱਕੋ ਰੁੱਤੇ 9 ਮੀਟਰ ਬਰਫ਼ ਪਿਘਲ ਗਈ। ਵਿਗਿਆਨੀ ਆਂਦਰੇਆਸ ਬਾਉਡਰ ਜੋ ਵੀਹ ਸਾਲਾਂ ਤੋਂ ਗਲੇਸ਼ੀਅਰ 'ਚ ਡੰਡੇ ਗੱਡ ਕੇ ਨਾਪ ਕਰਦਾ ਹੈ, ਉਹ ਕਹਿੰਦਾ ਹੈ ਕਿ ਮੇਰੇ ਡੰਡੇ ਛੋਟੇ ਪੈ ਗਏ, ਬਰਫ ਇੰਨੀ ਤੇਜ਼ੀ ਨਾਲ ਖੁ ?ਰ ਗਈ ਕਿ ਮੈਨੂੰ ਅੰਦਾਜ਼ਾ ਹੀ ਨਹੀਂ ਲੱਗਾ। ਸਵਿਟਜ਼ਰਲੈਂਡ 'ਚ ਹੁਣ ਵਿਗਿਆਨੀ ਪਲਾਸਟਿਕ ਦੇ ਕੱਪੜੇ ਦੀ ਥਾਂ ਭੇਡਾਂ ਦੀ ਉੱਨ ਨਾਲ ? ਗਲੇਸ਼ੀਅਰ ਨੂੰ ਢੱਕ ਰਹੇ ਹਨ ਤਾਂ ਜੋ ਉਹ ਘੱਟ ਪਿਘਲੇ। ਸੋਚੋ! ਅਸੀਂ ਕਿੱਥੇ ਆ ਗਏ ਹਾਂ ? ਜਿੱਥੇ ਸਾਨੂੰ ਬਰਫ਼ ਨੂੰ ਕੰਬਲ ਦੇਣੇ ਪੈ ਰਹੇ ਹਨ। ਗਲੇਸ਼ੀਅਰ ਹੁਣ ਬਰਫ਼ ਦੇ ਬੁਰਜ ਨਹੀਂ ਰਹੇ, ਉਹ ਸਮੇਂ ਦੀ ਕਰਵਟ ਨਾਲ ? ਬੰਬ ਬਣ ਗਏ ਹਨ। ਤੁਸੀਂ ਕਹੋਗੇ ਕਿ ਬਰਫ਼! ਉਹ ਵੀ-ਬੰਬ ? ਇਹ ਭਲਾਂ ਕਿੱਦਾਂ ਸੰਭਵ ਹੈ ?, ਲਓ ਫਿਰ ਅੱਗੇ ਸੁਣੋ ,ਜਦੋਂ ਗਲੇਸ਼ੀਅਰ ਪਿਘਲਦੇ ਹਨ ਤਾਂ ਉੱਪਰ ਝੀਲਾਂ ਬਣਦੀਆਂ ਹਨ।ਕੱਚੇ ਪੱਥਰਾਂ ਅਤੇ ਮਿੱਟੀ ਦੀਆਂ ਝੀਲਾਂ, ਜਿਹਨੂੰ ਵਿਗਿਆਨ 7*®6 ਕਹਿੰਦਾ ਹੈ, ਗਲੇਸ਼ੀਅਲ ਲੇਕ ਆਊਟਬਰਸਟ ਫਲੱਡ, ਇੱਕ ਛੋਟਾ ਜਿਹਾ ਭੂਚਾਲ ਤੇ ਇੱਕ ਤੇਜ਼ ਮੀਂਹ ਨਾਲ ? ਉਹ ਝੀਲ ਫਟ ਜਾਂਦੀ ਹੈ, ਫਿਰ ਪਾਣੀ ਨਹੀਂ ਆਉਂਦਾ, ਪਹਾੜ ਆਉਂਦਾ ਹੈ। ਉਹ ਪਹਾੜ 26 ਅਗਸਤ 2026 ਨੂੰ ਨੇਪਾਲ ਵਿੱਚ ਆਇਆ। ਸਵੇਰੇ 9:15 ਵਜੇ, ਭੋਟੇ ਕੋਸ਼ੀ ਦਰਿਆ, ਜੋ ਤਿੱਬਤ ਤੋਂ ਆਉਂਦਾ ਹੈ, ਉਹਦੇ ਵਿੱਚ ਤਿੱਬਤ ਵੱਲੋਂ ਬਰਫ, ਪੱਥਰ, ਲੋਹਾ ਅਤੇ ਚਿੱਕੜ ਦਾ ਇੱਕ ਮੌਤ ਰੂਪੀ ਪਹਾੜ ਆਉਂਦਾ ਹੈ ਅਤੇ ਅਚਿੰਤੇ ਆਪਣੇ ਆਪ ਵਿੱਚ ਮਸ਼ਰੂਫ ਜ਼ਿੰਦਗੀ ਨੂੰ ਮੌਤ ਦੇ ਅਗੋਸ਼ ਵਿੱਚ ਲੈ ਲੈਂਦਾ ਹੈ। ਸ਼ੁਰੂ ਵਿੱਚ ਖ਼ਬਰ ਆਈ ਕਿ 31 ਲੋਕ ਮਰੇ, 384 ਲਾਪਤਾ ਹਨ, ਬਚਾਅ ਕਾਰਜ 'ਚ ਮੀਂਹ ਰੁਕਾਵਟ ਬਣ ਰਿਹਾ ਹੈ। ਦੂਜੇ ਦਿਨ ਖ਼ਬਰ ਬਦਲ ਗਈ, 157 ਮੌਤਾਂ, 400 ਲਾਪਤਾ, 10,000 ਪਰਿਵਾਰਾਂ ਨੂੰ ਮਦਦ ਦੀ ਲੋੜ। ਇੱਕ ਹਫ਼ਤੇ ਬਾਅਦ ਜਦੋਂ ਸੈਟੇਲਾਈਟ ਨੇ ਧੂੜ ਹਟਾ ਕੇ ਦੇਖਿਆ ਤਾਂ ਸੱਚ ਸਾਹਮਣੇ ਆਇਆ, 1,287 ਲੋਕ ਮਰ ਚੁੱਕੇ ਸਨ, 5,083 ਲੋਕ ਅਜੇ ਵੀ ਲਾਪਤਾ ਹਨ। 11,814 ਲੋਕਾਂ ਨੂੰ ਫੌਜ ਨੇ ਬਚਾਇਆ, 2.2 ਮਿਲੀਅਨ ਟਨ ਮਲਬਾ, ਮਤਲਬ ਪੂਰੇ ਸ਼ਹਿਰ ਦਾ ਮਲਬਾ, ਪਹਾੜਾਂ 'ਚ ਖਿੱਲਰਿਆ ਪਿਆ ਸੀ। ਰਸੂਵਾ, ਨੁਵਾਕੋਟ, ਧਾਡਿੰਗ ਜ਼ਿਲ੍ਹੇ 'ਚ ਪੂਰੀਆਂ ਮੰਡੀਆਂ, ਪੁਲ, ਬੈਂਕ, ਕਸਟਮ ਦਫਤਰ, ਅਤੇ 12 ਪਣ-ਬਿਜਲੀ ਪ੍ਰੋਜੈਕਟ, ਜਿਹਨਾਂ ਵਿੱਚੋਂ 20 ਮੈਗਾਵਾਟ ਦਾ ਲਾਂਗਟਾਂਗ ਖੋਲਾ ਪ੍ਰੋਜੈਕਟ ਦੋ ਦਿਨਾਂ ਵਿੱਚ ਸ਼ੁਰੂ ਹੋਣ ਵਾਲਾ ਸੀ, ਉਹ ਸਭ ਰੁੜ੍ਹ ਗਏ। ਉੱਥੇ 60 ਮਜ਼ਦੂਰ, 25 ਇੰਜੀਨੀਅਰ, ਡਰਾਈਵਰ, ਰਸੋਈਏ, 35 ਮਜ਼ਦੂਰ ਜੋ ਸੁਰੰਗ ਦੇ ਅੰਦਰ ਸਨ, ਉਹ ਉਸੇ ਸੁਰੰਗ ਵਿੱਚ ਦਫ਼ਨ ਹੋ ਗਏ। ਨੇਪਾਲ ਦੀ ਕੁੱਲ ਬਿਜਲੀ ਦਾ 10% ਇੱਕ ਦਿਨ 'ਚ ਖ਼ਤਮ ਹੋ ਗਿਆ। ਉੱਥੋਂ ਦੇ ਵਿੱਤ ਮੰਤਰੀ ਨੇ ਕਿਹਾ ਕਿ ਮੁੜ ਉਸਾਰੀ ਲਈ 4 ਤੋਂ 5 ਅਰਬ ਡਾਲਰ ਚਾਹੀਦੇ ਹਨ। ਇਹ ਹੜ੍ਹ ਨਹੀਂ ਸੀ, ਇਹ ਕੁਦਰਤ ਦਾ ਬਦਲਾ ਸੀ, ਅਤੇ ਇਹ ਬਦਲਾ ਕੱਲ੍ਹ ਨੂੰ ਕਿਸੇ ਵੀ ਦੇਸ਼ ਦੀ ਹੋਣੀ ਵਿੱਚ ਤਬਦੀਲ ਹੋ ਸਕਦਾ ਹੈ, ਕਿਉਂਕਿ ਹਿਮਾਲਿਆ ਤਾਂ ਇੱਕੋ ਹੀ ਹੈ।

ਹੁਣ ਦੂਜੀ ਗਰਮੀ ਦੀ ਗੱਲ ਕਰੀਏ, ਜੋ ਸੂਰਜ ਦੀ ਨਹੀਂ, ਜੰਗਾਂ ਦੇ ਬਾਰੂਦ ਦੀ ਹੈ। 28 ਫਰਵਰੀ 2026 ਨੂੰ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਜੰਗ ਸ਼ੁਰੂ ਹੋਈ, ਤਾਂ ਦੁਨੀਆਂ ਨੇ ਤੇਲ ਦੀਆਂ ਕੀਮਤਾਂ ਦੇਖੀਆਂ, ਪਰ ਕਿਸੇ ਨੇ ਹਵਾ ਦੀ ਕੀਮਤ ਨਹੀਂ ਦੇਖੀ। ਯੂਨੀਵਰਸਿਟੀ ਆਫ ਸਾਊਥ ਫਲੋਰੀਡਾ ਦੀ ਰਿਪੋਰਟ ਕਹਿੰਦੀ ਹੈ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਫਾਰਸ ਦੀ ਖਾੜੀ ਵਿੱਚ ਤੇਲ ਦਾ ਫੈਲਾਅ ਚਾਰ ਗੁਣਾ ਵੱਧ ਗਿਆ ਹੈ। ਸੈਟੇਲਾਈਟ ਤਸਵੀਰ ਵਿੱਚ 7 ਅਪ੍ਰੈਲ ਨੂੰ ਕੇਸ਼ਮ ਟਾਪੂ ਕੋਲ ਪੰਜ ਮੀਲ ਲੰਬਾ ਤੇਲ ਦਾ ਛੱਪੜ ਦਿਖਿਆ, ਲਾਵਾਨ ਟਾਪੂ 'ਉੱਤੇ ਤੇਲ ਡਿਪੂ ਤੇ ਹਮਲੇ ਤੋਂ ਬਾਅਦ ਉਹ ਤੇਲ ਸ਼ਿਦਵਾਰ ਟਾਪੂ ਤੱਕ ਪਹੁੰਚ ਗਿਆ। ਜਿੱਥੇ ਦੁਰਲੱਭ ਕੱਛੂ ਅਤੇ ਸਮੁੰਦਰੀ ਪੰਛੀ ਰਹਿੰਦੇ ਹਨ, ਉਹ ਟਾਪੂ ਜੋ ਸੁਰੱਖਿਅਤ ਸੀ, ਅੱਜ ਮਨੁੱਖੀ ਮਾਰ ਝੱਲ ਰਿਹਾ ਹੈ ਅਤੇ ਕਾਲਾ ਹੋ ਗਿਆ ਹੈ। ਹਾਰਵਰਡ ਦੇ ਅੰਦਾਜ਼ੇ ਅਨੁਸਾਰ ਸਿਰਫ਼ ਪਹਿਲੇ ਦੋ ਹਫਤਿਆਂ ਵਿੱਚ ਜੰਗੀ ਜਹਾਜ਼ਾਂ ਨੇ 150 ਤੋਂ 270 ਮਿਲੀਅਨ ਲੀਟਰ ਬਾਲਣ ਫੂਕਿਆ ਹੈ। 5 ਲੱਖ ਟਨ 3®2, ਜੋ ਇੱਕ ਛੋਟੇ ਦੇਸ਼ ਦੇ ਇੱਕ ਸਾਲ ਦੇ ਤੇਲ ਭੰਡਾਰ ਦੇ ਬਰਾਬਰ ਹੈ। ਤਹਿਰਾਨ ਦੇ ਚਾਰ ਵੱਡੇ ਤੇਲ ਭੰਡਾਰਾਂ 'ਚ ਅੱਗ ਲੱਗਣ ਨਾਲ 2.5 ਤੋਂ 5.9 ਮਿਲੀਅਨ ਬੈਰਲ ਤੇਲ ਸੜਿਆ, ਅਤੇ ਉਹਦੇ ਨਾਲ ? ਕਾਲਾ ਮੀਂਹ ਵਰ੍ਹ ?ਆ, ਇਹ ਮੀਂਹ ਪਾਣੀ ਨਹੀਂ ਸੀ, ਇਹ ਸਲਫਰ, ਬੈਂਜੀਨ, ਕਾਰਬਨ ਮੋਨੋਆਕਸਾਈਡ ਦਾ ਜ਼ਹਿਰ ਸੀ, ਜੋ ਖੇਤਾਂ 'ਚ ਪਿਆ, ਫੇਫੜਿਆਂ 'ਚ ਗਿਆ। ਅੱਜ ਦੁਨੀਆ ਦੇ 43% ਤੇਲ ਦਾ ਉਤਪਾਦਨ ਜੰਗ ਵਾਲੇ ਖੇਤਰਾਂ 'ਚ ਫਸਿਆ ਹੋਇਆ ਹੈ, ਰੂਸ-ਯੂਕਰੇਨ, ਲੀਬੀਆ, ਈਰਾਨ, ਅਤੇ ਹੋਰਮੁਜ਼ ਦੀ ਖਾੜੀ ਜਿੱਥੋਂ ਦੁਨੀਆ ਦਾ 20% ਤੇਲ ਲੰਘਦਾ ਸੀ, ਉਹ ਬੰਦ ਹੋਣ ਕਿਨਾਰੇ ਹੈ। ਜਦੋਂ ਤੇਲ ਸਮੁੰਦਰ 'ਚ ਡੁੱਲ੍ਹਦਾ ਹੈ ਤਾਂ ਸਮੁੰਦਰੀ ਜੀਵ ਮਰਦੇ ਹਨ। ਜਦੋਂ ਤੇਲ ਅਸਮਾਨ 'ਵਿੱਚ ਸੜਦਾ ਹੈ ਤਾਂ ਹਵਾ ਮਰਦੀ ਹੈ। ਅਸੀਂ ਤੇਲ ਨੂੰ ਕੁਦਰਤੀ ਸਰੋਤ ਕਹਿੰਦੇ ਸੀ, ਹੁਣ ਉਹ ਹਥਿਆਰ ਬਣ ਗਿਆ ਹੈ। (ਵਿਸ਼ੇਸ਼:- ਇਸ ਵਿਚਲੇ ਅੰਕੜੇ ਖ਼ਬਰਾਂ ਤੋਂ ਇਕੱਠੇ ਕੀਤੇ ਹਨ।)

ਇਸ ਲਈ ਮੌਸਮ ਦਾ ਮਿਜ਼ਾਜ ਡਾਢਾ ਹੈ, ਕਿਉਂਕਿ ਮਨੁੱਖ ਦਾ ਮਿਜ਼ਾਜ ਡਾਢਾ ਹੋ ਗਿਆ ਹੈ। ਅਸੀਂ ਪਾਣੀ ਨੂੰ ਬਿਜਲੀ ਬਣਾਉਣ ਲਈ ਰੋਕਿਆ, ਉਹ ਹੜ੍ਹ ਬਣ ਗਿਆ। ਅਸੀਂ ਤੇਲ ਨੂੰ ਤਾਕਤ ਬਣਾਉਣ ਲਈ ਸਾੜਿਆ, ਉਹ ਕਾਲਾ ਮੀਂਹ ਬਣ ਗਿਆ। ਅਸੀਂ ਹਵਾ ਨੂੰ ਹਥਿਆਰ ਬਣਾ ਲਿਆ। ਨੇਪਾਲ ਦਾ ਹੜ੍ਹ ਅਤੇ ਈਰਾਨ ਦੀ ਜੰਗ ਦੋ ਵੱਖਰੀਆਂ ਖ਼ਬਰਾਂ ਨਹੀਂ, ਇੱਕੋ ਖ਼ਬਰ ਦੇ ਦੋ ਸਫੇ ਹਨ। ਇੱਕ 'ਚ ਪਾਣੀ ਨੇ ਮਾਰਿਆ, ਦੂਜੇ 'ਚ ਅੱਗ ਨੇ। ਦੋਨਾਂ 'ਚ ਮਰਿਆ ਆਮ ਬੰਦਾ, ਉਹ ਮਜ਼ਦੂਰ ਜੋ ਸੁਰੰਗ 'ਚ ਸੀ, ਉਹ ਮਛੇਰਾ ਜੋ ਖਾੜੀ 'ਚ ਸੀ। ਜਦ ਤੱਕ ਅਸੀਂ ਗਲੇਸ਼ੀਅਰ ਨੂੰ ਜੀਵਤ ਵਿਅਕਤੀ ਦਾ ਦਰਜਾ ਨਹੀਂ ਦਿੰਦੇ, ਜਦ ਤੱਕ ਜੰਗ ਦੇ ਕਾਰਬਨ ਨੂੰ ਜੰਗੀ ਅਪਰਾਧ ਨਹੀਂ ਮੰਨਦੇ, ਅਤੇ ਜਦ ਤੱਕ ਨੇਪਾਲ ਵਰਗੇ ਦੇਸ਼ਾਂ ਲਈ ਕਲਾਈਮੇਟ ਹਰਜ਼ਾਨਾ ਫੰਡ ਨਹੀਂ ਬਣਾਉਂਦੇ, ਇਹ ਪੱਛੋਂ ਇਸੇ ਤਰ੍ਹਾਂ ਵਗਦੀ ਰਹੇਗੀ, ਧੂੜ ਭਰੀ, ਤੇਲ ਭਰੀ, ਅਤੇ ਲਾਸ਼ਾਂ ਭਰੀ। ਕਿਸੇ ਸ਼ਾਇਰ ਨੇ ਸੱਚ ਹੀ ਕਿਹਾ ਹੈ :-,

ਹੌਸਲਾ ਨਾ ਹਾਰ ਗਿਰ ਕਰ ਐ ਮੁਸਾਫ਼ਰ ,
ਅਗਰ ਦਰਦ ਯਹਾਂ ਮਿਲਾ ਹੈ, ਤੋ ਦਵਾ ਭੀ ਯਹੀਂ ਮਿਲੇਗੀ।

# ਸਰਪ੍ਰਸਤ ਮੁਬਸ਼ਿਰ ਲੁਕਮਾਨ ਨਾਲ ਬਾਗੀ ਰਾਈਟਰਜ਼ ਫੋਰਮ ਦੇ ਮੈਂਬਰਾਂ ਦਾ ਜਾਣ-ਪਛਾਣ ਸੈਸ਼ਨ

## ਇੱਕ ਸੱਚੇ ਲੇਖਕ ਦੀ ਕਲਮ ਆਪਣੇ ਦੇਸ਼ ਦੇ ਦੱਬੇ-ਕੁਚਲੇ ਵਰਗ ਦਾ ਬੁਲਾਰਾ ਹੈ, ਮੁਬਾਸ਼ਿਰ ਲੁਕਮਾਨ।

ਬਾਗੀ ਰਾਈਟਰਜ਼ ਫੋਰਮ ਵੱਲੋਂ ਆਯੋਜਿਤ ਮੈਂਬਰਾਂ ਦਾ ਪਹਿਲਾ ਸ਼ੁਰੂਆਤੀ ਸੈਸ਼ਨ ਜਿਮਖਾਨਾ ਕਲੱਬ ਮਾਲ ਰੋਡ ਵਿਖੇ ਸੀਨੀਅਰ ਪੱਤਰਕਾਰ ਅਤੇ ਐਂਕਰਪਰਸਨ, ਬਾਗੀ ਟੀਵੀ ਦੇ ਸੀਈਓ ਅਤੇ ਬਾਗੀ ਲੇਖਕ ਮੰਚ ਦੇ ਸਰਪ੍ਰਸਤ ਮੁਬਸ਼ਿਰ ਲੁਕਮਾਨ ਦੀ ਪ੍ਰਧਾਨਗੀ ਹੇਠ ਹੋਇਆ। ਸ਼ੁਰੂਆਤੀ ਸੈਸ਼ਨ ਵਿੱਚ ਬਾਗੀ ਲੇਖਕ ਮੰਚ ਲਾਹੌਰ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜ਼ਫਰ ਇਕਬਾਲ ਜ਼ਫਰ ਨੂੰ ਅਗਸਤ ਮਹੀਨੇ ਦਾ ਬਾਗੀ ਐਵਾਰਡ ਦਿੱਤਾ ਗਿਆ, ਜਦਕਿ ਤਾਰਿਕ ਨਵੀਦ ਸਿੰਧ ਨੂੰ ਵੀ ਬਾਗੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੁਬਾਸ਼ਿਰ ਲੁਕਮਾਨ ਨੇ ਇਜਾਜ਼ ਰਾਹੀ ਨੂੰ ਸਤੰਬਰ ਮਹੀਨੇ ਦੇ ਬਾਗੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ, ਜਦੋਂ ਕਿ ਸਤੰਬਰ ਮਹੀਨੇ ਦੇ ਦੂਜੇ ਪੁਰਸਕਾਰ ਦਾ ਐਲਾਨ ਸਤੰਬਰ ਦੇ ਅੰਤ ਵਿੱਚ ਕੀਤਾ ਜਾਵੇਗਾ। ਸਮਾਗਮ ਦੌਰਾਨ ਸਾਬਕਾ ਡੀ.ਜੀ.ਐਫ.ਆਈ.ਏ., ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਕੇਂਦਰੀ ਆਗੂ ਗਾਲਿਬ ਬੰਦਿਸ਼ਾ ਨੇ ਪੁਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਬਾਗੀ ਰਾਈਟਰਜ਼ ਫੋਰਮ ਦਾ ਜਾਣ-ਪਛਾਣ ਸੈਸ਼ਨ, ਮੈਂਬਰਾਂ ਦੀ ਜਾਣ-ਪਛਾਣ ਮੁੱਖ ਸਰਪ੍ਰਸਤ ਬਾਗੀ ਰਾਈਟਰਜ਼ ਫੋਰਮ ਦੁਆਰਾ ਕਰਵਾਈ ਗਈ, ਜਿਸਦਾ ਸੰਚਾਲਨ ਮੁਬਾਸ਼ਿਰ ਲੁਕਮਾਨ ਦੁਆਰਾ ਕੀਤਾ ਗਿਆ, ਮੈਂਬਰਾਂ ਨੇ ਆਪਣਾ ਜਾਣ-ਪਛਾਣ ਕਰਵਾਇਆ। ਗੱਲਬਾਤ ਦੌਰਾਨ, ਮੁਬਾਸ਼ਿਰ ਲੁਕਮਾਨ ਨੇ ਆਪਣੀ ਸਿਖਲਾਈ ਸ਼ੈਲੀ ਵਿੱਚ ਆਪਣੀ ਲਿਖਣ ਕਲਾ ਬਾਰੇ ਦੱਸਿਆ ਅਤੇ ਕਿਹਾ ਕਿ ਇੱਕ ਕਾਲਮ ਦਾ ਸਿਰਲੇਖ ਪਾਠਕਾਂ ਨੂੰ ਆਕਰਸ਼ਿਤ ਕਰਦਾ ਹੈ। ਇੱਕ ਅਸਲੀ ਲੇਖਕ ਦੀ ਕਲਮ ਆਪਣੇ ਦੇਸ਼ ਦੇ ਦੱਬੇ-ਕੁਚਲੇ ਵਰਗ ਦੀ ਬੁਲਾਰਾ ਹੁੰਦੀ ਹੈ, ਜੋ ਅਧਿਕਾਰੀਆਂ ਦਾ ਧਿਆਨ ਮਨੁੱਖੀ ਕਦਰਾਂ-ਕੀਮਤਾਂ ਵੱਲ ਖਿੱਚਦੀ ਹੈ ਅਤੇ ਗਰੀਬ ਲੋਕਾਂ ਦੀ ਘੱਟ ਆਮਦਨ ਦੇ ਸੰਦਰਭ ਵਿੱਚ ਜੀਵਨ ਦੇ ਮਿਆਰ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਜਦੋਂ ਇੱਕ ਆਮ ਆਦਮੀ ਦੇ ਜੀਵਨ ਨੂੰ ਆਸਾਨ ਬਣਾਉਣ ਲਈ ਹਾਲਾਤ ਪੈਦਾ ਹੁੰਦੇ ਹਨ, ਤਾਂ ਹਰ ਤਰ੍ਹਾਂ ਦੇ ਲੋਕ ਇਸਦਾ ਲਾਭ ਉਠਾਉਂਦੇ ਹਨ। ਅਸੀਂ ਕਮਜ਼ੋਰ ਲੋਕਾਂ ਦੇ ਰਹਿਣ-ਸਹਿਣ ਦੇ ਹਾਲਾਤਾਂ ਨੂੰ ਬਿਹਤਰ ਬਣਾਉਣ ਲਈ ਕਲਮ ਦੀ ਪ੍ਰਭਾਵਸ਼ਾਲੀ ਆਵਾਜ਼ ਬੁਲੰਦ ਕਰਦੇ ਹਾਂ। ਭਾਵੇਂ ਉਹ ਬਾਗੀ ਟੀਵੀ ਹੋਵੇ ਜਾਂ ਬਾਗੀ ਰਾਈਟਰਜ਼ ਫੋਰਮ, ਇਸਦਾ ਮੁੱਖ ਉਦੇਸ਼ ਆਮ ਲੋਕਾਂ ਦੀ ਆਵਾਜ਼ ਬਣਨਾ ਹੈ ਅਤੇ ਇਸ ਆਵਾਜ਼ ਨੂੰ ਬਾਗੀ ਟੀਵੀ ਚੈਨਲ ਨਾਲ ਜੁੜੇ ਪਾਠਕਾਂ ਤੱਕ ਪਹੁੰਚਾਉਣਾ ਹੈ, ਮੈਂ ਤੁਹਾਡੇ ਸਾਰਿਆਂ ਲਈ ਬਾਗੀ ਟੀਵੀ ਚੈਨਲ ਦੇ ਦਰਵਾਜ਼ੇ ਖੋਲ੍ਹਦਾ ਹਾਂ। ਬਾਗੀ ਟੀਵੀ ਦੇ ਸੰਪਾਦਕ ਮੁਮਤਾਜ਼ ਅਵਾਨ ਦੇ ਯਤਨ ਤੁਹਾਡੀ ਆਵਾਜ਼, ਜੋ ਕੁਝ ਸੌ ਲੋਕਾਂ ਤੱਕ ਪਹੁੰਚਦੀ ਹੈ, ਨੂੰ ਲੱਖਾਂ ਲੋਕਾਂ ਤੱਕ





ਪਹੁੰਚਾਉਣ ਲਈ ਸ਼ਲਾਘਾਯੋਗ ਹਨ। ਮੈਂਬਰਾਂ ਨੂੰ ਨਾ ਸਿਰਫ਼ ਬਾਗੀ ਟੀਵੀ 'ਤੇ ਲਿਖਣਾ ਚਾਹੀਦਾ ਹੈ, ਸਗੋਂ ਸਾਨੂੰ ਆਪਣੇ ਵੀਡੀਓ ਅਤੇ ਵਲੌਗ ਵੀ ਭੇਜਣੇ ਚਾਹੀਦੇ ਹਨ ਜੋ ਬਾਗੀ ਟੀਵੀ ਦੇ ਯੂਟਿਊਬ ਅਤੇ ਫੇਸਬੁੱਕ 'ਤੇ ਪ੍ਰਸਾਰਿਤ ਕੀਤੇ ਜਾਣਗੇ। ਅਸੀਂ ਬਾਗੀ ਰਾਈਟਰਜ਼ ਫੋਰਮ ਦੇ ਸਾਰੇ ਮੈਂਬਰਾਂ ਨੂੰ ਸਾਡੇ ਕੋਲ ਆਉਣ ਵਾਲੀ ਵਿੱਤੀ ਸੌਖ ਵਿੱਚ ਭਾਈਵਾਲ ਬਣਾਉਣ ਲਈ ਦ੍ਰਿੜ ਹਾਂ ਅਤੇ ਬਾਗੀ ਰਾਈਟਰਜ਼ ਫੋਰਮ ਨਾਲ ਜੁੜੇ ਲੇਖਕਾਂ ਦੀ ਵਿੱਤੀ ਸਹਾਇਤਾ 'ਤੇ ਅਧਾਰਤ ਸਰੋਤ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਦੋਂ ਅਸੀਂ ਸਾਰੇ ਪਾਕਿਸਤਾਨੀ ਲੋਕਾਂ ਦੀ ਭਲਾਈ ਚਾਹੁੰਦੇ ਹਾਂ, ਤਾਂ ਆਪਣੇ ਲੇਖਕਾਂ ਦੀ ਭਲਾਈ ਕਿਉਂ ਨਹੀਂ ਚਾਹੁੰਦੇ ? ਜਦੋਂ ਵੀ ਸਾਨੂੰ ਤੁਹਾਡੇ ਲਈ ਸਹੂਲਤ ਮਿਲੇਗੀ, ਅਸੀਂ ਤੁਹਾਨੂੰ ਇਨਾਮ ਦੇਵਾਂਗੇ।

ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਨੇਤਾ ਗਾਲਿਬ ਬੰਦਿਸ਼ਾ ਨੇ ਬਾਗੀ ਰਾਈਟਰਜ਼ ਫੋਰਮ ਦੇ ਮੈਂਬਰਾਂ ਨੂੰ ਬ੍ਰਿਜ ਦੀ ਖੇਡ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਬ੍ਰਿਜ ਫੈਡਰੇਸ਼ਨ ਦੇ ਪ੍ਰਧਾਨ ਮੁਬਾਸ਼ਿਰ ਲੁਕਮਾਨ ਦੇ ਯਤਨਾਂ ਸਦਕਾ ਪਾਕਿਸਤਾਨ ਦੇ ਲਾਹੌਰ ਵਿੱਚ ਏਸ਼ੀਅਨ ਬ੍ਰਿਜ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਮੈਂ ਹੁਣ ਤੱਕ ਅੰਤਰਰਾਸ਼ਟਰੀ ਪੱਧਰ 'ਤੇ ਕਈ ਵਾਰ ਬ੍ਰਿਜ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਹੈ। ਸ਼ੁਰੂਆਤੀ ਸੈਸ਼ਨ ਵਿੱਚ, ਸਾਰੇ ਪ੍ਰਤੀਭਾਗੀਆਂ ਨੇ ਬਾਗੀ ਲੇਖਕ ਮੰਚ ਦੇ ਵਿਚਾਰ ਦੀ ਸ਼ਲਾਘਾ ਕੀਤੀ ਅਤੇ ਆਪਣੀ ਲੇਖਣੀ ਵਿੱਚ ਸੁਧਾਰ ਕਰਨ ਲਈ ਆਪਣੇ ਮਨ ਵਿੱਚ ਲਾਹੇਵੰਦ ਸੁਝਾਅ ਰੱਖੇ। ਸੈਸ਼ਨ ਦੇ ਅੰਤ ਵਿੱਚ ਬਾਗੀ ਲੇਖਕ ਮੰਚ ਦਾ ਅਗਸਤ 2026 ਦਾ ਪਹਿਲਾ ਇਨਾਮ ਬਾਗੀ ਲੇਖਕ ਮੰਚ ਦੇ ਸਰਪ੍ਰਸਤ-ਇਨ-ਚੀਫ਼ ਮੁਬਾਸ਼ਿਰ ਲੁਕਮਾਨ, ਗਾਲਿਬ ਬੰਦਿਸ਼ਾ ਨੇ ਲੇਖਕ ਜ਼ਫ਼ਰ ਇਕਬਾਲ ਜ਼ਫ਼ਰ ਨੂੰ ਦਿੱਤਾ, ਜਦੋਂ ਕਿ ਜ਼ਫ਼ਰ ਇਕਬਾਲ ਜ਼ਫ਼ਰ ਨੇ ਮੁਬਾਸ਼ਿਰ ਲੁਕਮਾਨ ਨੂੰ ਆਪਣੀ ਪੁਸਤਕ ਜ਼ਫ਼ਰੀਅਤ ਭੇਟ ਕੀਤੀ। ਬਾਗੀ ਟੀਵੀ ਕਸੂਰ ਦੇ ਬਿਊਰੋ ਚੀਫ ਤਾਰਿਕ ਨਵੀਦ ਸਿੰਧੂ ਨੂੰ ਵੀ ਬਾਗੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰਿਆਜ਼ ਅਹਿਮਦ ਅਹਿਸਾਨ, ਚੌਧਰੀ ਰਿਜ਼ਵਾਨ ਕਾਹਲੋਂ, ਨਈਮ ਖ਼ਾਨ, ਇਜਾਜ਼ ਰਾਹੀ, ਜ਼ਫ਼ਰ ਇਕਬਾਲ ਜ਼ਫ਼ਰ, ਜੁਨੈਦ ਕਬੀਰ ਮੁਗ਼ਲ, ਤਾਰਿਕ ਨਵੀਦ ਸਿੰਧੂ, ਅਲੀ ਰਜ਼ਾ, ਜਾਵੇਦ ਡੈਨੀ ਐਲ, ਹਾਫ਼ ?ਜ਼ ਮੁਹੰਮਦ ਜ਼ੁਬੈਰ, ਜਾਨ ਮੁਹੰਮਦ ਰਮਜ਼ਾਨ, ਆਰੀਫ਼ੀਨ ਆਇਸ਼ਾ, ਫ਼ੈਸਲ ਰਮਜ਼ਾਨ, ਯੂਹਾਨਾ ਜਾਨ, ਦਾਨਿਸ਼ ਰਹਿਮਾਨ, ਦਾਨਿਸ਼ ਰਹਿਮਾਨ ਮੁਹੰਮਦ ਅਸ਼ਹਿਰਾ, ਦਾਨਿਸ਼ ਰਹਿਮਾਨ, ਫੈਜ਼ਲ ਰਮਜ਼ਾਨ, ਦਾਨਿਸ਼ ਰਹਿਮਾਨ, ਫੈਸਲ ਰਮਜ਼ਾਨ। ਬਾਗੀ ਰਾਈਟਰਜ਼ ਫੋਰਮ ਦੇ ਸ਼ੁਰੂਆਤੀ ਸੈਸ਼ਨ ਵਿੱਚ ਐਡਵੋਕੇਟ, ਰਾਣਾ ਸ਼ਹਿਜ਼ਾਦ ਅਲਤਾਫ਼, ਮੁਹੰਮਦ ਅਹਿਮਦ, ਚੌਧਰੀ ਹਮਜ਼ਾ ਸਿੰਧੂ ਅਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ।

# ਬਰਜਿੰਦਰ ਕੌਰ ਬਿਸਰਾਓ : ਸਾਹਿਤ ਦੀ ਇੱਕ ਵਿਲੱਖਣ ਸ਼ਖ਼ਸੀਅਤ



ਪੰਜਾਬੀ ਸਾਹਿਤ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੀਆਂ ਜੜ੍ਹਾਂ ਆਮ ਲੋਕਾਂ ਦੇ ਜੀਵਨ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਜਦੋਂ ਕੋਈ ਲੇਖਕ ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ, ਰਿਸ਼ਤਿਆਂ ਦੀਆਂ ਬਾਰੀਕੀਆਂ, ਸਮਾਜ ਦੀਆਂ ਤਬਦੀਲੀਆਂ ਅਤੇ ਮਨੁੱਖੀ ਸੁਭਾਅ ਨੂੰ ਆਪਣੀ ਕਲਮ ਰਾਹੀਂ ਪਾਠਕਾਂ ਤੱਕ ਪਹੁੰਚਾਉਂਦਾ ਹੈ ਤਾਂ ਉਸ ਦੀ ਰਚਨਾ ਸਿਰਫ਼ ਸਾਹਿਤ ਨਹੀਂ ਰਹਿੰਦੀ, ਸਗੋਂ ਸਮਾਜ ਨਾਲ ਸੰਵਾਦ ਦਾ ਸਾਧਨ ਬਣ ਜਾਂਦੀ ਹੈ। ਬਰਜਿੰਦਰ ਕੌਰ ਬਿਸਰਾਓ ਦੀ ਸਾਹਿਤਕ ਪਛਾਣ ਨੂੰ ਵੀ ਇਸੇ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ। 25 ਅਗਸਤ ਨੂੰ ਲੁਧਿਆਣਾ ਵਿਖੇ ਜਨਮੀ ਬਰਜਿੰਦਰ ਕੌਰ ਬਿਸਰਾਓ ਦੀ ਅੱਜ ਇੱਕ ਵੱਖਰੀ ਪਛਾਣ ਹੈ। ਜਿੰਨਾਂ ਮੈਂ ਉਨ੍ਹਾਂ ਨੂੰ ਮਿਲ ?ੀ ਹਾਂ ਤੇ ਸਮਝੀ ਹਾਂ ਮੈਡਮ ਬਿਸਰਾਓ ਹਸਮੁੱਖ ਸੁਭਾਅ ਦੀ ਦਲੇਰ ਸ਼ਖ਼ਸੀਅਤ ਹੈ। ਉਨ੍ਹਾਂ ਦੇ ਚਿਹਰੇ ਦਾ ਤੇਜ਼ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਆਪ ਮੁਹਾਰੇ ਬਿਆਨ ਕਰਦਾ ਹੈ। ਜ਼ਿੰਦਗੀ ਦੀਆਂ ਚੁਣੌਤੀਆਂ ਚੋਂ ਕਿਵੇਂ ਹੱਸਦੇ ਹੋਏ ਪਾਰ ਲੰਘਣਾ ਹੈ,ਕੋਈ ਉਨ੍ਹਾਂ ਤੋਂ ਸਿੱਖੇ। ਉਹ ਚੌਥੀ ਸਟੇਜ ਦੀ ਕੈਂਸਰ ਨੂੰ ਹਰਾਉਣ ਵਾਲ ?ੀ ਇੱਕ ਜਾਂਬਾਜ਼ ਔਰਤ ਹੈ। ਉਹ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਸਰੋਤ ਵੀ ਹਨ। ਅੱਜ ਉਹ ਕਿਸੇ ਪਹਿਚਾਣ ਦੇ ਮੁਹਤਾਜ ਨਹੀਂ ਹਨ। ਪਿਛਲੇ ਲੰਮੇ ਸਮੇਂ ਤੋਂ ਕੋਈ ਦਿਨ ਵਿਰਲਾ ਹੀ ਹੋਵੇਗਾ ਜਿਸ ਦਿਨ ਉਨ੍ਹਾਂ ਦੀਆਂ ਰਚਨਾਵਾਂ ਵੱਖ ਵੱਖ ਅਖ਼ਬਾਰਾਂ ਵਿੱਚ ਨਹੀਂ ਛਪੀਆਂ ਹੋਣਗੀਆਂ। ਪੰਜਾਬੀ ਟ੍ਰਿਬਿਊਨ, ਸਾਂਝੀ ਸੋਚ ਯੂ ਐਸ ਏ, ਸਮਾਜ ਵੀਕਲੀ ਯੂ ਕੇ, ਪੰਜਾਬੀ ਜਾਗਰਣ, , ਰੋਜ਼ਾਨਾ ਸਪੋਕਸਮੈਨ, ਪੰਜਾਬ ਟਾਈਮਜ਼,ਚੜ੍ਹਦੀ ਕਲਾ ਅਤੇ ਹੋਰ ਅਨੇਕਾਂ ਅਖ਼ਬਾਰਾਂ ਵਿੱਚ ਉਨ੍ਹਾਂ ਦੀਆਂ ਲਿਖਤਾਂ ਛਪਦੀਆਂ ਰਹਿੰਦੀਆਂ ਹਨ ਤੇ ਪਾਠਕਾਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲਦਾ ਹੈ। ਉਹਨਾਂ ਦੀ ਕਲਮ ਨਿਰੰਤਰ ਅਤੇ ਅਣਥੱਕ ਚਲਦੀ ਹੈ। ਉਹ ਅਧਿਆਪਨ ਦੇ ਖੇਤਰ ਨਾਲ ਲੰਮਾ ਸਮਾਂ ਜੁੜੇ ਰਹੇ ਹਨ ਅਤੇ ਨਾਲ ਹੀ ਪੰਜਾਬੀ ਸਾਹਿਤ ਵਿੱਚ ਆਪਣੀ ਸਰਗਰਮ ਹਾਜ਼ਰੀ ਦਰਜ ਕਰਵਾ ਰਹੇ ਹਨ। ਉਨ੍ਹਾਂ ਦੀਆਂ ਲਿਖਤਾਂ ਵਿੱਚ ਸਿੱਖਿਆ, ਸਮਾਜ, ਪਰਿਵਾਰ, ਰਿਸ਼ਤੇ, ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖੀ ਜੀਵਨ ਦੇ ਵੱਖ-ਵੱਖ ਪੱਖਾਂ ਦੀ ਝਲਕ ਮਿਲਦੀ ਹੈ।

ਅਧਿਆਪਨ ਮਨੁੱਖ ਨੂੰ ਸਿਰਫ਼ ਕਿਤਾਬਾਂ ਨਾਲ ਨਹੀਂ ਜੋੜਦਾ, ਸਗੋਂ ਵਿਦਿਆਰਥੀਆਂ, ਪਰਿਵਾਰਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਨੇੜਿਓਂ ਸਮਝਣ ਦਾ ਮੌਕਾ ਵੀ ਦਿੰਦਾ ਹੈ। ਬਰਜਿੰਦਰ ਕੌਰ ਬਿਸਰਾਓ ਦੀ ਲਿਖਤ ਵਿੱਚ ਇਹ ਅਨੁਭਵ ਸਾਫ਼ ਮਹਿਸੂਸ ਹੁੰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਜੀਵਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਰਾਹੀਂ ਵੱਡੀਆਂ ਸਮਾਜਿਕ ਗੱਲਾਂ ਕਹਿਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਅਧਿਆਪਕ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਲਈ 'ਲਾਈਫਟਾਈਮ ਬੈਸਟ ਟੀਚਰ' ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਤਰ੍ਹਾਂ ਸਿੱਖਿਆ ਅਤੇ ਸਾਹਿਤ ਦੋਵੇਂ ਖੇਤਰ ਉਨ੍ਹਾਂ ਦੀ ਸ਼ਖ਼ਸੀਅਤ ਦੇ ਮਹੱਤਵਪੂਰਨ ਪੱਖ ਬਣਦੇ ਹਨ।

ਬਰਜਿੰਦਰ ਕੌਰ ਬਿਸਰਾਓ ਦੀਆਂ ਪ੍ਰਕਾਸ਼ਿਤ ਪੁਸਤਕਾਂ ਵਿੱਚ 'ਲਫ਼ਜ਼ ਬੋਲ ਪਏ' ਕਾਵਿ-ਸੰਗ੍ਰਹਿ ਅਤੇ ਕਹਾਣੀ-ਸੰਗ੍ਰਹਿ 'ਮੋਹਧਾਰਾ' ,ਮੋਹ ਦੀਆਂ ਤੰਦਾਂ ਅਤੇ ਨਵਜੰਮੀ ਧੀ ਦਾ ਕੰਨਿਆ ਦਾਨ ਸ਼ਾਮਲ ਹਨ। ਉਨ੍ਹਾਂ ਦੀਆਂ ਅਖ਼ਬਾਰਾਂ ਅਤੇ ਸਾਹਿਤਕ ਵੈੱਬਸਾਈਟਾਂ ਵਿੱਚ ਛਪੀਆਂ ਰਚਨਾਵਾਂ ਦੀ ਸੂਚੀ ਕਾਫ਼ੀ ਵਿਸ਼ਾਲ ਹੈ। ਉਦਾਹਰਨ ਵਜੋਂ 'ਕਰਮਾਂ ਵਾਲੀ ਕੋਠੀ', 'ਨਵੀਂ ਸਵੇਰ', 'ਪੁੱਤ ਦੀ ਉਡੀਕ', 'ਕੰਮ ਦੀ ਗੱਲ', 'ਸ਼ਰਾਬ ਵਾਲੀ ਖਾਤਿਰਦਾਰੀ', 'ਮੁਸ਼ਕਲਾਂ ਨਾਲ ਲੜਨਾ ਸਿੱਖੋ', 'ਮਾਪੇ ਕਦੇ ਵੀ ਬੋਝ ਨਹੀਂ ਹੁੰਦੇ', 'ਬਜ਼ੁਰਗਾਂ ਪ੍ਰਤੀ ਸੋਚ ਬਦਲਣ ਦੀ ਲੋੜ', 'ਨਸ਼ਿਆਂ ਕਾਰਨ ਸਿਸਕਦੇ ਰਿਸ਼ਤੇ' ਅਤੇ 'ਏਤੀ ਮਾਰ ਪਈ ਕਰਲਾਣੇ' ਆਦਿ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੀ ਲਿਖਤ ਦਾ ਵਿਸ਼ਾ ਸਿਰਫ਼ ਇੱਕ ਖੇਤਰ ਤੱਕ ਸੀਮਤ ਨਹੀਂ। 'ਸਾਦਗੀ ਜਾਂ ਗਰੀਬੀ ?', 'ਸੁਚੇਤ ਮਨ ਨੂੰ ਕਿਵੇਂ ਟਿਕਾਈਏ', 'ਪਿਤਾ ਦਿਵਸ ਦੀ ਮਹਾਨਤਾ', 'ਬਜ਼ੁਰਗਾਂ ਦਾ ਤਿਰਸਕਾਰ ਨਹੀਂ ਸਤਿਕਾਰ ਕਰੋ' ਅਤੇ 'ਸ਼ਹਾਦਤ ਵੱਡੇ ਸਾਹਿਬਜ਼ਾਦਿਆਂ ਦੀ' ਵਰਗੀਆਂ ਰਚਨਾਵਾਂ ਤੋਂ ਉਨ੍ਹਾਂ ਦੇ ਵਿਸ਼ਿਆਂ ਦੀ ਵੰਨ-ਸੁਵੰਨਤਾ ਦਾ ਪਤਾ ਲੱਗਦਾ ਹੈ।

ਬਰਜਿੰਦਰ ਕੌਰ ਬਿਸਰਾਓ ਦੀ ਲਿਖਣ ਸ਼ੈਲੀ ਦਾ ਇੱਕ ਮਹੱਤਵਪੂਰਨ ਗੁਣ ਸਹਿਜਤਾ ਅਤੇ ਸਾਦਗੀ ਹੈ। ਉਹ ਬਹੁਤ ਜ਼ਿਆਦਾ ਗੁੰਝਲਦਾਰ ਜਾਂ ਭਾਰੀ ਸ਼ਬਦਾਵਲੀ ਦੀ ਥਾਂ ਆਮ ਪਾਠਕ ਦੇ ਨੇੜੇ ਵਾਲੀ ਪੰਜਾਬੀ ਵਰਤਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਘਰ-ਪਰਿਵਾਰ ਦੀਆਂ ਗੱਲਾਂ, ਪਿੰਡ-ਸ਼ਹਿਰ ਦਾ ਜੀਵਨ, ਰਿਸ਼ਤਿਆਂ ਦੀ ਗਰਮੀ, ਬਜ਼ੁਰਗਾਂ ਦੀ ਸਥਿਤੀ, ਬਦਲ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਅਤੇ ਅੱਜ ਦੇ ਮਨੁੱਖ ਦੀਆਂ ਮੁਸ਼ਕਲਾਂ ਸਿੱਧੇ ਢੰਗ ਨਾਲ ਸਾਹਮਣੇ ਆਉਂਦੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਅਕਸਰ ਆਮ ਜੀਵਨ ਦੇ ਪਾਤਰ ਹੁੰਦੇ ਹਨ। ਇਹੀ ਗੱਲ ਉਨ੍ਹਾਂ ਦੀਆਂ ਰਚਨਾਵਾਂ ਨੂੰ ਪਾਠਕ ਦੇ ਨੇੜੇ ਲੈ ਆਉਂਦੀ ਹੈ। ਦੂਜੇ ਪਾਸੇ, ਵਿਚਾਰਧਾਰਕ ਲੇਖਾਂ ਵਿੱਚ ਉਹ ਕਿਸੇ ਸਮਾਜਿਕ ਸਮੱਸਿਆ ਨੂੰ ਉਠਾ ਕੇ ਉਸ ਦੇ ਕਾਰਨਾਂ ਅਤੇ ਪ੍ਰਭਾਵਾਂ ਬਾਰੇ ਸੋਚਣ ਲਈ ਪਾਠਕ ਨੂੰ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦੀਆਂ ਲਿਖਤਾਂ ਦਾ ਇੱਕ ਵੱਡਾ ਪੱਖ ਸਮਾਜਿਕ ਸਰੋਕਾਰ ਹੈ। ਨਸ਼ਿਆਂ ਕਾਰਨ ਪਰਿਵਾਰਕ ਰਿਸ਼ਤਿਆਂ ਦੇ ਟੁੱਟਣ ਬਾਰੇ ਲਿਖਦਿਆਂ ਉਹ ਨੌਜਵਾਨੀ, ਮਾਪਿਆਂ ਅਤੇ ਸਮਾਜ ਦੀ ਚਿੰਤਾ ਨੂੰ ਸਾਹਮਣੇ ਲਿਆਉਂਦੇ ਹਨ। ਇਸੇ ਤਰ੍ਹਾਂ ਬਜ਼ੁਰਗਾਂ ਬਾਰੇ ਲਿਖਦਿਆਂ ਉਹ ਪੁਰਾਣੇ ਸਾਂਝੇ ਪਰਿਵਾਰਾਂ ਦੀਆਂ ਕਦਰਾਂ ਅਤੇ ਅੱਜ ਦੇ ਬਦਲੇ ਹੋਏ ਪਰਿਵਾਰਕ ਢਾਂਚੇ ਦੀ ਤੁਲਨਾ ਕਰਦੇ

ਪ੍ਰਦੀਪ ਕੌਰ ਅਡੋਲ, ਰਾਜਪੁਰਾ

ਹਨ। ਉਨ੍ਹਾਂ ਦੀਆਂ ਲਿਖਤਾਂ ਵਿੱਚ ਮਾਪਿਆਂ ਦਾ ਸਤਿਕਾਰ, ਪਰਿਵਾਰਕ ਰਿਸ਼ਤੇ, ਨੈਤਿਕਤਾ, ਸਾਦਗੀ, ਸਵੈਮਾਣ, ਮਨੁੱਖੀ ਸੰਵੇਦਨਾ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਮੁੱਦੇ ਵਾਰ-ਵਾਰ ਸਾਹਮਣੇ ਆਉਂਦੇ ਹਨ।

ਸਾਹਿਤ ਪ੍ਰਤੀ ਉਨ੍ਹਾਂ ਦੀ ਸਰਗਰਮੀ ਦਾ ਇੱਕ ਪ੍ਰਮਾਣ ਇਹ ਵੀ ਹੈ ਕਿ 2023 ਵਿੱਚ ਪੰਜਾਬੀ ਸਾਹਿਤ ਸਭਾ (ਰਜਿ.) ਧੂਰੀ ਵੱਲੋਂ ਉਨ੍ਹਾਂ ਨੂੰ ਸਭਾ ਦਾ ਮੈਂਬਰ ਨਿਯੁਕਤ ਕੀਤਾ ਗਿਆ। ਉਸ ਮੌਕੇ ਉਨ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਅਤੇ ਸਾਹਿਤ ਪ੍ਰਤੀ ਸਮਰਪਣ ਦਾ ਜ਼ਿਕਰ ਕੀਤਾ ਗਿਆ ਸੀ। ਇਹ ਗੱਲ ਦਰਸਾਉਂਦੀ ਹੈ ਕਿ ਉਨ੍ਹਾਂ ਦੀ ਸਾਹਿਤਕ ਯਾਤਰਾ ਸਿਰਫ਼ ਪੁਸਤਕਾਂ ਲਿਖਣ ਤੱਕ ਸੀਮਤ ਨਹੀਂ, ਸਗੋਂ ਸਾਹਿਤਕ ਸੰਸਥਾਵਾਂ ਅਤੇ ਗਤੀਵਿਧੀਆਂ ਨਾਲ ਜੁੜ ਕੇ ਪੰਜਾਬੀ ਸਾਹਿਤ ਦੇ ਵਿਸ਼ਾਲ ਪਰਿਵਾਰ ਦਾ ਹਿੱਸਾ ਬਣਨ ਤੱਕ ਫੈਲੀ ਹੋਈ ਹੈ।

ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਉਨ੍ਹਾਂ ਦੀਆਂ ਲਿਖਤਾਂ ਦੀ ਨਿਰੰਤਰ ਹਾਜ਼ਰੀ ਲੱਗਦੀ ਹੈ। ਬਰਜਿੰਦਰ ਕੌਰ ਬਿਸਰਾਓ ਦੀਆਂ ਰਚਨਾਵਾਂ ਵੱਖ-ਵੱਖ ਪੰਜਾਬੀ ਮਾਧਿਅਮਾਂ ਵਿੱਚ ਨਿਰੰਤਰ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਪੰਜਾਬੀ ਟ੍ਰਿਬਿਊਨ ਵਿੱਚ ਉਨ੍ਹਾਂ ਦੀਆਂ ਕਹਾਣੀਆਂ ਅਤੇ ਲੇਖ ਛਪਦੇ ਹਨ, ਜਦਕਿ ਸਰੋਕਾਰ ਅਤੇ ਸਮਾਜ ਵੀਕਲੀ ਵਿੱਚ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਲੰਮੀ ਲੜੀ ਮਿਲਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਦੀ ਲਗਾਤਾਰ ਮੌਜੂਦਗੀ ਇਹ ਦਰਸਾਉਂਦੀ ਹੈ ਕਿ ਉਨ੍ਹਾਂ ਨੇ ਸਾਹਿਤ ਨੂੰ ਕਿਸੇ ਇੱਕ ਮੌਕੇ ਜਾਂ ਸ਼ੌਕ ਤੱਕ ਸੀਮਤ ਨਹੀਂ ਰੱਖਿਆ, ਸਗੋਂ ਲਗਾਤਾਰ ਲਿਖਣ ਨੂੰ ਆਪਣੀ ਸਾਹਿਤਕ ਯਾਤਰਾ ਦਾ ਹਿੱਸਾ ਬਣਾਇਆ ਹੈ।

ਬਰਜਿੰਦਰ ਕੌਰ ਬਿਸਰਾਓ ਨੂੰ ਸਿਰਫ਼ ਇੱਕ ਲੇਖਿਕਾ ਵਜੋਂ ਦੇਖਣਾ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸੀਮਤ ਕਰਨਾ ਹੋਵੇਗਾ। ਅਧਿਆਪਕਾ, ਕਵਿੱਤਰੀ, ਕਹਾਣੀਕਾਰਾ, ਲੇਖਿਕਾ, ਕਾਲਮਨਵੀਸ, ਸਾਹਿਤਕ ਸਰਗਰਮੀਆਂ ਨਾਲ ਜੁੜੀ ਸ਼ਖ਼ਸੀਅਤ ਅਤੇ ਸਮਾਜਿਕ ਸਰੋਕਾਰਾਂ ਦੀ ਆਵਾਜ਼ ਆਦਿ ਇਹ ਸਾਰੇ ਪੱਖ ਉਨ੍ਹਾਂ ਦੇ ਵਿਅਕਤਿਤਵ ਵਿੱਚ ਇਕੱਠੇ ਦਿਖਾਈ ਦਿੰਦੇ ਹਨ। ਉਨ੍ਹਾਂ ਨੂੰ ਜੰਗਲਾਤ ਵਿਭਾਗ ਵੱਲੋਂ ਕਈ ਸੈਮੀਨਾਰਾਂ ਵਿੱਚ ਮੁੱਖ ਮਹਿਮਾਨ ਵਜੋਂ ਬੁਲਾਇਆ ਜਾਣਾ ਸਾਬਤ ਕਰਦਾ ਹੈ ਕਿ ਉਹ ਪ੍ਰੇਰਨਾਦਾਇਕ ਸਪੀਕਰ ਹੋਣ ਦੇ ਨਾਲ ? ਨਾਲ ? ਵਾਤਾਵਰਨ ਪ੍ਰੇਮੀ ਵੀ ਹਨ। ਉਨ੍ਹਾਂ ਦੇ ਲੇਖਾਂ ਵਿੱਚ ਅਧਿਆਪਕ ਵਾਲੀ ਸਮਝਾਉਣ ਦੀ ਸ਼ੈਲੀ ਹੈ, ਕਹਾਣੀਆਂ ਵਿੱਚ ਮਨੁੱਖੀ ਜੀਵਨ ਦੀ ਸੰਵੇਦਨਾ ਹੈ ਅਤੇ ਕਵਿਤਾ ਵਿੱਚ ਭਾਵਨਾਵਾਂ ਦੀ ਆਪਣੀ ਦੁਨੀਆਂ ਹੈ। ਇਹੀ ਸਿੱਖਿਆ ਅਤੇ ਸਾਹਿਤ ਦਾ ਸੁਮੇਲ ਉਨ੍ਹਾਂ ਨੂੰ ਇੱਕ ਵੱਖਰੀ ਪਛਾਣ ਦਿੰਦਾ ਹੈ।

ਅਧਿਆਪਨ ਦੇ ਖੇਤਰ ਵਿੱਚ ਮਿਲੇ 'ਲਾਈਫਟਾਈਮ ਬੈਸਟ ਟੀਚਰ ' ਸਨਮਾਨ ਤੋਂ ਇਲਾਵਾ ਉਨ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਨੇ ਵੀ ਉਨ੍ਹਾਂ ਨੂੰ ਸਾਹਿਤਕ ਮੰਚਾਂ 'ਤੇ ਪਛਾਣ ਦਿਵਾਈ ਹੈ। ਉਨ੍ਹਾਂ ਨੂੰ ਵੱਖ-ਵੱਖ ਸਾਹਿਤਕ ਅਤੇ ਸਮਾਜਿਕ ਸਮਾਗਮਾਂ ਵਿੱਚ ਮੁੱਖ ਮਹਿਮਾਨ ਅਤੇ ਪ੍ਰੇਰਣਾਦਾਇਕ ਬੁਲਾਰੇ ਵਜੋਂ ਸੱਦੇ ਮਿਲਣ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਸਭਾ ਧੂਰੀ ਦੀ ਮੈਂਬਰਸ਼ਿਪ ਵੀ ਉਨ੍ਹਾਂ ਦੀ ਸਾਹਿਤਕ ਸਰਗਰਮੀ ਦਾ ਇੱਕ ਮਹੱਤਵਪੂਰਨ ਪੱਖ ਹੈ। ਬਰਜਿੰਦਰ ਕੌਰ ਬਿਸਰਾਓ ਦੀ ਸਾਹਿਤਕ ਯਾਤਰਾ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਕਲਮ ਜੀਵਨ ਤੋਂ ਦੂਰ ਨਹੀਂ, ਸਗੋਂ ਜੀਵਨ ਦੇ ਬਿਲਕੁਲ ਵਿਚਕਾਰ ਖੜ੍ਹੀ ਹੈ। ਉਹ ਵੱਡੀਆਂ ਗੱਲਾਂ ਨੂੰ ਆਮ ਮਨੁੱਖ ਦੀ ਭਾਸ਼ਾ ਵਿੱਚ ਕਹਿਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੀ ਲਿਖਤ ਵਿੱਚ ਸਮਾਜ ਨੂੰ ਸ਼ੀਸ਼ਾ ਦਿਖਾਉਣ ਦੇ ਨਾਲ-ਨਾਲ ਸੁਧਾਰ ਦੀ ਉਮੀਦ ਵੀ ਮੌਜੂਦ ਰਹਿੰਦੀ ਹੈ।

ਅਧਿਆਪਕਾ ਵਜੋਂ ਉਨ੍ਹਾਂ ਨੇ ਗਿਆਨ ਵੰਡਿਆ ਅਤੇ ਸਾਹਿਤਕਾਰ ਵਜੋਂ ਉਸ ਗਿਆਨ, ਅਨੁਭਵ ਅਤੇ ਸੰਵੇਦਨਾ ਨੂੰ ਸ਼ਬਦਾਂ ਦਾ ਰੂਪ ਦਿੱਤਾ। 'ਲਫ਼ਜ਼ ਬੋਲ ਪਏ', 'ਮੋਹਧਾਰਾ', 'ਮੋਹ ਦੀਆਂ ਤੰਦਾਂ' ਅਤੇ 'ਨਵਜੰਮੀ ਧੀ ਦਾ ਕੰਨਿਆ ਦਾਨ' ਵਰਗੀਆਂ ਪੁਸਤਕਾਂ ਅਤੇ ਅਨੇਕਾਂ ਲੇਖ-ਕਹਾਣੀਆਂ ਉਨ੍ਹਾਂ ਦੀ ਇਸ ਸਾਹਿਤਕ ਯਾਤਰਾ ਦੇ ਪੜਾਅ ਹਨ।

ਇਸੇ ਲਈ ਬਰਜਿੰਦਰ ਕੌਰ ਬਿਸਰਾਓ ਦੀ ਸ਼ਖ਼ਸੀਅਤ ਨੂੰ "ਸਾਹਿਤ ਤੇ ਸਿੱਖਿਆ ਦਾ ਸੁਮੇਲ"ਕਹਿਣਾ ਸਾਰਥਕ ਹੈ—ਕਿਉਂਕਿ ਉਨ੍ਹਾਂ ਦੀ ਕਲਮ ਸਿਰਫ਼ ਮਨੋਰੰਜਨ ਨਹੀਂ ਕਰਦੀ, ਬਲਕਿ ਪਾਠਕ ਨੂੰ ਸੋਚਣ, ਸਮਝਣ ਅਤੇ ਆਪਣੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਪਛਾਨਣ ਲਈ ਵੀ ਪ੍ਰੇਰਿਤ ਕਰਦੀ ਹੈ। ਪਰਮਾਤਮਾ ਉਨ੍ਹਾਂ ਦੀ ਉਮਰ ਲੰਬੀ ਕਰੇ ਤਾਂ ਜੋ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਸਰੋਤ ਬਣੇ ਰਹਿਣ ਤੇ ਸਾਹਿਤ ਦੇ ਖੇਤਰ ਵਿੱਚ ਹੋਰ ਵਡਮੁੱਲਾ ਯੋਗਦਾਨ ਪਾਉਂਦੇ ਰਹਿਣ।

# ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵੱਧਾਉਣ ਵਿੱਚ ਸੰਗੀਤ ਦੀ ਮਹੱਤਤਾ

ਅੱਜ ਦਾ ਯੁੱਗ ਡਿਜੀ ?ਟਲ ਸਹੂਲਤਾਂ ਦਾ ਯੁੱਗ ਹੈ, ਪਰ ਇਸ ਦੇ ਨਾਲ ਹੀ ਮਨੁੱਖੀ ਇਕਾਗਰਤਾ ਲਈ ਚੁਣੌਤੀਆਂ ਵੀ ਲਗਾਤਾਰ ਵੱਧ ਰਹੀਆਂ ਹਨ। ਮੋਬਾਈਲ ਫੋਨ, ਸੋਸ਼ਲ ਮੀਡੀਆ, ਲਗਾਤਾਰ ਆਉਣ ਵਾਲੀਆਂ ਸੂਚਨਾਵਾਂ ਅਤੇ ਹੋਰ ਡਿਜ਼ੀਟਲ ਵਿਘਨਾਂ ਨੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਆਮ ਲੋਕਾਂ ਦੀ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਸੰਗੀਤ ਮਨੁੱਖੀ ਮਨ ਨੂੰ ਸ਼ਾਂਤ ਕਰਨ, ਭਾਵਨਾਵਾਂ ਨੂੰ ਸੰਤੁਲਿਤ ਕਰਨ ਅਤੇ ਇਕਾਗਰਤਾ ਵੱਧਾਉਣ ਦਾ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਸਾਧਨ ਬਣ ਸਕਦਾ ਹੈ। ਆਮ ਤੌਰ 'ਤੇ ਸੰਗੀਤ ਨੂੰ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਹੈ, ਪਰ ਇਸ ਦਾ ਪ੍ਰਭਾਵ ਮਨੋਰੰਜਨ ਤੱਕ ਸੀਮਿਤ ਨਹੀਂ। ਸੰਗੀਤ ਮਨੁੱਖੀ ਭਾਵਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ, ਦਿਮਾਗ ਦੇ ਵੱਖ-ਵੱਖ ਹਿੱਸਿਆਂ ਨੂੰ ਸਰਗਰਮ ਕਰਦਾ ਹੈ ਅਤੇ ਅਜਿਹਾ ਵਾਤਾਵਰਨ ਪੈਦਾ ਕਰ ਸਕਦਾ ਹੈ ਜੋ ਪੜ੍ਹਾਈ, ਰਚਨਾਤਮਕਤਾ ਅਤੇ ਕੰਮ ਵਿੱਚ ਧਿਆਨ ਕੇਂਦਰਿਤ ਕਰਨ ਲਈ ਅਨੁਕੂਲ ਹੋਵੇ। ਮਿੱਠੀਆਂ ਧੁਨਾਂ ਤੋਂ ਲੈ ਕੇ ਲੈਅਬੱਧ ਸੰਗੀਤ ਤੱਕ, ਹਰ ਕਿਸਮ ਦਾ ਸੰਗੀਤ ਮਨ ਦੀ ਅਵਸਥਾ 'ਤੇ ਆਪਣਾ ਵਿਲੱਖਣ ਪ੍ਰਭਾਵ ਛੱਡਦਾ ਹੈ। ਇਕਾਗਰਤਾ ਦਾ ਅਰਥ ਹੈ ਕਿਸੇ ਇੱਕ ਕੰਮ 'ਤੇ ਪੂਰਾ ਧਿਆਨ ਕੇਂਦਰਿਤ ਕਰਨਾ ਅਤੇ ਬੇਲੋੜੀਆਂ ਰੁਕਾਵਟਾਂ ਨੂੰ ਨਜ਼ਰਅੰਦਾਜ਼ ਕਰਨਾ। ਸਿੱਖਿਆ, ਫ਼ੈਸਲਾ ਲੈਣ, ਰਚਨਾਤਮਕ ਸੋਚ ਅਤੇ ਉਤਪਾਦਕਤਾ ਲਈ ਇਕਾਗਰਤਾ ਬਹੁਤ ਜ਼ਰੂਰੀ ਹੈ। ਪਰ ਤਣਾਅ, ਚਿੰਤਾ, ਬੇਜ਼ਾਰੀ ਅਤੇ ਮਾਨਸਿਕ ਥਕਾਵਟ ਅਕਸਰ ਸਾਡੀ ਧਿਆਨ ਦੇਣ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੇ ਹਨ। ਉਚਿਤ ਸੰਗੀਤ ਮਨ ਨੂੰ ਸ਼ਾਂਤ ਅਤੇ ਸਕਾਰਾਤਮਕ ਬਣਾਕੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਸਹਾਇਤਾ ਕਰ ਸਕਦਾ ਹੈ। ਵਿਗਿਆਨਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਸੰਗੀਤ ਸੁਣਨ ਨਾਲ ਦਿਮਾਗ ਦੇ ਉਹ ਖੇਤਰ ਸਰਗਰਮ ਹੁੰਦੇ ਹਨ ਜੋ ਯਾਦਦਾਸ਼ਤ, ਭਾਵਨਾਵਾਂ, ਧਿਆਨ ਅਤੇ ਪ੍ਰੇਰਣਾ ਨਾਲ ਸੰਬੰਧਿਤ ਹਨ। ਮਨਪਸੰਦ ਅਤੇ ਸੁਹਾਵਣਾ ਸੰਗੀਤ ਡੋਪਾਮੀਨ ਨਾਮਕ ਨਿਊਰੋਟਰਾਂਸਮੀਟਰ ਦੇ ਸ੍ਰਾਵ ਨੂੰ ਉਤਸ਼ਾਹਿਤ ਕਰ ਸਕਦਾ ਹੈ, ਜੋ ਖੁਸ਼ੀ ਅਤੇ ਪ੍ਰੇਰਣਾ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਭਾਵਨਾਤਮਕ ਤੌਰ 'ਤੇ ਸੰਤੁਲਿਤ ਹੁੰਦਾ ਹੈ, ਤਾਂ ਉਸ ਲਈ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਆਸਾਨ ਹੋ ਜਾਂਦਾ ਹੈ।

ਵਿਦਿਆਰਥੀਆਂ ਲਈ ਸੰਗੀਤ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਾਬਤ ਹੋ ਸਕਦਾ ਹੈ। ਪੜ੍ਹਾਈ ਦੌਰਾਨ ਹੌਲੀ ਆਵਾਜ਼ ਦਾ ਸੰਗੀਤ, ਸ਼ਾਸਤਰੀ ਧੁਨਾਂ ਜਾਂ ਕੁਦਰਤੀ ਆਵਾਜ਼ਾਂ ਮਨ ਨੂੰ ਸ਼ਾਂਤੀ ਪ੍ਰਦਾਨ ਕਰ ਸਕਦੀਆਂ ਹਨ। ਲੰਬੇ ਸਮੇਂ ਤੱਕ ਪੜ੍ਹਾਈ ਕਰਨ ਦੀ ਇਕਸਾਰਤਾ ਨੂੰ ਘਟਾਉਣ ਲਈ ਵੀ ਸੰਗੀਤ ਸਹਾਇਕ ਹੁੰਦਾ ਹੈ। ਹਾਲਾਂਕਿ ਪੜ੍ਹਨ, ਲਿਖਣ ਅਤੇ ਗੰਭੀਰ ਸਮੱਸਿਆਵਾਂ ਹੱਲ ਕਰਨ ਸਮੇਂ ਬਿਨਾਂ ਬੋਲਾਂ ਵਾਲਾ ਸੰਗੀਤ ਵਧੇਰੇ ਉਚਿਤ ਮੰਨਿਆ ਜਾਂਦਾ ਹੈ, ਕਿਉਂਕਿ ਗੀਤਾਂ ਦੇ ਸ਼ਬਦ ਕਈ ਵਾਰ ਦਿਮਾਗੀ ਪ੍ਰਕਿਰਿਆ ਅਤੇ ਸਮਝ ਵਿੱਚ ਵਿਘਨ ਪੈਦਾ ਕਰ ਸਕਦੇ ਹਨ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ ਪੰਜਾਬ

ਸੰਗੀਤ ਦੀ ਲੈਅ ਅਤੇ ਗਤੀ ਵੀ ਇਕਾਗਰਤਾ 'ਤੇ ਪ੍ਰਭਾਵ ਪਾਉਂਦੀ ਹੈ। ਹੌਲਾ ਅਤੇ ਸ਼ਾਂਤ ਸੰਗੀਤ ਚਿੰਤਾ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ, ਜਦਕਿ ਮੱਧਮ ਗਤੀ ਵਾਲਾ ਲੈਅਬੱਧ ਸੰਗੀਤ ਊਰਜਾ ਅਤੇ ਪ੍ਰੇਰਣਾ ਵੱਧਾ ਸਕਦਾ ਹੈ। ਦੂਜੇ ਪਾਸੇ ਬਹੁਤ ਉੱਚੀ ਆਵਾਜ਼, ਤੇਜ਼ ਧੁਨਾਂ ਜਾਂ ਬਹੁਤ ਜਟਿਲ ਸੰਗੀਤ ਗੰਭੀਰ ਬੌਧਿਕ ਕੰਮਾਂ ਦੌਰਾਨ ਧਿਆਨ ਭਟਕਾ ਸਕਦਾ ਹੈ। ਇਸ ਲਈ ਸੰਗੀਤ ਦੀ ਚੋਣ ਬਹੁਤ ਮਹੱਤਵਪੂਰਨ ਹੈ।

ਸੰਗੀਤ ਅਤੇ ਯਾਦਦਾਸ਼ਤ ਦਾ ਵੀ ਡੂੰਘਾ ਸੰਬੰਧ ਹੈ। ਧੁਨਾਂ ਅਤੇ ਲੈਅ ਜਾਣਕਾਰੀ ਨੂੰ ਦਿਮਾਗ ਵਿੱਚ ਵਿਵਸਥਿਤ ਕਰਨ ਅਤੇ ਕੁਝ ਤੱਥਾਂ ਨੂੰ ਯਾਦ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬੱਚਿਆਂ ਨੂੰ ਵਰਣਮਾਲਾ, ਕਵਿਤਾਵਾਂ, ਪਹਾੜੇ ਅਤੇ ਹੋਰ ਵਿਸ਼ੇ ਸਿਖਾਉਣ ਲਈ ਵਿਦਿਅਕ ਗੀਤਾਂ ਅਤੇ ਸੰਗੀਤਕ ਤਰੀਕਿਆਂ ਦੀ ਵਰਤੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਸੰਗੀਤ ਯਾਦਾਂ ਨਾਲ ਸੰਬੰਧ ਬਣਾਉਂਦਾ ਹੈ, ਜਿਸ ਕਾਰਨ ਜਾਣਕਾਰੀ ਨੂੰ ਯਾਦ ਕਰਨਾ ਅਤੇ ਦੁਹਰਾਉਣਾ ਆਸਾਨ ਹੋ ਸਕਦਾ ਹੈ।

ਇਕਾਗਰਤਾ ਵੱਧਾਉਣ ਤੋਂ ਇਲਾਵਾ ਸੰਗੀਤ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਤਣਾਅ ਪ੍ਰਭਾਵਸ਼ਾਲੀ ਸਿੱਖਿਆ ਅਤੇ ਉਤਪਾਦਕਤਾ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿੱਚੋਂ ਇੱਕ ਹੈ। ਇੱਕ ਸ਼ਾਂਤ ਧੁਨ ਬੇਚੈਨ ਮਨ ਨੂੰ ਸਕੂਨ ਦੇ ਸਕਦੀ ਹੈ ਅਤੇ ਭਾਵਨਾਤਮਕ ਰਾਹਤ ਪ੍ਰਦਾਨ ਕਰ ਸਕਦੀ ਹੈ। ਪ੍ਰੀਖਿਆਵਾਂ ਦੇ ਦਬਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਲਈ ਥੋੜ੍ਹੇ ਸਮੇਂ ਲਈ ਸ਼ਾਂਤ ਸੰਗੀਤ ਸੁਣਨਾ ਮਨ ਨੂੰ ਸਕਾਰਾਤਮਕ ਅਤੇ ਆਤਮਵਿਸ਼ਵਾਸੀ ਬਣਾਉਣ ਵਿੱਚ ਸਹਾਇਕ ਹੋ ਸਕਦਾ ਹੈ। ਕੰਮ ਵਾਲੀਆਂ ਥਾਵਾਂ 'ਤੇ ਵੀ ਸੰਗੀਤ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੌਲੀ ਆਵਾਜ਼ ਦਾ ਸੰਗੀਤ ਰੋਜ਼ਾਨਾ ਦੇ ਇਕਸਾਰ ਕੰਮਾਂ ਦੀ ਬੇਜ਼ਾਰੀ ਘਟਾ ਸਕਦਾ ਹੈ ਅਤੇ ਕਰਮਚਾਰੀਆਂ ਦੀ ਪ੍ਰੇਰਣਾ ਵੱਧਾ ਸਕਦਾ ਹੈ। ਪਰ ਇਹ ਵੀ ਜ਼ਰੂਰੀ ਹੈ ਕਿ ਹਰੇਕ ਵਿਅਕਤੀ ਦੀ ਪਸੰਦ ਅਤੇ ਕੰਮ ਦੀ ਪ੍ਰਕਿਰਤੀ ਦਾ ਸਤਿਕਾਰ ਕੀਤਾ ਜਾਵੇ। ਕੁਝ ਲੋਕ ਸੰਗੀਤ ਦੇ ਨਾਲ ਵਧੀਆ ਕੰਮ ਕਰ ਸਕਦੇ ਹਨ, ਜਦਕਿ ਹੋਰਾਂ ਲਈ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਵਾਲੇ ਕੰਮਾਂ ਦੌਰਾਨ ਪੂਰੀ ਖਾਮੋਸ਼ੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀ ਹੈ।

ਇਸ ਦੇ ਬਾਵਜੂਦ ਸੰਗੀਤ ਨੂੰ ਇਕਾਗਰਤਾ ਦੀ ਹਰ ਸਮੱਸਿਆ ਦਾ ਸਰਵਵਿਆਪੀ ਹੱਲ ਨਹੀਂ ਮੰਨਿਆ ਜਾ ਸਕਦਾ। ਬੇਲੋੜਾ ਸੰਗੀਤ ਸੁਣਨਾ, ਅਣਉਚਿਤ ਗੀਤਾਂ ਦੀ ਚੋਣ ਕਰਨਾ ਜਾਂ ਵਾਰ-ਵਾਰ ਗਾਣੇ ਬਦਲਣਾ ਧਿਆਨ ਭਟਕਾਉਣ ਦਾ ਕਾਰਨ ਬਣ ਸਕਦਾ ਹੈ। ਮੋਬਾਈਲ ਫੋਨ 'ਤੇ ਗਾਣਾ ਬਦਲਣ ਜਾਂ ਸੂਚਨਾਵਾਂ ਦੇਖਣ ਲਈ ਵਾਰ-ਵਾਰ ਧਿਆਨ ਹਟਾਉਣਾ ਸੰਗੀਤ ਦੇ ਅਸਲ ਉਦੇਸ਼ ਨੂੰ ਹੀ ਖਤਮ ਕਰ ਸਕਦਾ ਹੈ। ਇਸ ਲਈ ਸੰਗੀਤ ਦੀ ਵਰਤੋਂ ਸੂਝ-ਬੂਝ ਅਤੇ ਸੰਤੁਲਨ ਨਾਲ ਕਰਨੀ ਚਾਹੀਦੀ ਹੈ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਰ ਵਿਅਕਤੀ 'ਤੇ ਸੰਗੀਤ ਦਾ ਪ੍ਰਭਾਵ ਇੱਕੋ ਜਿਹਾ ਨਹੀਂ ਹੁੰਦਾ। ਕੁਝ ਲੋਕ ਖਾਮੋਸ਼ੀ ਵਿੱਚ ਵਧੇਰੇ ਇਕਾਗਰਤਾ ਨਾਲ ਕੰਮ ਕਰਦੇ ਹਨ, ਜਦਕਿ ਕੁਝ ਲੋਕ ਹੌਲੀ ਆਵਾਜ਼ ਦੇ ਸੰਗੀਤ ਨਾਲ ਸੁਚੱਜਾ ਪ੍ਰਦਰਸ਼ਨ ਕਰਦੇ ਹਨ। ਇਸ ਲਈ ਕੋਈ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਹਰ ਵਿਅਕਤੀ ਲਈ ਇਕਾਗਰਤਾ ਵੱਧਾਉਣ ਦੀ ਗਾਰੰਟੀ ਨਹੀਂ ਦੇ ਸਕਦੀ। ਵਿਅਕਤੀਗਤ ਪਸੰਦ, ਕੰਮ ਦੀ ਕਿਸਮ ਅਤੇ ਆਲੇ-ਦੁਆਲੇ ਦਾ ਵਾਤਾਵਰਨ ਇਸ ਦੀ ਪ੍ਰਭਾਵਸ਼ੀਲਤਾ ਨੂੰ ਨਿਰਧਾਰਤ ਕਰਦੇ ਹਨ। ਸੰਗੀਤ ਨੂੰ ਇੱਕ ਸਹਾਇਕ ਸਾਧਨ ਵਜੋਂ ਦੇਖਣਾ ਚਾਹੀਦਾ ਹੈ, ਨਾ ਕਿ ਅਨੁਸ਼ਾਸਨ ਅਤੇ ਮਿਹਨਤ ਦੇ ਬਦਲ ਵਜੋਂ। ਪੂਰੀ ਨੀਂਦ, ਸਮੇਂ ਦੀ ਸਹੀ ਯੋਜਨਾ, ਸਿਹਤਮੰਦ ਜੀਵਨਸ਼ੈਲੀ ਅਤੇ ਸ਼ਾਂਤ ਵਾਤਾਵਰਨ ਇਕਾਗਰਤਾ ਬਣਾਈ ਰੱਖਣ ਲਈ ਬਹੁਤ ਮਹੱਤਵਪੂਰਨ ਹਨ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਮਨੁੱਖੀ ਇਕਾਗਰਤਾ, ਯਾਦਦਾਸ਼ਤ, ਭਾਵਨਾਵਾਂ ਅਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਦੀ ਅਪਾਰ ਸਮਰੱਥਾ ਰੱਖਦਾ ਹੈ। ਜਦੋਂ ਇਸ ਦੀ ਚੋਣ ਸਮਝਦਾਰੀ ਨਾਲ ਕੀਤੀ ਜਾਵੇ, ਤਾਂ ਇਹ ਤਣਾਅ ਘਟਾ ਸਕਦਾ ਹੈ, ਮਨੋਦਸ਼ਾ ਨੂੰ ਸਿਹਤਮੰਦ ਬਣਾ ਸਕਦਾ ਹੈ ਅਤੇ ਸਿੱਖਣ ਤੇ ਰਚਨਾਤਮਕ ਸੋਚ ਲਈ ਅਨੁਕੂਲ ਵਾਤਾਵਰਨ ਪੈਦਾ ਕਰ ਸਕਦਾ ਹੈ। ਅੱਜ ਦੇ ਲਗਾਤਾਰ ਵਧ ਰਹੇ ਡਿਜ਼ੀਟਲ ਵਿਘਨਾਂ ਦੇ ਯੁੱਗ ਵਿੱਚ ਸੰਗੀਤ ਮਾਨਸਿਕ ਇਕਾਗਰਤਾ ਅਤੇ ਭਾਵਨਾਤਮਕ ਸੰਤੁਲਨ ਵਿਕਸਿਤ ਕਰਨ ਦਾ ਇੱਕ ਕੀਮਤੀ ਸਾਥੀ ਬਣ ਸਕਦਾ ਹੈ। ਸੰਗੀਤ ਦਾ ਅਸਲ ਲਾਭ ਇਸ ਗੱਲ ਵਿੱਚ ਨਹੀਂ ਕਿ ਅਸੀਂ ਇਸ ਨੂੰ ਲਗਾਤਾਰ ਸੁਣਦੇ ਰਹੀਏ, ਬਲਕਿ ਇਸ ਗੱਲ ਵਿੱਚ ਹੈ ਕਿ ਅਸੀਂ ਸਮਝੀਏ ਕਿ ਇਸ ਨੂੰ ਕਦੋਂ ਅਤੇ ਕਿਵੇਂ ਵਰਤਣਾ ਹੈ। ਸਹੀ ਧੁਨ ਮਨ ਨੂੰ ਸ਼ਾਂਤ ਕਰ ਸਕਦੀ ਹੈ, ਪ੍ਰੇਰਣਾ ਨੂੰ ਮਜ਼ਬੂਤ ਕਰ ਸਕਦੀ ਹੈ ਅਤੇ ਸਿੱਖਣ ਦੀ ਯਾਤਰਾ ਨੂੰ ਹੋਰ ਸੁਖਦਾਈ ਬਣਾ ਸਕਦੀ ਹੈ। ਸੰਗੀਤ ਮਿਹਨਤ ਦਾ ਬਦਲ ਨਹੀਂ, ਪਰ ਇਹ ਨਿਸ਼ਚਿਤ ਤੌਰ 'ਤੇ ਮਿਹਨਤ ਨੂੰ ਹੋਰ ਕੇਂਦਰਿਤ, ਸ਼ਾਂਤ ਅਤੇ ਅਰਥਪੂਰਨ ਬਣਾ ਸਕਦਾ ਹੈ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026



# ਪੜ੍ਹਾਈ ਨੂੰ ਬੋਝ ਨਾ ਬਣਨ ਦਿਓ



ਮੂਲ : ਸ਼ਿਖਰ ਚੰਦ ਜੈਨ, ਕੋਲਕਾਤਾ
(9836067535)
ਅਨੁ : ਪ੍ਰੋ. ਨਵ ਸੰਗੀਤ ਸਿੰਘ,
ਪਟਿਆਲਾ- (9417692015)

ਕੀ ਤੁਹਾਨੂੰ ਕਦੇ ਅਜਿਹਾ ਲੱਗਿਆ ਹੈ ਕਿ ਜਦੋਂ ਵੀ ਤੁਸੀਂ ਇਤਿਹਾਸ ਦੀਆਂ ਤਰੀਕਾਂ ਜਾ ਹਿਸਾਬ ਦੇ ਫਾਰਮੂਲੇ ਯਾਦ ਕਰਨ ਬੈਠਦੇ ਹੋ, ਤਾਂ ਤੁਹਾਨੂੰ ਨੀਂਦ ਆਉਣ ਲੱਗਦੀ ਹੈ ਜਾਂ ਦਿਮਾ.ਗ ਵਿੱਚ ਘੁੰਮ ਰਹੇ ਕਾਰਟੂਨ ਕੈਰੇਕਟਰਜ਼ ਤੁਹਾਡਾ ਧਿਆਨ ਭਟਕਾ ਦਿੰਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਬਿਲਕੁਲ ਨਾ ਘਬਰਾਓ। ਅਸੀਂ ਤੁਹਾਨੂੰ ਅਜਿਹੇ ਆਸਾਨ ਨੁਸਖੇ ਦੱਸਾਂਗੇ ਕਿ ਪੜ੍ਹਾਈ ਤੁਹਾਡੇ ਲਈ ਇੱਕ ਖ਼ੂਬਸੂਰਤ ਐਡਵੈਂਚਰ ਬਣ ਜਾਏਗੀ।

**ਖ਼ੁਦ ਨੂੰ ਬਣਾਓ ਸਟੋਰੀਟੈਲਰ**

ਖੁਸ਼ਕ ਅਤੇ ਅਕਾਊ ਲਾਈਨਾਂ ਨੂੰ ਰੱਟਾ ਲਾਉਣ ਨਾਲੋਂ ਚੰਗਾ ਹੈ ਕਿ ਤੁਸੀਂ ਜੋ ਵੀ ਪੜ੍ਹ ਰਹੇ ਹੋ, ਉਹਨੂੰ ਇੱਕ ਮਜ਼ੇਦਾਰ ਸਟੋਰੀ ਵਿੱਚ ਬਦਲ ਦਿਓ। ਮੰਨ ਲਓ ਤੁਸੀਂ ਇਤਿਹਾਸ ਵਿੱਚ ਕਿਸੇ ਰਾਜੇ ਦੀ ਲੜਾਈ ਬਾਰੇ ਪੜ੍ਹ ਰਹੇ ਹੋ, ਤਾਂ ਸੋਚੋ ਕਿ ਉਸ ਰਾਜੇ ਨੇ ਤੁਹਾਡੇ ਪਸੰਦੀਦਾ ਸੁਪਰਹੀਰੋ ਵਾਂਗ ਕੱਪੜੇ ਪਹਿਨੇ ਹੋਏ ਹਨ। ਫਿਰ ਉਹਨੇ ਕੀ ਕੀ ਕੀਤਾ, ਕਿਉਂ ਹਿਟ ਜਾਂ ਫਲਾਪ ਰਿਹਾ। ਜੇ ਤੁਸੀਂ ਵਿਗਿਆਨ ਵਿੱਚ 'ਵਾਸ਼ਪੀਕਰਨ' ਪੜ੍ਹ ਰਹੇ ਹੋ ਤਾਂ ਸੋਚੋ ਕਿ ਪਾਣੀ ਦੀਆਂ ਬੂੰਦਾਂ ਛੋਟੇ ਛੋਟੇ ਅੰਤਰਿਕਸ਼ ਯਾਤਰੀ ਹਨ ਜੋ ਸੂਰਜ ਦੇ ਰਾਕਟ ਵਿੱਚ ਬਹਿ ਕੇ ਆਕਾਸ਼ ਦੀ ਸੈਰ ਲਈ ਜਾ ਰਹੀਆਂ ਹਨ। ਇਹਦਾ ਲਾਭ ਇਹ ਹੈ ਕਿ ਸਾਡਾ ਦਿਮਾ.ਗ ਤਸਵੀਰਾਂ ਤੇ ਕਹਾਣੀਆਂ ਨੂੰ ਸਾਲਾਂ ਤੱਕ ਯਾਦ ਰੱਖਦਾ ਹੈ, ਪਰ ਰੱਟੀਆਂ ਹੋਈਆਂ ਲਾਈਨਾਂ ਅਸੀਂ ਦੋ ਦਿਨਾਂ ਵਿੱਚ ਭੁੱਲ ਜਾਂਦੇ ਹਾਂ। ਜਦੋਂ ਤੁਸੀਂ ਕਹਾਣੀ ਦੇ ਲੇਖਕ ਖ਼ੁਦ ਬਣੋਂਗੇ ਤਾਂ ਜਵਾਬ ਵੀ ਆਪਣੇ ਆਪ ਯਾਦ ਆ ਜਾਵੇਗਾ।

**ਟੈਡੀ ਬੀਅਰ ਨੂੰ ਬਣਾਓ ਆਪਣਾ ਸਟੂਡੈਂਟ**

ਇਹ ਦੁਨੀਆਂ ਦੇ ਸਭ ਤੋਂ ਮਹਾਨ ਵਿਗਿਆਨੀਆਂ 'ਚੋਂ ਇੱਕ, ਰਿਚਰਡ ਫੋਰਮੈਨ ਦਾ ਤਰੀਕਾ ਹੈ। ਜਦੋਂ ਤੁਹਾਨੂੰ ਕੋਈ ਮੁਸ਼ਕਿਲ ਟਾਪਿਕ ਸਮਝ ਨਾ ਆ ਰਿਹਾ ਹੋਵੇ, ਤਾਂ ਆਪਣੀ ਕਲਾਸ ਦੇ ਸਭ ਤੋਂ ਬੈਸਟ ਟੀਚਰ ਬਣ ਜਾਓ। ਆਪਣੇ ਸਾਹਮਣੇ ਆਪਣੇ ਪਸੰਦੀਦਾ ਖਿਡੌਣੇ, ਜਿਵੇਂ ਟੈਡੀ ਬੀਅਰ, ਡੌਲ ਜਾਂ ਫਿਰ ਖਾਲੀ ਕੁਰਸੀਆਂ ਨੂੰ ਰੱਖ ਲਓ। ਹੁਣ ਜੋ ਚੈਪਟਰ ਤੁਸੀਂ ਹੁਣੇ ਹੁਣੇ ਪੜ੍ਹਿਆ ਹੈ, ਉਹਨੂੰ ਇਨ੍ਹਾਂ ਖਿਡੌਣਿਆਂ ਨੂੰ ਇੰਨੀ ਸੌਖੀ ਭਾਸ਼ਾ ਵਿੱਚ ਸਮਝਾਓ, ਜਿਵੇਂ ਉਹ ਛੋਟੇ ਬੱਚੇ ਹੋਣ! ਤੁਸੀਂ ਕੰਧ ਜਾਂ ਸ਼ੀਸ਼ੇ ਮੂਹਰੇ ਖੜ੍ਹੇ ਹੋ ਕੇ ਵੀ ਖ਼ੁਦ ਨੂੰ ਸਮਝਾ ਸਕਦੇ ਹੋ। ਜਦੋਂ ਤੁਸੀਂ ਸਮਝਾਉਂਦੇ ਹੋਏ ਕਿਤੇ ਰੁਕ ਜਾਓ ਜਾਂ ਝਿਜਕੋ, ਤਾਂ ਸਮਝ ਜਾਓ ਕਿ ਉਹ ਹਿੱਸਾ ਤੁਹਾਨੂੰ ਅਜੇ ਚੰਗੀ ਤਰ੍ਹਾਂ ਸਮਝ ਨਹੀਂ ਆਇਆ। ਝੱਟ ਕਿਤਾਬ ਖੋਲ੍ਹੋ ਅਤੇ ਉਸ ਹਿੱਸੇ ਨੂੰ ਦੁਬਾਰਾ ਵੇਖ ਲਓ। ਦੂਜਿਆਂ ਨੂੰ ਸਮਝਾਉਣ ਨਾਲ ਸਾਡਾ ਖੁਦ ਦਾ ਕਾਨਸੈਪਟ ਕ੍ਰਿਸਟਲ ਵਾਂਗ ਸਾ.ਫ ਹੋ ਜਾਂਦਾ ਹੈ।

**ਰੰਗ-ਬਿਰੰਗੇ ਮਾਈਂਡ ਮੈਪਸ**

ਕਾਲੇ ਤੇ ਨੀਲੇ ਪੈੱਨ ਨਾਲ ਲਿਖੇ ਲੰਮੇ ਲੰਮੇ ਪੈਰੇ ਵੇਖ ਕੇ ਤਾਂ ਵੱਡੇ ਵੱਡਿਆਂ ਨੂੰ ਵੀ ਡਰ ਲੱਗਣ ਲੱਗਦਾ ਹੈ। ਇਸਲਈ ਆਪਣੇ ਨੋਟਸ ਨੂੰ ਕੁਝ ਰੰਗੀਨ ਅਤੇ ਕਲਾਤਮਕ ਬਣਾਓ। ਇਹਦੇ ਲਈ 'ਮਾਈਂਡ ਮੈਪ' ਯਾਨੀ ਦਿਮਾ.ਗ ਦਾ ਨਕਸ਼ਾ ਸਭ ਤੋਂ ਚੰਗਾ ਤਰੀਕਾ ਹੈ। ਇੱਕ ਸਾਦੇ ਕਾਗਜ਼ ਦੇ ਬਿਲਕੁਲ ਵਿਚਾਲੇ ਆਪਣੇ ਚੈਪਟਰ ਦਾ ਨਾਂ ਲਿਖੋ ਅਤੇ ਉਹਦੇ ਚਾਰੇ ਪਾਸੇ ਗੋਲ ਦਾਇਰਾ ਬਣਾਓ। ਹੁਣ ਉਸ ਦਾਇਰੇ ਵਿੱਚ ਰੁੱਖਾਂ ਦੀਆਂ ਟਹਿਣੀਆਂ ਵਾਂਗ ਤੀਰ ਬਣਾਓ ਅਤੇ ਹਰ ਟਹਿਣੀ ਤੇ ਉਸ ਚੈਪਟਰ ਦੇ ਮੁੱਖ ਪੁਆਇੰਟਸ ਲਿਖੋ। ਅੱਡ ਅੱਡ ਸਕੈੱਚ ਪੈੱਨ, ਛੋਟੇ ਛੋਟੇ ਚਿੱਤਰ, ਇਮੋਜੀ ਦੀ ਵਰਤੋਂ ਕਰੋ। ਜਦੋਂ ਤੁਸੀਂ ਪ੍ਰੀਖਿਆ ਦੇ ਦਿਨਾਂ ਵਿੱਚ ਸਿਰਫ ਇਸ ਪੰਨੇ ਦੇ ਰੰਗੀਨ ਨਕਸ਼ੇ ਨੂੰ ਵੇਖੋਗੇ ਤਾਂ ਪੂਰੇ ਦਾ ਪੂਰਾ ਚੈਪਟਰ ਤੁਹਾਡੇ ਦਿਮਾ.ਗ ਦੀ ਸਕਰੀਨ ਤੇ .ਫਲੈਸ਼ ਹੋ ਜਾਵੇਗਾ। ਇਹ ਤੁਹਾਡੇ ਦਿਮਾ.ਗ ਲਈ ਗੂਗਲ ਮੈਪ ਵਾਂਗ ਕੰਮ ਕਰਦਾ ਹੈ।

**ਫਾਰਮੂਲਿਆਂ ਨੂੰ ਸੈੱਟ ਕਰੋ ਧੁਨ ਤੇ**

ਹਿਸਾਬ ਦੇ ਔਖੇ ਫਾਰਮੂਲੇ ਜਾਂ ਫਿਰ ਸਾਇੰਸ ਦੇ ਤੱਤਾਂ ਦੇ ਨਾਂ ਯਾਦ ਕਰਨਾ ਕਦੇ ਕਦੇ ਬਹੁਤ ਅਕਾਊ ਹੋ ਜਾਂਦਾ ਹੈ। ਇਸਦਾ ਇੱਕ ਬਹੁਤ ਮਜ਼ੇਦਾਰ ਇਲਾਜ ਹੈ - ਸੰਗੀਤ। ਆਪਣੇ ਕਿਸੇ ਪਸੰਦੀਦਾ ਗੀਤ ਦੀ ਧੁਨ ਜਾਂ ਫਿਰ ਕਿਸੇ ਜਾਣੀ ਪਛਾਣੀ ਕਵਿਤਾ ਦੀ ਲੈਅ ਫੜੋ ਅਤੇ ਉਸ ਵਿੱਚ ਆਪਣੇ ਫਾਰਮੂਲੇ ਜਾਂ ਇਤਿਹਾਸ ਦੀਆਂ ਮਹੱਤਵਪੂਰਣ ਤਰੀਕਾਂ ਫਿਟ ਕਰ ਦਿਓ। ਤੁਸੀਂ ਚਾਹੋ ਤਾਂ ਇੱਕ ਛੋਟਾ ਜਿਹਾ ਰੈਪ ਸੌਂਗ ਵੀ ਬਣਾ ਸਕਦੇ ਹੋ। ਜਿਵੇਂ ÷ਹਾਈਡਰੋਜਨ, ਹੀਲੀਅਮ, ਲਿਥੀਅਮ ਭਾਈ... ਅੱਗੇ ਦੀ ਟੇਬਲ ਨੇ ਧੂੰਮ ਮਚਾਈ...।÷ ਸੰਗੀਤ ਸਾਡੇ ਦਿਮਾ.ਗ ਦੇ ਉਸ ਹਿੱਸੇ ਨੂੰ ਸਕ੍ਰਿਅ ਕਰਦਾ ਹੈ ਜੋ ਭਾਵਨਾਵਾਂ ਅਤੇ ਲੰਮੇ ਸਮੇਂ ਦੀਆਂ ਯਾਦਾਂ ਨਾਲ ਜੁੜਿਆ ਹੁੰਦਾ ਹੈ। ਗਾਉਂਦੇ ਗਾਉਂਦੇ ਪੜ੍ਹਾਈ ਕਰਨ ਨਾਲ ਤਣਾਓ ਛੂ-ਮੰਤਰ ਹੋ ਜਾਂਦਾ ਹੈ।

**ਆਪਣਾ ਸਟੱਡੀ ਕਾਰਨਰ ਤਿਆਰ ਕਰੋ**

ਤੁਸੀਂ ਕਿੱਥੇ ਬੈਠ ਕੇ ਪੜ੍ਹਦੇ ਹੋ, ਇਹਦਾ ਤੁਹਾਡੀ ਪੜ੍ਹਾਈ ਤੇ ਬਹੁਤ ਅਸਰ ਪੈਂਦਾ ਹੈ। ਬਿਸਤਰੇ ਤੇ ਲੇਟ ਕੇ ਪੜ੍ਹਨਾ ਸਭ ਤੋਂ ਖਰਾਬ ਢੰਗ ਹੈ, ਕਿਉਂਕਿ ਬਿਸਤਰਾ ਵੇਖਦੇ ਹੀ ਦਿਮਾ.ਗ ਨੂੰ ਸੌਣ ਦਾ ਸਿਗਨਲ ਮਿਲ ਜਾਂਦਾ ਹੈ। ਆਪਣੇ ਘਰ ਦੇ ਕਿਸੇ ਕੋਨੇ ਨੂੰ ਆਪਣੇ 'ਸਟੱਡੀ ਸਟੇਸ਼ਨ' ਜਾਂ 'ਮਿਸ਼ਨ ਕੰਟਰੋਲ ਰੂਮ' ਬਣਾ ਲਓ। ਉੱਥੇ ਇੱਕ ਛੋਟਾ ਜਿਹਾ ਟੇਬਲ ਅਤੇ ਕੁਰਸੀ ਰੱਖੋ। ਉਸ ਥਾਂ ਤੇ ਸਿਰਫ ਤੁਹਾਡੇ ਕੰਮ ਦੀਆਂ ਕਿਤਾਬਾਂ, ਪੈੱਨ, ਪਾਣੀ ਦੀ ਬੋਤਲ ਹੋਣੀ ਚਾਹੀਦੀ ਹੈ। ਉੱਥੇ ਕੋਈ ਖਿਡੌਣਾ ਜਾਂ ਧਿਆਨ ਭਟਕਾਉਣ ਵਾਲੀ ਚੀਜ਼ ਨਾ ਰੱਖੋ। ਤੁਸੀਂ ਉਸ ਕੋਨੇ ਵਿੱਚ ਕੁਝ ਮੋਟੀਵੇਸ਼ਨਲ ਕੋਟਸ ਜਾਂ ਆਪਣੇ ਬਣਾਏ ਮਾਈਂਡ ਮੈਪਸ ਚਿਪਕਾ ਸਕਦੇ ਹੋ। ਜਦੋਂ ਵੀ ਤੁਸੀਂ ਉਸ ਥਾਂ ਤੇ ਬੈਠੋਗੇ, ਤੁਹਾਡੇ ਦਿਮਾ.ਗ ਨੂੰ ਪਤਾ ਲੱਗ ਜਾਵੇਗਾ ਕਿ ਹੁਣ 'ਸਟੱਡੀ ਮੋਡ' ਆਨ ਹੋ ਚੁੱਕਾ ਹੈ।

**ਖੇਡੋ ਕੁਇਜ਼ ਗੇਮ**

ਇਕੱਲਿਆਂ ਪੜ੍ਹਦੇ ਪੜ੍ਹਦੇ ਬੋਰੀਅਤ ਹੋਣੀ ਲਾਜ਼ਮੀ ਹੈ। ਇਹਨੂੰ ਦੂਰ ਕਰਨ ਲਈ ਆਪਣੇ ਦੋਸਤਾਂ ਜਾਂ ਭੈਣ-ਭਰਾਵਾਂ ਨੂੰ ਸ਼ਾਮਲ ਕਰੋ ਅਤੇ ਪੜ੍ਹਾਈ ਨੂੰ ਇੱਕ ਗੇਮ ਸ਼ੋਅ ਦਾ ਰੂਪ ਦਿਓ। ਛੋਟੇ ਛੋਟੇ ਕਾਗਜ਼ ਦੇ ਟੁਕੜਿਆਂ (ਫਲੈਸ਼ ਕਾਰਡ) ਦੇ ਇੱਕ ਪਾਸੇ ਸੁਆਲ ਅਤੇ ਦੂਜੇ ਪਾਸੇ ਉਹਦਾ ਸਹੀ ਜਵਾਬ ਲਿਖੋ। ਹੁਣ ਆਪਣੇ ਦੋਸਤਾਂ ਜਾਂ ਮੰਮੀ-ਪਾਪਾ ਨਾਲ 'ਕੌਣ ਬਣੇਗਾ ਕਰੋੜਪਤੀ' ਵਾਂਗ ਖੇਡੋ। ਗਲਤ ਜਵਾਬ ਤੇ ਲਾਈਫ਼ ਲਾਈਨ ਦੀ ਵਰਤੋਂ ਕਰੋ ਜਾਂ ਫ਼ਨੀ ਪੈਨਲਟੀ ਰੱਖੋ। ਜਦੋਂ ਅਸੀਂ ਖੇਡ ਖੇਡ ਵਿੱਚ ਪ੍ਰਤਿਯੋਗਤਾ ਕਰਦੇ ਹਾਂ ਤਾਂ ਸਾਡੇ ਅੰਦਰ ਜਿੱਤਣ ਦੀ ਇੱਛਾ ਪੈਦਾ ਹੁੰਦੀ ਹੈ। ਇਸ ਨਾਲ ਮੁਸ਼ਕਿਲ ਪ੍ਰਸ਼ਨ ਵੀ ਹੱਸਦੇ ਖੇਡਦੇ ਯਾਦ ਹੋ ਜਾਂਦੇ ਹਨ ਅਤੇ ਦੋਸਤਾਂ ਨਾਲ ਬਾਂਡਿੰਗ ਵੀ ਚੰਗੀ ਹੋ ਜਾਂਦੀ ਹੈ। ਕੋਈ ਵੀ ਕੰਮ ਬਿਨਾਂ ਲਾਭ ਤੋਂ ਕਰਨ ਵਿੱਚ ਸੁਆਦ ਨਹੀਂ ਆਉਂਦਾ, ਹੈ ਨਾ! ਤਾਂ ਕਿਉਂ ਨਾ ਆਪਣੀ ਪੜ੍ਹਾਈ ਲਈ ਵੀ ਇੱਕ ਇਨਾਮ ਪ੍ਰਣਾਲੀ ਜਾਂ 'ਰਿਵਾਰਡ ਸਿਸਟਮ' ਤੈਅ ਕੀਤਾ ਜਾਏ। ਆਪਣੇ ਆਪ ਨਾਲ ਇੱਕ ਡੀਲ ਕਰੋ - ÷ਜੇ ਮੈਂ ਅੱਜ ਗਣਿਤ ਦੇ 5 ਔਖੇ ਸੁਆਲ ਹੱਲ ਕਰ ਲਵਾਂਗਾ ਤਾਂ ਮੈਨੂੰ ਸ਼ਾਮ ਨੂੰ 20 ਮਿੰਟ ਆਪਣੀ ਪਸੰਦੀਦਾ ਗੇਮ ਖੇਡਣ ਨੂੰ ਮਿਲੇਗੀ।÷ ਜਾਂ ÷ਇਤਿਹਾਸ ਦਾ ਚੈਪਟਰ ਖਤਮ ਕਰਨ ਪਿੱਛੋਂ ਮੈਂ ਆਪਣੀ ਮਨਪਸੰਦ ਆਈਸਕਰੀਮ ਖਾਵਾਂਗਾ।÷ ਪਰ ਯਾਦ ਰਹੇ ਕਿ ਇਨਾਮ ਤਾਂ ਹੀ ਮਿਲੇਗਾ ਜੇ ਤੁਸੀਂ ਇਮਾਨਦਾਰੀ ਨਾਲ ਆਪਣਾ ਟਾਸਕ ਪੂਰਾ ਕਰੋਗੇ। ਖ਼ੁਦ ਨਾਲ ਚੀਟਿੰਗ ਬਿਲਕੁਲ ਨਹੀਂ ਕਰਨੀ। ਇਹ ਤਰੀਕਾ ਸਾਡੇ ਦਿਮਾ.ਗ ਵਿੱਚ 'ਡੋਪਾਮਾਈਨ' ਨਾਂ ਦਾ ਕੈਮੀਕਲ ਰੀਲੀਜ਼ ਕਰਦਾ ਹੈ। ਜਿਸ ਨਾਲ ਖੁਸ਼ੀ ਮਿਲਦੀ ਹੈ ਅਤੇ ਅਸੀਂ ਅਗਲੇ ਟਾਸਕ ਨੂੰ ਹੋਰ ਵੀ ਤੇਜ਼ੀ ਨਾਲ ਕਰਨ ਲਈ ਤਿਆਰ ਹੋ ਜਾਂਦੇ ਹਾਂ।

## ਹਾਸੇ ਵਿੱਚੋਂ ਸੁਨੇਹਾ

# ਮੋਰਿੰਡਾ ਟੀਵੀ ਦਾ ਨੌਜਵਾਨ ਕਲਾਕਾਰ ਸਿਮਰਨਜੀਤ ਸਿੰਘ

ਅੱਜ ਦੇ ਦੌੜ-ਭੱਜ ਭਰੇ ਤੇ ਤਣਾਅ-ਗ੍ਰਸਤ ਜ਼ਮਾਨੇ ਵਿੱਚ, ਕਿਸੇ ਦੇ ਬੁੱਲ੍ਹਾਂ 'ਤੇ ਸੱਚੀ ਮੁਸਕਾਨ ਲਿਆਉਣਾ ਆਪਣੇ-ਆਪ ਵਿੱਚ ਇੱਕ ਵੱਡੀ ਕਲਾ ਹੈ। ਇਸੇ ਕਲਾ ਨੂੰ ਆਪਣਾ ਮਿਸ਼ਨ ਬਣਾ ਕੇ ਤੁਰਿਆ ਹੈ ਮੋਰਿੰਡਾ ਸ਼ਹਿਰ ਦਾ ਹੋਣਹਾਰ ਨੌਜਵਾਨ — ਸਿਮਰਨਜੀਤ ਸਿੰਘ, ਜੋ 'ਮੋਰਿੰਡਾ ਟੀਵੀ' ਦੇ ਮੰਚ ਤੋਂ ਘਰ-ਘਰ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ। ਦੇਸੀ ਅੰਦਾਜ਼, ਸਾ.ਫ-ਸੁਥਰੀ ਕਾਮੇਡੀ ਅਤੇ ਸਮਾਜਿਕ ਰੰਗਤ ਵਾਲੇ ਵਿਅੰਗ ਰਾਹੀਂ ਉਹ ਦਰਸ਼ਕਾਂ ਦਾ ਦਿਲ ਜਿੱਤ ਰਿਹਾ ਹੈ।





**ਵਿਰਸੇ ਵਿੱਚੋਂ ਮਿਲੀ ਕਲਾ**

13 ਨਵੰਬਰ 1998 ਨੂੰ ਇਤਿਹਾਸਕ ਸ਼ਹਿਰ ਮੋਰਿੰਡਾ ਵਿਖੇ ਜਨਮੇ ਸਿਮਰਨਜੀਤ ਸਿੰਘ ਨੂੰ ਕਲਾ ਵਿਰਾਸਤ ਵਿੱਚ ਮਿਲੀ। ਮਾਤਾ ਦਲਜੀਤ ਕੌਰ ਅਤੇ ਇਲਾਕੇ ਦੇ ਜਾਣੇ-ਪਛਾਣੇ ਕਲਾਕਾਰ ਪਿਤਾ ਦਿਲਬਾਗ ਬੇਈਮਾਨ ਦੇ ਘਰ ਪਲੇ-ਵਧੇ ਸਿਮਰਨਜੀਤ ਲਈ ਰੰਗਮੰਚ ਅਤੇ ਹਾਸਰਸ ਕੋਈ ਓਪਰੀ ਗੱਲ ਨਹੀਂ ਸੀ — ਇਹ ਘਰ ਦੇ ਮਾਹੌਲ ਦਾ ਹਿੱਸਾ ਸੀ। ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਉਸ ਨੇ ਆਪਣੀ ਕਲਾਤਮਕ ਸੂਝ ਨੂੰ ਨਿਖਾਰਿਆ ਅਤੇ ਮਿਹਨਤ ਸਦਕਾ ਖ਼ੁਦ ਨੂੰ ਇੱਕ ਨਿਵੇਕਲੇ ਕਲਾਕਾਰ ਵਜੋਂ ਸਥਾਪਿਤ ਕੀਤਾ।

**ਮੋਰਿੰਡਾ ਟੀਵੀ: ਹਾਸੇ ਤੇ ਹਕੀਕਤ ਦਾ ਸੰਗਮ**

ਡਿਜੀਟਲ ਮੀਡੀਆ ਦੇ ਇਸ ਦੌਰ ਵਿੱਚ 'ਮੋਰਿੰਡਾ ਟੀਵੀ' ਸਿਮਰਨਜੀਤ ਦੀ ਕਲਾ ਦਾ ਮੁੱਖ ਮੰਚ ਬਣਿਆ ਹੈ। ਇੱਥੇ ਉਹ ਆਮ ਲੋਕਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ, ਘਰੇਲੂ ਖੱਟੇ-ਮਿੱਠੇ ਤਕਰਾਰਾਂ ਅਤੇ ਸਮਾਜਿਕ ਮੁੱਦਿਆਂ ਨੂੰ ਹਾਸਰਸ ਦੇ ਰੰਗ ਵਿੱਚ ਢਾਲ ਕੇ ਪੇਸ਼ ਕਰਦਾ ਹੈ। ਉਸ ਦੀ ਪੇਸ਼ਕਾਰੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਕੋਈ ਫੂਹੜਪੁਣਾ ਨਹੀਂ — ਇਹ ਪਰਿਵਾਰ ਨਾਲ ਬੈਠ ਕੇ ਦੇਖਣਯੋਗ ਮਿਆਰੀ ਮਨੋਰੰਜਨ ਹੈ। ਲੋਕਲ ਮੁਹਾਵਰੇ ਅਤੇ ਜ਼ਮੀਨੀ ਹਕੀਕਤਾਂ ਦੀ ਬਾਖ਼ੂਬੀ ਪੇਸ਼ਕਾਰੀ ਕਾਰਨ ਦਰਸ਼ਕ ਉਸ ਦੇ ਕਿਰਦਾਰਾਂ ਨਾਲ ਸਿੱਧਾ ਜੁੜਾਅ ਮਹਿਸੂਸ ਕਰਦੇ ਹਨ।

**ਹਾਸੇ ਪਿੱਛੇ ਲੁਕਿਆ ਸੁਨੇਹਾ**

ਸਿਮਰਨਜੀਤ ਸਿਰਫ਼ ਹਸਾਉਣ ਤੱਕ ਹੀ ਸੀਮਤ ਨਹੀਂ ਰਹਿੰਦਾ। ਉਸ ਦੀਆਂ ਵੀਡੀਓਜ਼ ਅਤੇ ਸਕਿੱਟਾਂ ਵਿੱਚ ਸਮਾਜ ਦੀਆਂ ਕੁਰੀਤੀਆਂ, ਨੌਜਵਾਨ ਪੀੜ੍ਹੀ ਦੇ ਮਸਲਿਆਂ ਅਤੇ ਆਪਸੀ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਡੂੰਘੀ ਗੱਲ ਹਾਸੇ-ਹਾਸੇ ਵਿੱਚ ਕਹਿ ਦਿੱਤੀ ਜਾਂਦੀ ਹੈ। ਇਹੀ ਵਜ ?ਹਾ ਹੈ ਕਿ ਸੋਸ਼ਲ ਮੀਡੀਆ 'ਤੇ ਉਸ ਦੇ ਚਾਹੁਣ ਵਾਲਿਆਂ ਦਾ ਦਾਇਰਾ ਦਿਨੋ-ਦਿਨ ਵਧਦਾ ਜਾ ਰਿਹਾ ਹੈ।

**ਅੱਗੇ ਦਾ ਸ.ਫਰ**

ਛੋਟੀ ਉਮਰੇ ਹੀ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾ ਲੈਣ ਵਾਲਾ ਸਿਮਰਨਜੀਤ ਸਿੰਘ ਮੋਰਿੰਡਾ ਇਲਾਕੇ ਦਾ ਨਾਂ ਰੌਸ਼ਨ ਕਰ ਰਿਹਾ ਹੈ। ਉਸ ਦੀ ਲਗਨ, ਮਿਹਨਤ ਅਤੇ ਹਾਸਰਸ ਦੀ ਕੁਦਰਤੀ ਦਾਤ ਸਾ.ਫ ਦੱਸਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਪੰਜਾਬੀ ਮਨੋਰੰਜਨ ਜਗਤ ਵਿੱਚ ਹੋਰ ਵੀ ਵੱਡੀਆਂ ਪੁਲਾਂਘਾਂ ਪੁੱਟੇਗਾ। ਦਰਸ਼ਕ ਅਤੇ ਇਲਾਕਾ ਨਿਵਾਸੀ ਇਸ ਹੋਣਹਾਰ ਕਲਾਕਾਰ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਨ।

**ਸੁਖਵਿੰਦਰ ਸਿੰਘ ਹੈਪੀ**

# ਇੱਕ ਪੋਸਟ, ਇੱਕ ਕਮੈਂਟ ਤੇ ਸਾਲਾਂ ਦੀ ਇੱਜ਼ਤ ਦਾਅ 'ਤੇ

ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ
ਮੋਬਾਈਲ ਨੰਬਰ: 8427212104

ਜਿਸ ਤਕਨਾਲੋਜੀ ਨੂੰ ਮਨੁੱਖੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਅਤੇ ਦੂਰੀਆਂ ਮਿਟਾਉਣ ਲਈ ਬਣਾਇਆ ਗਿਆ ਸੀ, ਅੱਜ ਉਹੀ ਸੋਸ਼ਲ ਮੀਡੀਆ ਸਾਡੇ ਸਮਾਜ ਲਈ ਇੱਕ ਡਰਾਉਣਾ ਅਤੇ ਜ਼ਹਿਰੀਲਾ ਜਾਲ ਬਣ ਚੁੱਕਾ ਹੈ। ਜਿਸ ਦਲਦਲ ਵਿੱਚ ਅਸੀਂ ਆਪੇ ਛਾਲ ਮਾਰੀ ਹੈ, ਉਸ ਵਿੱਚੋਂ ਨਿਕਲਣ ਦਾ ਰਸਤਾ ਹੁਣ ਕਿਸੇ ਨੂੰ ਨਹੀਂ ਲੱਭ ਰਿਹਾ। ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਇੱਕ ਗਲਤ ਪੋਸਟ, ਇੱਕ ਅਪਮਾਨਜਨਕ ਵੀਡੀਓ, ਜਾਂ ਇੱਕ ਗੰਦਾ ਕਮੈਂਟ ਕਿਸੇ ਪਰਿਵਾਰ ਦੀ ਪੀੜ੍ਹੀਆਂ ਤੋਂ ਕਮਾਈ 'ਇੱਜ਼ਤ' ਅਤੇ 'ਸ਼ਰਾ.ਫਤ' ਨੂੰ ਪਲਾਂ ਵਿੱਚ ਮਿੱਟੀ ਵਿੱਚ ਮਿਲਾ ਦਿੰਦਾ ਹੈ। ਅਸੀਂ ਲਾਈਕਸ, ਵਧਦੇ ਫਾਲੋਅਰਜ਼ ਅਤੇ ਕੁਝ ਮਿੰਟਾਂ ਦੀ ਨਕਲੀ ਪ੍ਰਸਿੱਧੀ ਦੇ ਐਸੇ ਅੰਨ੍ਹੇ ਦੌਰ ਵਿੱਚ ਜੀਅ ਰਹੇ ਹਾਂ, ਜਿੱਥੇ ਸਹੀ ਅਤੇ ਗਲਤ ਦਾ ਫਰਕ ਪੂਰੀ ਤਰ੍ਹਾਂ ਮਿਟ ਚੁੱਕਾ ਹੈ।

ਕਦੇ ਸਮਾਂ ਸੀ ਜਦੋਂ ਘਰ ਦੀ ਚਾਰਦੀਵਾਰੀ ਅਤੇ ਆਪਣੀ ਨਿੱਜੀ ਜ਼ਿੰਦਗੀ ਨੂੰ ਇੱਕ ਪਰਦਾ ਮੰਨਿਆ ਜਾਣਾ ਸੀ। ਪਰ ਅੱਜ ਸ਼ੋਰਟਸ ਅਤੇ ਰੀਲਾਂ ਦੇ ਇਸ ਬੁਖ਼ਾਰ ਨੇ ਅਜਿਹਾ ਪਾਗਲਪਣ ਪੈਦਾ ਕਰ ਦਿੱਤਾ ਹੈ ਕਿ ਲੋਕਾਂ ਨੇ ਆਪਣੇ ਬੈੱਡਰੂਮਾਂ ਤੱਕ ਦੀਆਂ ਵੀਡੀਓਜ਼ ਬਣਾ ਕੇ ਆਨਲਾਈਨ ਅੱਪਲੋਡ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੀ ਆਪਣੀ ਪ੍ਰਾਈਵੇਸੀ (ਨਿੱਜਤਾ) ਹੁਣ ਸਾਡੇ ਹੱਥਾਂ ਵਿੱਚ ਹੀ ਨਹੀਂ ਰਹੀ। ਬੱਚੇ ਤੋਂ ਲੈ ਕੇ ਵੱਡੇ ਤੱਕ, ਹਰ ਕੋਈ ਆਪਣੇ ਘਰ ਦੇ ਸੁੱਖ-ਦੁੱਖ ਅਤੇ ਨਿੱਜੀ ਪਲਾਂ ਨੂੰ ਵਲੌਗਸ ਦੇ ਨਾਂ 'ਤੇ ਤਮਾਸ਼ਾ ਬਣਾ ਰਿਹਾ ਹੈ। ਅੱਜ ਦਾ ਨੌਜਵਾਨ ਮਹਿਜ਼ ਕੁਝ 'ਵਿਊਜ਼' ਦੀ ਖ਼ਾਤਰ ਆਪਣੇ ਅਸਲ ਪਹਿਰਾਵੇ, ਆਪਣੇ ਸੰਸਕਾਰਾਂ ਅਤੇ ਸੱਭਿਆਚਾਰ ਨੂੰ ਲਾਂਭੇ ਕਰਕੇ ਨੰਗੇਪਣ ਅਤੇ ਬਿਨਾਂ ਸੋਚੇ-ਸਮਝੇ ਪੱਛਮੀ ਰੁਝਾਨਾਂ ਦੇ ਪਿੱਛੇ ਦੌੜਨ ਲੱਗ ਪਿਆ ਹੈ। ਆਕਰਸ਼ਕ ਦਿੱਖਣ ਅਤੇ ਫੇਮਸ ਹੋਣ ਦੀ ਇਸ ਹੱਦਹੀਣ ਦੌੜ ਵਿੱਚ ਅਸੀਂ ਆਪਣੇ ਅਸੂਲ ਤੱਕ ਵੇਚ ਦਿੱਤੇ ਹਨ।

ਸੋਸ਼ਲ ਮੀਡੀਆ ਦਾ ਕਮੈਂਟ ਸੈਕਸ਼ਨ ਅੱਜ ਅਜਿਹਾ ਜ਼ਹਿਰੀਲਾ ਅੱਡਾ ਬਣ ਚੁੱਕਾ ਹੈ, ਜਿੱਥੇ ਨਾ ਕੋਈ ਵੱਡਾ ਦੇਖਿਆ ਜਾਂਦਾ ਹੈ, ਨਾ ਕੋਈ ਛੋਟਾ। ਸਕ੍ਰੀਨ ਦੇ ਪਿੱਛੇ ਲੁਕ ਕੇ ਕਿਸੇ ਦੀ ਵੀ ਧੀ-ਭੈਣ ਜਾਂ ਕਿਸੇ ਵੀ ਬਜ਼ੁਰਗ 'ਤੇ ਗੰਦੀ ਤੋਂ ਗੰਦੀ ਸ਼ਬਦਾਵਲੀ ਵਰਤਣੀ ਆਮ ਗੱਲ ਬਣ ਚੁੱਕੀ ਹੈ। ਲੋਕ ਬਿਨਾਂ ਸੋਚੇ-ਸਮਝੇ ਆਪਣੀ ਅੰਦਰਲੀ ਭੜਾਸ ਕੱਢਣ ਲਈ ਅਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਕਿਸੇ ਦੀ ਆਤਮਾ ਨੂੰ ਛਲਣੀ ਕਰ ਦਿੰਦੀਆਂ ਹਨ। ਇੱਕ ਬੰਦੇ ਦੀ ਸਾਰੀ ਉਮਰ ਦੀ ਇੱਜ਼ਤ, ਉਸਦੀ ਮਿਹਨਤ ਅਤੇ ਉਸਦੀ ਸ਼ਰਾ.ਫਤ ਨੂੰ ਇੱਕ ਗਲਤ ਕਮੈਂਟ ਜਾਂ ਝੂਠੀ ਅ.ਫਵਾਹ ਨਾਲ ਪਲ ਵਿੱਚ ਤਬਾਹ ਕਰ ਦਿੱਤਾ ਜਾਂਦਾ ਹੈ। ਕਿਸੇ ਦੀ ਬਦਨਾਮੀ ਵਿੱਚੋਂ ਸੁਆਦ ਲੈਣਾ ਅੱਜ ਦੀ ਮਾਨਸਿਕਤਾ ਦਾ ਸਭ ਤੋਂ ਗੰਭੀਰ ਰੋਗ ਬਣ ਗਿਆ ਹੈ।

ਇਸ ਆਨਲਾਈਨ ਦਲਦਲ ਨੇ ਕਿੰਨੇ ਹੀ ਹੱਸਦੇ-ਵਸਦੇ ਘਰ ਉਜਾੜ ਦਿੱਤੇ ਹਨ। ਘਰਾਂ ਦੇ ਘਰ ਤਲਾਕਾਂ ਤੱਕ ਪਹੁੰਚ ਰਹੇ ਹਨ, ਕਿਉਂਕਿ ਰਿਸ਼ਤਿਆਂ ਵਿੱਚੋਂ ਵਿਸ਼ਵਾਸ ਖ਼ਤਮ ਹੋ ਕੇ ਸ਼ੱਕ ਅਤੇ ਦਿਖਾਵੇ ਨੇ ਜਗ ?ਹਾ ਲੈ ਲਈ ਹੈ। ਮਾਪੇ ਰਾਤਾਂ ਨੂੰ ਸੋਚ-ਸੋਚ ਕੇ ਫਿਕਰਾਂ ਵਿੱਚ ਘੁਲ ਰਹੇ ਹਨ ਕਿ ਉਨ੍ਹਾਂ ਦੇ ਬੱਚੇ ਦੀ ਕੋਈ ਗਲਤ ਵੀਡੀਓ ਜਾਂ ਗਲਤ ਕਦਮ ਸਮਾਜ ਵਿੱਚ ਉਨ੍ਹਾਂ ਦਾ ਸਿਰ ਝੁਕਾ ਨਾ ਦੇਵੇ। ਆਏ ਦਿਨ ਅਸੀਂ ਖ਼ਬਰਾਂ ਵਿੱਚ ਪੜ੍ਹਦੇ ਹਾਂ ਕਿ ਸੋਸ਼ਲ ਮੀਡੀਆ 'ਤੇ ਹੋਈ ਟਰੋਲਿੰਗ, ਕਿਸੇ ਦੀ ਲੀਕ ਹੋਈ ਚੈਟ, ਜਾਂ ਕਿਸੇ ਦੀ ਰੀਲ 'ਤੇ ਕੀਤੇ ਗੰਦੇ ਕਮੈਂਟਾਂ ਤੋਂ ਤੰਗ ਆ ਕੇ ਕਿਸੇ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਖੁਦਕੁਸ਼ੀਆਂ ਦੇ ਇਹ ਮਾਮਲੇ ਦੱਸਦੇ ਹਨ ਕਿ ਆਨਲਾਈਨ ਬੋਲੇ ਗਏ ਬੋਲ ਬੰਦੂਕ ਦੀ ਗੋਲੀ ਨਾਲੋਂ ਵੀ ਵੱਧ ਖ਼ਤਰਨਾਕ ਸਾਬਤ ਹੋ ਰਹੇ ਹਨ। ਅਸੀਂ ਸਾਰਾ ਦਿਨ ਕੋਈ ਲਾਹੇਵੰਦ ਮਿਹਨਤ ਕਰਨ ਦੀ ਬਜਾਏ, ਬਸ ਮੋਬਾਈਲ ਦੀ ਸਕ੍ਰੀਨ 'ਤੇ ਅੰਗੂਠਾ ਮਾਰ ਕੇ ਆਪਣੀ ਦਿਮਾਗੀ ਤਾਕਤ ਅਤੇ ਕੀਮਤੀ ਸਮਾਂ ਬਰਬਾਦ ਕਰ ਰਹੇ ਹਾਂ।

ਸਥਿਤੀ ਤਦ ਹੋਰ ਵੀ ਭਿਆਨਕ ਹੋ ਜਾਂਦੀ ਹੈ ਜਦੋਂ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (19) ਵਰਗੀ ਤਕਨਾਲੋਜੀ ਦੀ ਵਰਤੋਂ ਗਲਤ ਕੰਮਾਂ ਲਈ ਕੀਤੀ ਜਾ ਰਹੀ ਹੈ। ਬਿਨਾਂ ਇਹ ਸੋਚੇ ਕਿ ਸਾਹਮਣੇ ਵਾਲੇ ਦੇ ਪਰਿਵਾਰ 'ਤੇ ਕੀ ਬੀਤੇਗੀ, ਲੋਕ 19 ਰਾਹੀਂ ਕੁੜੀਆਂ ਅਤੇ ਆਮ ਲੋਕਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨਾਲ ਛੇੜਛਾੜ ਕਰਕੇ ਡੀਪਫੇਕ ਬਣਾ ਰਹੇ ਹਨ ਅਤੇ ਵਾਇਰਲ ਕਰ ਰਹੇ ਹਨ। ਨੈਤਿਕਤਾ ਦਾ ਅੰਤ ਇਹ ਹੈ ਕਿ ਕਿਸੇ ਦੀ ਬਰਬਾਦੀ ਨੂੰ ਵੀ 'ਕੰਟੈਂਟ' ਸਮਝ ਕੇ ਸ਼ੇਅਰ ਕੀਤਾ ਜਾਂਦਾ ਹੈ। ਇਸ ਸਾਰੇ ਗੰਦ ਨੂੰ ਦੇਖ ਕੇ ਸਾਡੇ ਘਰਾਂ ਦੇ ਛੋਟੇ-ਛੋਟੇ ਬੱਚੇ ਵੀ ਇਹੋ ਕੁਝ ਸਿੱਖ ਰਹੇ ਹਨ। ਉਹ ਅਜੇ ਤੋਂ ਹੀ ਲਾਈਕਸ ਅਤੇ ਵੀਊਜ਼ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਮੰਨਣ ਲੱਗ ਪਏ ਹਨ, ਜੋ ਕਿ ਸਾਡੀ ਆਉਣ ਵਾਲੀ ਪੀੜ੍ਹੀ ਲਈ ਬਹੁਤ ਵੱਡਾ ਖ਼ਤਰਾ ਹੈ।

ਸੋਸ਼ਲ ਮੀਡੀਆ, ਜੋ ਸਾਡੇ ਲਈ ਗਿਆਨ ਅਤੇ ਸੰਚਾਰ ਦਾ ਸਾਧਨ ਬਣ ਸਕਦਾ ਸੀ, ਅੱਜ ਸਾਡੀ ਆਪਣੀ ਹੀ ਬੇਵਕੂ.ਫੀ ਕਾਰਨ ਇੱਕ ਮਾਨਸਿਕ ਗੁਲਾਮੀ ਅਤੇ ਤਬਾਹੀ ਦਾ ਦੌਰ ਬਣ ਚੁੱਕਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ, ਜੇਕਰ ਅਸੀਂ ਹੁਣ ਵੀ ਸਕ੍ਰੀਨ ਦੇ ਇਸ ਝੂਠੇ ਜਾਲ ਨਾਲੋਂ ਅਸਲ ਜ਼ਿੰਦਗੀ, ਪਰਿਵਾਰਿਕ ਸਾਂਝ ਅਤੇ ਆਪਣੀ ਨੈਤਿਕ ਮਰਿਆਦਾ ਨੂੰ ਉੱਪਰ ਨਾ ਰੱਖਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਕੋਲ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਬਚੇਗਾ। ਇੱਕ ਲਾਈਕ ਜਾਂ ਵੀਊ ਲਈ ਆਪਣੀ ਇੱਜ਼ਤ ਅਤੇ ਖੁਸ਼ੀਆਂ ਨੂੰ ਦਾਅ 'ਤੇ ਲਗਾਉਣਾ ਸਮਝਦਾਰੀ ਨਹੀਂ, ਬਲਕਿ ਖੁਦ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਅੱਗ ਲਗਾਉਣਾ ਹੈ।

# ਲਾਸਾਨੀ ਸ਼ਹਾਦਤ ਸਾਰਾਗੜ੍ਹੀ ਦੇ ਸ਼ਹੀਦ ,ਉਹਨਾਂ ਨੂੰ ਯਾਦ ਕਰਦਿਆਂ ਹੋਇਆਂ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ



ਪੰਜਾਬੀਆਂ ਵੱਲੋਂ ਦੇਸ਼ ਪ੍ਰਤੀ ਜਜ਼ਬਾ,ਭਾਵਨਾ,ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਪਾਏ ਗਏ ਯੋਗਦਾਨਕੁਰਬਾਨੀਆਂ ਨਾਲ ਭਰੇ ਪਏ ਹਨ । ਇਕ ਸਾਹਸ,ਸਿਦਕ ਦ੍ਰਿੜਤਾ ਅਤੇ ਆਪਣੇ ਕਰਤਵ ਪਾਲਣ ਕਰਨ ਵਾਲੀ ਵੀਰਤਾ ਭਰਪੂਰ ਇਤਿਹਾਸਕ ਘਟਨਾ ਅਦੁੱਤੀ ਜੰਗ ਸਾਰਾਗੜ੍ਹੀ ਨਾਂਅ ਨਾਲ ਜਾਣੀ ਜਾਂਦੀ ਹੈ। ਇਤਿਹਾਸ ਸਿਰਜਿਆ ਕਿਵੇਂ ਜਾਂਦਾ ਹੈ੍ਇਸ ਵੱਡਮੁੱਲੀ ਵਿਰਾਸਤ ਦੀ ਦੇਖ-ਰੇਖ ਕਰਦਿਆਂ ਦੇਸ਼,ਕੌਮ ਤੇ ਸਮਾਜ ਦੇ ਵਾਰਸਾਂ ਵਿਸ਼ੇਸ਼ ਤੌਰ ਤੇ ਨੌਜਵਾਨਾਂ ਅੰਦਰ ਕਿਵੇਂ ਉਦੇ ਪੂਰਨ ਜਜ਼ਬਾ ਪੈਦਾ ਕੀਤਾ ਜਾ ਸਕਦਾ ਹੈ੍ਇਸ ਬਾਰੇ ਕੁੱਝ ਕੁ ਅੰਸ ਮੈ ਆਪ ਜੀ ਦੇ ਨਾਲ ਸਾਂਝੇ ਕਰਨ ਜਾ ਰਿਹਾ ਹਾਂ੍1896ਵਿਚ ਉੱਤਰ ਪੱਛਮੀ ਸਰਹੱਦੀ ਸੂਬੇ ਦੇ ਪਠਾਣਾਂ ਨੇ ਬ੍ਰਿਟਿਸ਼ ਵਪਾਰੀਆਂ ਨੂੰ ਹਮਾਲਿਆਂ ਤੋਂ ਬਚਾਉਣ ਦੀ ਨੀਤੀ ਦੇ ਵਿਰੁੱਧ,ਵਿਦਰੋਹ ਕਰ ਦਿੱਤਾ੍ਇਸ ਇਲਾਕੇ ਵਿਚ ਬਰਤਾਨਵੀ ਫ਼ੌਜ ਦੀ ਤਾਇਨਾਤੀ ਖ਼ਿਲਾਫ਼ ਜੇਹਾਦ ਛੇੜ ਦਿੱਤਾ।

ਇਸ ਵੰਗਾਰ ਦੇ ਮੁਕਾਬਲੇ ਲਈ 31 ਦਸੰਬਰ 1896 ਨੂੰ 36 ਸਿੱਖ (ਹੁਣ4ਸਿੱਖ) ਨੂੰ÷ ਸਮਾਨਾ ਰਿੱਜ'ਤੇ ਤਾਇਨਾਤ ਕਰਨ ਉਪ੍ਰੰਤ ਇਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ। ਜਿਸ ਦੇ ਸਿੱਟੇ ਵਜੋਂ ਬਟਾਲੀਅਨ ਹੈੱਡਕੁਆਰਟਰ ਅਤੇ ਸੱਜੇ ਵਿੰਗ ਦੀ ਅਗਵਾਈ ਦੀ ਵਾਗਡੋਰ ਲੈਫ. ਕਰਨਲ ਜੇ ਹਾਊਸਟਨ,ਕਮਾਂਡਿੰਗ ਅਫਸਰ ਨੇ ਸੰਭਾਲੀ੍ 2ਜੂਨ1897ਨੂੰ ਲੋਕਹਾਰਟ ਕਿਲ੍ਹੇ'ਤੇ ਕਬਜ਼ਾ ਕਰ ਲਿਆ੍ ਫ਼ੌਜੀ ਟੁਕੜੀਆਂ ਨੂੰ ਸਾਰਾਗੜ੍ਹੀ,ਦਾਰ,ਸੰਗਰ,ਸਰਤ੍ਰੋਪ ਕੁੰਗ ਤੇ ਗੁਲਸਤਾਨ ਕਿਲ੍ਹੇ ਤਕ ਫੈਲਾਅ ਦਿੱਤਾ੍ਜੋ ਲਗਭੱਗ ਇੱਥੋਂ ਤਕਰੀਬਨ5ਮੀਲ ਦੇ ਫ਼ਾਸਲੇ ਤੇ ਸੀ ।ਖੱਬਾ ਹਿੱਸਾ ਜੋ ਕੈਪਟਨ ਡਬਲਿਊ. ਬੀਗੋਰਡਨ ਦੀ ਕਮਾਂਡ ਹੇਠ ਸੀ,ਨੇ08ਜਨਵਰੀ1897ਨੂੰ ਪਰਚਿਨਾਰ'ਤੇ ਕਬਜ਼ਾ ਕਰ ਲਿਆ੍ਨਿੱਕੀਆਂ ਨਿੱਕੀਆਂਟੁਕੜੀਆਂ ਥਾਲ ਅਤੇ ਸੱਦਾ ਵਿਖੇ ਤਾਇਨਾਤ ਕਰ ਦਿੱਤੀਆਂ।ਲੜਾਈ ਛਿੜਨ ਦੀ ਸੂਰਤ ਵਿਚ ਇਨ੍ਹਾਂ ਲਈ ਪੱਕਾ ਗੈਰੀਜਨ ਕੋਹਾਟ ਵਿਖੇ ਸੀ। ਜਿੱਥੇ ਰੀਇਨਫੋਰਸਮੈਂਟ ਦਾ ਬੰਦੋਬਸਤ ਸੀ੍ਪ੍ਰੰਤੂਇਹ ਜਗ ?ਹਾ ਇਨ੍ਹਾਂ ਪੋਸਟਾਂ ਤੋਂ ਪੰਜਾਹ ਮੀਲ ਦੂਰ ਸੀ ਜਿੱਥੇ ਪਹੁੰਚਣ ਲਈ ਲਾਂਘਾ ਦੁਸ਼ਮਣ ਦੇ ਇਲਾਕੇ ਵਿੱਚੋਂ ਹੀ ਸੀ ।27ਅਗਸਤ ਅਤੇ 8 ਸਤੰਬਰ 1897 ਦੇ ਦਰਮਿਆਨ ਉਗਰਜਾਏ ਸੰਪਰਦਾ ਦੇ ਭਾਰੀ ਗਿਣਤੀ ਵਿਚ ਲੋਕਾਂ ਨੇ ਖੱਬੇ ਵਿੰਗ'ਤੇ ਧਾਵਾ ਬੋਲ ਦਿੱਤਾ,ਪਰ 10ਸਤੰਬਰ1897ਤਕ ਰੱਖਿਆ ਸੈਨਿਕਾਂ ਵੱਲੋਂ ਹਮਲਾ ਪਛਾੜਦੇ ਹੋਏ ਇਨ੍ਹਾਂ ਧਾੜਵੀਆਂ ਨੂੰ ਖਾਕੀ ਘਾਟੀ ਵਿਚ ਜਾਣ ਲਈ ਮਜਬੂਰ ਕਰ ਦਿੱਤਾ੍ਪਰ ਜਲਦੀ ਹੀ10,000ਦੇ ਕਰੀਬ ਤਾਕਤਵਰ ਅਫਰੀਦੀ ਲਸ਼ਕਰ ਜਿਸ ਦੇ ਨਾਲ ਉਗਰਜਾਏ ਵੀ ਸਨ੍ਉਹਨਾਂ ਨੇ ਸਮਾਨਾ ਚੌਕੀ'ਤੇ ਜ਼ਬਰਦਸਤ ਹਮਲਾ ਕਰ ਦਿੱਤਾ।ਰੱਖਿਆ ਸੈਨਿਕਾਂ ਨੇ ਇਨ੍ਹਾਂ ਦੇ ਹਰ ਹਮਲੇ ਨੂੰ ਪਛਾੜਦੇ ਹੋਏ ਦੁਸ਼ਮਣ ਨੂੰ ਕਾਫੀ ਜਾਨੀ ਨੁਕਸਾਨ ਪਹੁੰਚਾਇਆ।ਸਾਰਾਗੜ੍ਹੀ ਚੌਕੀ ਦੀ ਮਹੱਤਤਾ ਅਤੇ ਛੋਟੇ ਆਕਾਰ ਨੂੰ ਸਮਝਦੇ ਹੋਏ 12 ਸਤੰਬਰ 1897 ਨੂੰ ਤਕਰੀਬਨ8000ਅਫਰੀਕੀ ਉਗਰਜਾਈ ਆਦਿਵਾਸੀਆਂ ਨੇ ਹਮਲਾ ਕਰ ਕੇ ਚੌਂਕੀ ਨੂੰ ਚਾਰ ਚੁਫੇਰੇ ਤੋਂ ਘੇਰ ਲਿਆ।ਇਸ ਤਰ੍ਹਾਂ ਸਾਰਾਗੜ੍ਹੀ ਦੇ ਰੱਖਿਅਕਾਂ ਦਾ ਮੁੱਖ ਰੱਖਿਆ ਦਸਤਿਆਂ ਅਤੇ ਬਾਕੀ ਫ਼ੌਜ ਨਾਲ ਸੰਪਰਕ ਟੁੱਟ ਗਿਆ। ਇਸ ਦੇ ਸਿੱਟੇ ਵਜੋਂ ਦੁਸ਼ਮਣ ਦੇ ਘੇਰੇ ਵਿਚ ਆਈ ਰੱਖਿਆ ਟੁਕੜੀ ਤਕ ਕੋਈ ਰਾਸ਼ਨ,ਗੋਲੀ ਸਿੱਕਾ ਅਤੇ ਰੀਇਨਫੋਰਸਮੈਂਟ ਨਾ ਪਹੁੰਚ ਸਕੀ। ਚੌਕੀ ਕੋਲ ਬਟਾਲੀਅਨ ਹੈੱਡ ਕੁਆਰਟਰ ਨਾਲ ਪਹਾੜੀ ਇਲਾਕੇ ਵਿਚ ਸੂਚਨਾ ਪਹੁੰਚਾਉਣ ਦਾ ਉਸ ਸਮੇਂ ਵਿਚ ਪ੍ਰਚਲਿਤ ਸਾਧਨ ਸਿਰਫ਼ ਹੈਲੀਓਗ੍ਰਾਫ ਹੀ ਹੁੰਦਾ ਸੀ੍ਸਾਰਾਗੜ੍ਹੀ ਦੀ ਗੌਰਵਮਈ ਅਤੇ ਮਹੱਤਵਪੂਰਨ ਲੜਾਈ ਨੇ ਭਿਆਨਕ ਰੁੱਖ ਉਦੋਂ ਅਪਣਾਅ ਲਿਆ ਜਦੋਂ ਦੁਸ਼ਮਣ ਦੇ ਵੱਡੇ ਲਸ਼ਕਰ 12 ਸਤੰਬਰ 1897 ਨੂੰ ਸਵੇਰੇ9.30ਵਜੇ ਸਾਰਾਗੜ੍ਹੀ ਚੌਕੀ ਦੀ ਹਿਫਾਜ਼ਤ ਟੁਕੜੀ ਦੇ ਸੇਵਾਦਾਰ ਸਮੇਤ22ਸਿੱਖ ਸੈਨਿਕਾਂ'ਤੇ ਪਹਿਲਾ ਹਮਲਾ ਕੀਤਾ।ਰਖਵਾਲਿਆਂ ਨੇ ਦੁਸ਼ਮਣ ਦੇ ਹਮਲੇ ਨੂੰ ਨਾ ਸਿਰਫ਼ ਪਛਾੜਿਆ ਸਗੋਂ ਸੈਂਕੜੇ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਾਰਾਗੜ੍ਹੀ ਪੋਸਟ ਦੇ ਇਨ੍ਹਾਂ ਸੂਰਬੀਰਾਂ ਨੇ ਦੁਸ਼ਮਣ ਦੀ ਵੱਡੀ ਗਿਣਤੀ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਦੇ ਹਮਲਿਆਂ ਨੂੰ ਨਾ ਕਾਮਯਾਬ ਬਣਾਇਆ। ਇਹ ਲੜਾਈ ਦਿਨ ਭਰ ਚੱਲਣ ਕਾਰਨ ਇਕ ਮੌਕਾ ਅਜਿਹਾ ਆਇਆ੍ਜਦੋਂ ਦੁਸ਼ਮਣ ਦੇ ਚੀਫ਼ ਗੁੱਲ ਬਾਦਸ਼ਾਹ ਦੀ ਅਗਵਾਈ ਵਿਚ ਲਗਾਤਾਰ ਨਿਰਦੈਇਤਾ ਭਰਪੂਰ ਹਮਲਿਆਂ ਕਾਰਨ ਸਾਰਾਗੜ੍ਹੀ ਦੇ ਰੱਖਿਅਕਾਂ ਦੀ ਗਿਣਤੀ ਲਗਾਤਾਰ ਘਟਣੀ ਸ਼ੁਰੂ ਹੋ ਗਈ। ਚੌਕੀ ਦੇ ਚਾਰ ਚੁਫੇਰੇ ਝਾੜੀਆਂ ਨੂੰ ਅੱਗ ਲਗਾ ਕੇ ਧੂੰਆਂ ਕਰ ਦਿੱਤਾ। ਜਿਸ ਦਾ ਫ਼ਾਇਦਾ ਉਠਾ ਕੇ ਧਾੜਵੀ ਪੋਸਟ ਅੰਦਰ ਘੁਸਪੈਠ ਕਰਨ ਵਿਚ ਕਾਮਯਾਬ ਹੋ ਗਏ ਅਤੇ ਬਾਕੀ ਫ਼ੌਜ ਨੂੰ ਅੰਦਰ

**ਸੂਬੇਦਾਰ ਜਸਵਿੰਦਰ ਸਿੰਘ**
**ਭੁਲੇਰੀਆ ਮਮਦੋਟ**
**ਫਿਰੋਜ਼ਪੁਰ7589155501**

ਘੁਸਾਣ ਵਿਚ ਸਹਾਈ ਹੋਏ। ਗੁਲਸਤਾਨ ਗੈਰੀਜਨ ਇਹ ਸਭ ਕਾਰਵਾਈਆਂ ਦੇਖਦਾ ਰਿਹਾ ਪਰ ਦੋਵੇਂ ਪੋਸਟਾਂ ਵਿਚ ਆਪਸੀ ਦੂਰੀ ਹੋਣ ਕਾਰਨ ਕੋਈ ਵੀ ਸਹਾਇਤਾ ਕਰਨ ਵਿਚ ਅਸਮਰੱਥ ਰਿਹਾ। ਸਾਰਾਗੜ੍ਹੀ ਪੋਸਟ ਦੇ ਰਖਵਾਲੇ ਹਵਾਲਦਾਰ ਈਸ਼ਰ ਸਿੰਘ ਦੀ ਦਲੇਰਾਨਾ ਤੇ ਪ੍ਰਭਾਵਸ਼ਾਲੀ ਕਮਾਨ ਹੇਠ ਜੰਗਜੂਆਂ ਨੇ ਇਹ ਮਤਾ ਪਕਾ ਲਿਆ ਕਿ ਉਹ ਆਪਣੀ ਕੌਮ ਤੇ ਪਲਟਨ ਦੀ ਉੱਚ ਕੋਟੀ ਦੀ ਪ੍ਰੰਪਰਾ ਅਨੁਸਾਰ ਸੌਂਪੇ ਹੋਏ ਕਾਰਜ ਦੀ ਸੰਪੂਰਨਤਾ ਲਈ ਆਪਣੀ ਜਾਨ ਵਾਰ ਦੇਣਗੇ। ਥੋੜ੍ਹੇ ਜਿਹੇ ਸਿੱਖ ਪਲਟਨ ਦੇ ਬੱਬਰ ਸ਼ੇਰਾਂ ਨੇ ਗਾਰੇ ਦੀ ਕੱਚੀ ਬਣੀ ਚੌਕੀ,ਹਜ਼ਾਰਾਂ ਕਬਾਇਲੀ ਧਾੜਵੀਆਂ ਦਾ ਮੁਕਾਬਲਾ ਕਰਨ ਦੀ ਗੁੜ੍ਹਤੀ ਤਾਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਫੁਰਮਾਨ ਦਾ ਸਿਮਰਨ ਕਰਦਿਆਂ'ਦੇਹ ਸ਼ਿਵਾ ਬਰ ਮੋਹਿ ਇਹੈ... ਜਬਿ ਆਵਿ ਕੀ ਆਉਧ ਨਿਦਾਨ ਬਨੈ ਅਤਿ ਹੀ ਰਣਿ ਮਹਿ ਤਬ ਜੂਝ ਮਰੋ,'ਜੈਕਾਰਿਆਂ ਦੀ ਗੂੰਜ'ਚ ਆਖ਼ਰੀ ਗੋਲੀ ਤੇ ਆਖ਼ਰੀ ਸਾਹ ਤਕ ਲੜਦੇ ਹੋਏ ਦੁਸ਼ਮਣ ਦੇ ਛੱਕੇ ਛੁਡਾਉਂਦੇ ਇਕ-ਇਕ ਕਰ ਕੇ22ਸੂਰਬੀਰ ਸ਼ਹਾਦਤ ਦਾ ਜਾਮ ਪੀ ਗਏ੍ਪਰ ਉਨ੍ਹਾਂ ਆਪਣੇ ਕਬਜ਼ੇ ਹੇਠ ਜ਼ਮੀਨ ਦਾ ਇਕ ਇੰਚ ਹਿੱਸਾ ਵੀ ਦੁਸ਼ਮਣਾਂ ਨੂੰ ਲੈਣ ਨਹੀਂ ਦਿੱਤਾ। ਸਾਰਾਗੜ੍ਹੀ ਦੀ ਲੜਾਈ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੇ ਨਾਂ ਇਸ ਪ੍ਰਕਾਰ ਹਨ :165ਹਵਲਦਾਰ ਈਸ਼ਰ ਸਿੰਘ, 332ਨਾਇਕ ਲਾਲ ਸਿੰਘ, 546ਲਾ. ਨਾਇਕ ਚੰਦਾ ਸਿੰਘ, 1321ਸਿਪਾਹੀ ਸੁੰਦਰ ਸਿੰਘ, 287ਸਿ. ਰਾਮ ਸਿੰਘ, 492ਸਿ. ਉੱਤਮ ਸਿੰਘ, 182ਸਿ. ਸਾਹਿਬ ਸਿੰਘ, 359ਸਿ. ਹੀਰਾ ਸਿੰਘ, 687ਸਿ. ਦਇਆ ਸਿੰਘ, 760ਸਿ. ਜੀਵਨ ਸਿੰਘ, 791ਸਿ. ਭੋਲਾ ਸਿੰਘ, 834ਸਿ. ਨਾਰਾਇਣ ਸਿੰਘ, 814ਸਿ. ਗੁਰਮੁਖ ਸਿੰਘ, 871ਸਿ. ਜੀਵਨ ਸਿੰਘ, 1733ਸਿ. (ਸਿਗਨਲ ਮੈਨ) ਗੁਰ ਸਿੰਘ, 163ਸਿ. ਰਾਮ ਸਿੰਘ, 1257ਸਿ. ਭਗਵਾਨ ਸਿੰਘ, 1265ਸਿ. ਭਗਵਾਨ ਸਿੰਘ, 1556ਸਿ. ਬੂਟਾ ਸਿੰਘ, 1651ਸਿ. ਜੀਵਨ ਸਿੰਘ, 1221ਸਿ. ਨੰਦ ਸਿੰਘ ਅਤੇ ਐਨ. ਸੀ. ਈ. ਸੇਵਾਦਾਰ ਦਾਦ੍ਅੱਜ ਸਮੁੱਚਾ ਦੇਸ਼ ਉਹਨਾਂ ਦੀ ਕੁਰਬਾਨੀ ਨੂੰ ਯਾਦ ਕਰ ਰਿਹਾ ਹੈ੍ਖਾਸ ਕਰਕੇ ਫਿਰੋਜ਼ਪੁਰ ਵਿਖੇ ਉਹਨਾਂ ਦੀ ਯਾਦ ਵਿੱਚ ਇਕ ਬਹੁਤ ਸੁੰਦਰ ਯਾਦਗਰਬਣਾਈ ਹੋਈ ਹੈ੍ਨਾਲ ਹੀ ਇੱਕ ਗੁਰੂਦਵਾਰਾ ਸਾਹਿਬ ਦੀ ਆਲੀਸ਼ਾਨ ਬਿਲਡਿੰਗ ਸੁਸ਼ੋਬਿਤ ਹੈ੍ਹਰ ਸਾਲ ਇਥੇ ਸ਼ ?ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ੍ਫੌਜ਼ ਦੇ ਅਧਿਕਾਰੀਆਂ ਤੇ ਸੈਨਿਕਾਂ ਵਲੋਂ ਸਰਧਾਂਜ਼ਲੀ ਦਿਤੀ ਜਾਂਦੀ ਹੈ੍ਐਕਸ ਸਰਵਿਸਮੇਨ ਵੀ ਆਪਣਾ ਸਿਰਇਥੇ ਹੀ ਉਹਨਾਂ ਯੋਧਿਆਂ ਨੂੰ ਝੁਕਾਉਂਦੇ ਹਨ੍ਸ਼ਹੀਦ ਕੌਮਾਂ ਦੀ ਸ਼ਰਮਾਇਆ ਹੁੰਦੇ ਹਨ੍ਸ਼ਹੀਦੋਂ ਕੀ ਚਿੰਤਾਉ ਪਰ ਹਰ ਬਰਸ ਲਗੇਂਗੇ ਮੇਲੇ,ਵਤਨ ਪਰ ਮਿਟਨੇ ਵਾਲੋ ਕਾ ਬਾਕੀ ਇਹ ਨਿਸ਼ਾ ਹੋਗਾ

## ਸੁਣਨਾ ਇੱਕ ਕਲਾ ਹੈ

ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਹਰ ਕੋਈ ਆਪਣੇ ਆਪਣੇ ਕੰਮਾਂ ਵਿੱਚ ਐਨਾ ਵਿਅਸਤ ਹੈ ਕਿ ਉਸ ਕੋਲ ਕਿਸੇ ਦੀ ਗੱਲ ਸੁਣਨ ਦਾ ਵਿਹਲ ਨਹੀਂ ਹੈ। ਅਕਸਰ ਅਸੀਂ ਘਰਾਂ ਵਿੱਚ ਵੀ ਦੇਖਦੇ ਹਾਂ ਕਿ ਘਰ ਦੇ ਬੱਚੇ ਤੇ ਵੱਡੇ ਇਹ ਗੱਲ ਆਮ ਹੀ ਕਹਿੰਦੇ ਸੁਣੇ ਜਾਂਦੇ ਹਨ ' ਜਲਦੀ ਗੱਲ ਖ਼ਤਮ ਕਰੋ ਮੈਨੂੰ ਜ਼ਰੂਰੀ ਕੰਮ ਹੈ ਮੈਂ ਜਲਦੀ ਜਾਣਾ ' ਜਾਂ 'ਮੈਂ ਬਾਅਦ ਚੋਂ ਤੁਹਾਡੀ ਗੱਲ ਸੁਣ ਲਵਾਂਗਾ ਪਹਿਲਾਂ ਮੈਂ ਕੰਮ ਕਰ ਆਵਾਂ ' ਜਾਂ 'ਮੈਂ ਆ ਕੇ ਗੱਲ ਸੁਣਦਾਂ ਬਾਹਰ ਕੋਈ ਮੇਰਾ ਇੰਤਜ਼ਾਰ ਕਰ ਰਿਹਾ' ਆਦਿ ਅਨੇਕਾਂ ਬਹਾਨੇ ਲਾ ਕੇ ਕਿਸੇ ਦੀ ਗੱਲ ਸੁਣਨ ਤੋਂ ਕੰਨੀਂ ਕਤਰਾਉਂਦੇ ਹਨ। ਕਈ ਵਾਰ ਤਾਂ ਸਾਡੇ ਘਰਾਂ ਦੇ ਬਜ਼ੁਰਗਾਂ ਨੂੰ ਤਾਂ ਬਿਲਕੁਲ ਹੀ ਨਹੀਂ ਸੁਣਿਆ ਜਾਂਦਾ ਜਿਸ ਨਾਲ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ। ਪੁਰਾਣੇ ਸਮਿਆਂ ਵਿੱਚ ਜਦ ਕਿਸੇ ਨੇ ਕਿਸੇ ਦੀ ਕੋਈ ਸਲਾਹ ਲੈਣੀ ਹੁੰਦੀ ਸੀ ਤਾਂ ਵੱਡੇ ਪਹਿਲਾਂ ਗੱਲ ਨੂੰ ਧਿਆਨ ਨਾਲ ਸੁਣਦੇ ਸਨ ਤੇ ਫਿਰ ਸੋਚ ਵਿਚਾਰ ਕੇ ਬਿਲਕੁਲ ਸਹੀ ਸਲਾਹ ਦਿੰਦੇ ਸਨ। ਅੱਜ ਅਸੀਂ ਅਕਸਰ ਬੋਲਣ ਦੀ ਕਲਾ ਦੀ ਗੱਲ ਤਾਂ ਬਹੁਤ ਕਰਦੇ ਹਾਂ । ਬੋਲਣ ਲਈ ਤਾਂ ਕਈ ਟ ?ਰੇਨਿੰਗ ਸੈਂਟਰ ਵੀ ਖੋਲ੍ਹੇ ਜਾਂਦੇ ਹਨ। ਵੱਡੇ ਵੱਡੇ ਸੈਮੀਨਾਰ ਕਰਵਾਏ ਜਾਂਦੇ ਹਨ। ਇੱਕ ਗੱਲ ਸਪਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ ਕਿਸੇ ਨੂੰ ਧਿਆਨ ਨਾਲ ਸੁਣਨ ਦੀ ਪ੍ਰਵਿਰਤੀ ਪੈਦਾ ਨਹੀਂ ਹੁੰਦੀ ਉਦੋਂ ਤੱਕ ਵਧੀਆ ਬੋਲਣ ਦਾ ਵੀ ਕੋਈ ਫ਼ਾਇਦਾ ਨਹੀਂ। ਗੁਰਬਾਣੀ ਵਿੱਚ ਸੁਣਨ (ਸ੍ਰਵਣ ਕਰਨ) ਦੀ ਬਹੁਤ ਵਡੀ ਮਹਿਮਾ ਗਾਈ ਗਈ ਹੈ। ਜਪੁਜੀ ਸਾਹਿਬ ਵਿੱਚ ÷ਸੁਣਿਐ÷ ਦੀਆਂ ਚਾਰ ਪਉੜੀਆਂ ਇਸੇ ਮਹਿਮਾ ਨੂੰ ਬਿਆਨ ਕਰਦੀਆਂ ਹਨ , ਜੋ ਸੁਣਨ ਦੀ ਅਧਿਆਤਮਿਕ ਸ਼ਕਤੀ ਨੂੰ ਦਰਸਾਉਂਦੀਆਂ ਹਨ। ਧਿਆਨ ਨਾਲ ਸੁਣਨ ਵਾਲੇ ਹੀ ਪਰਮਾਤਮਾ ਨਾਲ ? ਜੁੜ ਸਕਦੇ ਹਨ।

ਧਿਆਨ ਨਾਲ ਸੁਣਨਾ ਆਪਣੇ ਆਪ ਵਿੱਚ ਇੱਕ ਵੱਡੀ ਕਲਾ ਹੈ। ਇਸ ਦੇ ਵੀ ਕੁਝ ਅਸੂਲ ਹੁੰਦੇ ਹਨ ਜੋ ਮਨੁੱਖ ਨੂੰ ਸਮਝਦਾਰ ਅਤੇ ਬੁੱਧੀਮਾਨ ਬਣਾਉਂਦੇ ਹਨ। ਕਹਿਣ ਨੂੰ ਤਾਂ ਹਰ ਵਿਅਕਤੀ ਦੂਜਿਆਂ ਦੀ ਗੱਲ ਸੁਣਦਾ ਹੈ, ਪਰ ਹਰ ਕੋਈ ਧਿਆਨ ਨਾਲ, ਸਮਝ ਕੇ ਅਤੇ ਧੀਰਜ ਨਾਲ ਨਹੀਂ ਸੁਣਦਾ ਸੁਣਨ ਲਈ ਕੁਝ ਕੁ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਚੰਗਾ ਸੁਣਨ ਵਾਲਾ ਵਿਅਕਤੀ ਸਿਰਫ਼ ਕੰਨਾਂ ਨਾਲ ਨਹੀਂ, ਦਿਲ ਅਤੇ ਦਿਮਾਗ਼ ਨਾਲ ? ਵੀ ਸੁਣਦਾ ਹੈ। ਜਦੋਂ ਕੋਈ ਸਾਡੇ ਨਾਲ ਆਪਣੀ ਗੱਲ ਸਾਂਝੀ ਕਰ ਰਿਹਾ ਹੋਵੇ ਤਾਂ ਉਸ ਦੀ ਗੱਲ ਵਿਚਕਾਰੋਂ ਕੱਟਣ ਦੀ ਬਜਾਏ ਪੂਰੀ ਗੱਲ ਸੁਣਨੀ ਚਾਹੀਦੀ ਹੈ ਕਿਉਂਕਿ ਅਧੂਰੀ ਸੁਣੀ ਗੱਲ ਕੀ ਤਰ੍ਹਾਂ ਦੀਆਂ ਗ਼ਲਤ ਫ਼ਹਿਮੀਆਂ ਪੈਦਾ ਕਰ ਸਕਦੀ ਹੈ। ਹੋ ਸਕਦਾ ਹੈ ਗੱਲ ਦੇ ਅੰਤ ਤੱਕ ਪੂਰੀ ਗੱਲ ਦਾ ਕੋਈ ਵਧੀਆ ਨਤੀਜਾ ਨਿਕਲਦਾ ਹੋਵੇ। ਕਈ ਵਾਰ ਸਾਹਮਣੇ ਵਾਲੇ ਵਿਅਕਤੀ ਨੂੰ ਸਲਾਹ ਦੀ ਨਹੀਂ, ਸਿਰਫ਼ ਇੱਕ ਅਜਿਹੇ ਵਿਅਕਤੀ ਦੀ ਲੋੜ ਹੁੰਦੀ ਹੈ ਜੋ ਉਸ ਨੂੰ ਧਿਆਨ ਨਾਲ ਸੁਣ ਸਕੇ ਤੇ ਉਸ ਦੀਆਂ ਭਾਵਨਾਵਾਂ ਨੂੰ ਸਮਝ ਸਕੇ ।ਹੋ ਸਕਦਾ ਹੈ ਅਜਿਹੇ ਵਿਅਕਤੀ ਦੀ ਗੱਲ ਸੁਣਨ ਨਾਲ ਤੁਸੀਂ ਉਸ ਨੂੰ ਉਸ ਦੀ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਬਾਹਰ ਕੱਢਣ ਵਿੱਚ ਸਹਾਈ ਸਿੱਧ ਹੋ ਜਾਵੋ।

**ਬਰਜਿੰਦਰ ਕੌਰ ਬਿਸਰਾਓ...**
**9988901324**

ਸੁਣਨ ਦੀ ਕਲਾ ਸਾਡੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੀ ਹੈ। ਘਰ ਵਿੱਚ ਮਾਪਿਆਂ, ਬੱਚਿਆਂ ਅਤੇ ਜੀਵਨ ਸਾਥੀ ਦੀ ਗੱਲ ਧਿਆਨ ਨਾਲ ਸੁਣਨ ਨਾਲ ? ਸਾਰੇ ਪਰਿਵਾਰ ਦੇ ਜੀਆਂ ਦੀ ਆਪਸੀ ਸਮਝ ਵਧਦੀ ਹੈ ਤੇ ਘਰ ਵਿੱਚ ਪਿਆਰ ਅਤੇ ਸਹਿਣਸ਼ੀਲਤਾ ਦਾ ਵਾਤਾਵਰਨ ਉਤਪੰਨ ਹੁੰਦਾ ਹੈ ।ਇਸ ਤਰ੍ਹਾਂ ਇੱਕ ਦੂਜੇ ਨੂੰ ਧਿਆਨ ਨਾਲ ਸੁਣਨ ਨਾਲ ਘਰ ਦਾ ਮਾਹੌਲ ਸੁਖਾਵਾਂ ਸਿਰਜਿਆ ਜਾਂਦਾ ਹੈ। ਇਸੇ ਤਰ੍ਹਾਂ ਅਧਿਆਪਕ ਜੇ ਵਿਦਿਆਰਥੀਆਂ ਦੀ ਗੱਲ ਪਿਆਰ ਨਾਲ ? ਸੁਣਨ ਅਤੇ ਵਿਦਿਆਰਥੀ ਅਧਿਆਪਕ ਦੀ ਗੱਲ ਧਿਆਨ ਨਾਲ ? ਸੁਣਨ ਤਾਂ ਸਿੱਖਿਆ ਦਾ ਮਕਸਦ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਹੋ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਅਧਿਆਪਕ-ਵਿਦਿਆਰਥੀ ਰਿਸ਼ਤਾ ਬੋਝ ਨਾ ਰਹਿ ਕੇ ਬਹੁਤ ਸਤਿਕਾਰ ਭਰਿਆ ਬਣ ਸਕਦਾ ਹੈ। ਸਾਡੇ ਅੰਦਰ ਦੀ ਸੁਣਨ ਸ਼ਕਤੀ ਸਾਨੂੰ ਸਬਰ ਸਿਖਾਉਂਦੀ ਹੈ। ਜੇ ਅਸੀਂ ਕਿਸੇ ਨੂੰ ਧਿਆਨ ਨਾਲ ਸੁਣਨ ਦੀ ਆਦਤ ਪਾਵਾਂਗੇ ਤਾਂ ਸਾਨੂੰ ਦੂਜਿਆਂ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਜਦੋਂ ਅਸੀਂ ਕਿਸੇ ਦੀ ਗੱਲ ਨੂੰ ਤਰਜੀਹ ਦੇ ਕੇ ਸੁਣਦੇ ਹਾਂ ਤੇ ਫਿਰ ਉਸ ਨੂੰ ਸਮਝਦੇ ਹਾਂ ਤਾਂ ਕਈ ਗਲਤਫ਼ਹਿਮੀਆਂ ਆਪਣੇ ਆਪ ਦੂਰ ਹੋ ਜਾਂਦੀਆਂ ਹਨ। ਅੱਜ ਦੇ ਤੇਜ਼ ਰਫ਼ਤਾਰ ਯੁੱਗ ਅਤੇ ਮੋਬਾਈਲ-ਕੇਂਦਰਿਤ ਜੀਵਨ ਵਿੱਚ ਘਰ ਦੇ ਇੱਕ ਕਮਰੇ ਵਿੱਚ ਬੈਠੇ ਚਾਰ ਜੀਅ ਇੱਕ-ਦੂਜੇ ਦੇ ਸਾਹਮਣੇ ਬੈਠੇ ਹੋਏ ਵੀ ਇੱਕ ਦੂਜੇ ਨੂੰ ਪੂਰੀ ਤਰ੍ਹਾਂ ਨਹੀਂ ਸੁਣਦੇ ਜਿਸ ਨਾਲ ਘਰ ਵਿੱਚ ਆਪਸੀ ਸਮਝ, ਪਿਆਰ, ਵਿਸ਼ਵਾਸ ਅਤੇ ਵਿਚਾਰ ਵਟਾਂਦਰੇ ਦੀ ਕਮੀ ਆ ਰਹੀ ਹੈ। ਘਰੇਲੂ ਵਾਤਾਵਰਨ ਅਣਸੁਖਾਵਾਂ ਬਣਦਾ ਹੈ ਹਰ ਕੋਈ ਇੱਕ ਦੂਜੇ ਨੂੰ ਖਿਝ ਕੇ ਬੁਲਾਉਂਦਾ ਹੈ ਕਿਉਂਕਿ ਉਸ ਨੂੰ ਉਸ ਦੇ ਆਪਣੇ ਹੀ ਸੁਣ ਨਹੀਂ ਰਹੇ ਹੁੰਦੇ। ਇਸ ਲਈ ਸਾਨੂੰ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ 'ਧਿਆਨ ਨਾਲ ਸੁਣਨ' ਦੀ ਆਦਤ ਪੈਦਾ ਕਰਨ ਦੀ ਲੋੜ ਹੈ ।ਜਦੋਂ ਅਸੀਂ ਕਿਸੇ ਦੀ ਗੱਲ ਧਿਆਨ ਨਾਲ ਸੁਣਦੇ ਹਾਂ ਤਾਂ ਸਾਹਮਣੇ ਵਾਲੇ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦੀ ਗੱਲ ਅਤੇ ਭਾਵਨਾਵਾਂ ਦੀ ਕਦਰ ਕੀਤੀ ਜਾ ਰਹੀ ਹੈ। ਧਿਆਨ ਨਾਲ ਸੁਣਨ ਦੀ ਆਦਤ ਸਿੱਖਣ ਅਤੇ ਸਮਝਣ ਦੀ ਸਮਰੱਥਾ ਵਧਾਉਂਦੀ ਹੈ। ਸੁਣਨ ਸਮਰੱਥਾ ਰਾਹੀਂ ਅਸੀਂ ਨਵੀਂ ਜਾਣਕਾਰੀ ਪ੍ਰਾਪਤ ਕਰਦੇ ਹਾਂ, ਸਵਾਲ ਪੁੱਛਦੇ ਹਾਂ ਅਤੇ ਆਪਣੇ ਵਿਚਾਰਾਂ ਨੂੰ ਹੋਰ ਵਿਸਥਾਰ ਦਿੰਦੇ ਹਾਂ। ਕਈ ਵਾਰ ਸਮੱਸਿਆ ਦਾ ਹੱਲ ਬੋਲਣ ਨਾਲੋਂ ਕਿਸੇ ਦੀ ਗੱਲ ਧਿਆਨ ਨਾਲ ਸੁਣਨ ਵਿੱਚ ਹੀ ਲੁਕਿਆ ਹੁੰਦਾ ਹੈ। ਸੁਣਨ ਦੀ ਕਲਾ ਬੌਧਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਦੋਂ ਅਸੀਂ ਕਿਸੇ ਦੀ ਗੱਲ ਧਿਆਨ ਨਾਲ ਸੁਣਦੇ ਹਾਂ ਤਾਂ ਸਾਨੂੰ ਨਵੇਂ ਵਿਚਾਰ, ਨਵੀਂ ਜਾਣਕਾਰੀ ਅਤੇ ਨਵੇਂ ਤਜ਼ਰਬੇ ਪ੍ਰਾਪਤ ਹੁੰਦੇ ਹਨ। ਇਸ ਨਾਲ ਸਮਝਣ, ਯਾਦ ਰੱਖਣ, ਸਵਾਲ ਪੁੱਛਣ, ਤਰਕ ਕਰਨ ਅਤੇ ਆਪਣੇ ਵਿਚਾਰ ਬਣਾਉਣ ਦੀ ਸਮਰੱਥਾ ਵਿਕਸਿਤ ਹੁੰਦੀ ਹੈ। ਧਿਆਨ ਨਾਲ ਸੁਣਨ ਵਾਲਾ ਵਿਅਕਤੀ ਵੱਖ-ਵੱਖ ਵਿਚਾਰਾਂ ਨੂੰ ਸਮਝ ਕੇ ਉਨ੍ਹਾਂ ਦੀ ਤੁਲਨਾ ਕਰਨਾ ਅਤੇ ਸਹੀ-ਗਲਤ ਬਾਰੇ ਸੋਚਣਾ ਸਿੱਖਦਾ ਹੈ। ਇਸ ਤਰ੍ਹਾਂ ਸੁਣਨਾ ਸਿਰਫ਼ ਜਾਣਕਾਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਸੋਚਣ ਅਤੇ ਬੌਧਿਕ ਤੌਰ 'ਤੇ ਅੱਗੇ ਵਧਣ ਦੀ ਬੁਨਿਆਦ ਵੀ ਹੈ। ਪੁਰਾਣੇ ਸਮਿਆਂ ਵਿੱਚ ਬੱਚਿਆਂ ਅੰਦਰ ਸੁਰਤ ਸੰਭਾਲਦੇ ਹੀ ਸੁਣਨ ਦੀ ਆਦਤ ਪਾਈ ਜਾਂਦੀ ਸੀ। ਉਨ੍ਹਾਂ ਨੂੰ ਮਾਂ ਕੋਲੋਂ ? ਲੋਰੀਆਂ ਸੁਣਨਾ, ਦਾਦੀਆਂ ਨਾਨੀਆਂ ਕੋਲੋਂ ? ਕਹਾਣੀਆਂ ਸੁਣਾਉਣਾ ਜਾਂ ਬੁਝਾਰਤਾਂ ਪਾਉਣਾ ਪੁਰਾਤਨ ਬਚਪਨ ਦਾ ਇੱਕ ਅਹਿਮ ਹਿੱਸਾ ਸੀ। ਜਿਸ ਨਾਲ ਉਨ੍ਹਾਂ ਦਾ ਬੌਧਿਕ ਵਿਕਾਸ ਹੁੰਦਾ ਸੀ ਤੇ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਸੀ।

ਅਖੀਰ ਵਿੱਚ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਚੰਗਾ ਬੋਲਣਾ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਪਰ ਚੰਗਾ ਸੁਣਨਾ ਹਰ ਕਿਸੇ ਦਾ ਦਿਲ ਜਿੱਤ ਸਕਦਾ ਹੈ। ਸੁਣਨਾ ਸਿਰਫ਼ ਆਵਾਜ਼ ਨੂੰ ਕੰਨਾਂ ਤੱਕ ਪਹੁੰਚਾਉਣਾ ਨਹੀਂ, ਸਗੋਂ ਸੁਣੀਆਂ ਗੱਲਾਂ ਦੇ ਅਰਥ ਸਮਝਣਾ ਅਤੇ ਕਿਸੇ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਵੀ ਹੈ।

# ਬੰਦ ਮੁੱਠੀਆਂ ਦੀ ਦਾਸਤਾਂ



ਰੌਸ਼ਨ ਸਿੰਘ ਇਕ ਮਸ਼ਹੂਰ ਡਾਕਟਰ, ਜਿਸ ਕੋਲ ਮਰੀਜ਼ਾਂ ਦਾ ਤਾਂਤਾ ਲੱਗਾ ਰਹਿੰਦਾ, ਆਪਣੀ ਵਾਰੀ ਦੇ ਮੁਤਾਬਿਕ ਇਕ ਮਰੀਅਲ ਜਿਹੀ ਲੜਕੀ ਨੇ ਕਮਰੇ ਵਿਚ ਪ੍ਰਵੇਸ਼ ਕਰਦਿਆਂ ਨਮਸਕਾਰ ਕੀਤੀ ਅਤੇ ਡਾਕਟਰ ਦੇ ਨਾਲ ਵਾਲੇ ਪਾਸੇ ਰੱਖੇ ਸਟੂਲ ਉਪਰ ਬੈਠ ਗਈ,

ਡਾਕਟਰ ਨੇ ਜਗਿਆਸਾ ਨਾਲ ਕਿਹਾ, "ਹਾਂ ਜੀ ਦੱਸੋ ? ਤੁਹਾਨੂੰ ਕੀ ਗੱਲ ਏ ?" ਲੜਕੀ ਨੇ ਮਰੀਅਲ ਜਿਹੀ ਆਵਾਜ਼ ਕਿਹਾ, "ਡਾਕਟਰ ਸਾਹਿਬ ਕੁਝ ਮਹੀਨਿਆਂ ਤੋਂ ਮੇਰੀਆਂ ਮੁੱਠੀਆਂ ਬੰਦ ਹਨ ਅਤੇ ਹੇਠਾਂ ਨੂੰ ਮੁੜੀਆਂ ਹੋਈਆਂ ਹਨ, ਹਿ ਖੁੱਲ੍ਹਦੀਆਂ ਨਹੀਂ, ਬਸ ਇਕ ਜਗ ?ਹਾ 'ਤੇ ਸਥਿਰ ਹੋ ਗਈਆਂ ਹਨ, ਬੜੇ ਇਲਾਜ ਕਰਵਾਏ ਹਨ ਪਰ ਇਹ ਠੀਕ ਨਹੀਂ ਹੋ ਰਹੀਆਂ, ਬਹੁਤ ਪਰੇਸ਼ਾਨ ਹਾਂ ਡਾਕਟਰ ਸਾਹਿਬ, "

ਡਾਕਟਰ ਨੇ ਆਪਣੀ ਸੋਚ ਅਤੇ ਬੁੱਧੀਮੱਤਾ ਦੇ ਮੁਤਾਬਿਕ ਉਸਦੇ ਸਰੀਰ ਦੇ ਮੁਨਸਾਬਿ ਟੈਸਟ ਕਰਵਾਏ, ਉਨ੍ਹਾਂ ਸਾਰੇ ਟੈਸਟਾਂ ਵਿਚ ਕੋਈ ਵੀ ਨੁਕਸ ਨਾ ਆਇਆ, ਡਾਕਟਰ ਨੇ ਸੋਚ ਸਮਝ ਦੇ ਮੁਤਾਬਿਕ ਉਸ ਲੜਕੀ ਨੂੰ ਇਕ ਹਫਤੇ ਦੀ ਦਵਾਈ ਦੇ ਦਿੱਤੀ ਅਤੇ ਹਫ਼ਤੇ ਬਾਅਦ ਫਿਰ ਵਿਖਾਉਣ ਲਈ ਹਦਾਇਤ ਕੀਤੀ,

ਹਫ਼ਤੇ ਬਾਅਦ ਉਹ ਮਰੀਅਲ ਜਿਹੀ ਲੜਕੀ ਡਾਕਟਰ ਕੋਲ ਆਈ, ਲੜਕੀ ਨੂੰ ਕੋਈ ਫਰਕ ਨਹੀਂ ਪਿਆ, ਡਾਕਟਰ ਨੇ ਫਿਰ ਦੁਬਾਰਾ ਸਾਰੇ ਟੈਸਟ ਕਰਵਾਏ, ਫਿਰ ਵੀ ਸਾਰੇ ਟੈਸਟ ਠੀਕ ਨਿਕਲੇ, ਡਾਕਟਰ ਨੇ ਫਿਰ ਦਵਾਈਆਂ ਬਦਲ ਕੇ ਦਿੱਤੀਆਂ ਤੇ 15 ਦਿਨਾਂ ਬਾਅਦ ਆਉਣ ਦੀ ਹਦਾਇਤ ਕੀਤੀ,

15 ਦਿਨਾਂ ਬਾਅਦ ਫਿਰ ਉਹ ਲੜਕੀ ਡਾਕਟਰ ਕੋਲ ਆਈ ਅਤੇ ਉਸਨੇ ਡਾਕਟਰ ਨੂੰ ਕਿਹਾ, "ਡਾਕਟਰ ਸਾਹਿਬ ਕੋਈ ਫਰਕ ਨਹੀਂ ਪਿਆ,"

ਡਾਕਟਰ ਨੇ ਕਿਹਾ, "ਮੈਂ ਵਧੀਆ ਤੋਂ ਵਧੀਆ ਦਵਾਈਆਂ ਤੁਹਾਨੂੰ ਦਿੱਤੀਆਂ ਹਨ, ਤੁਹਾਡੇ ਟੈਸਟ ਵੀ ਸਾਰੇ ਠੀਕ ਹਨ, ਤੁਹਾਨੂੰ ਦਵਾਈਆਂ ਨਾਲ ਕੋਈ ਫਰਕ ਨਹੀਂ ਪੈ ਰਿਹਾ,"

ਡਾਕਟਰ ਮਨ ਹੀ ਮਨ ਸੋਚਣ ਲੱਗਾ, ਉਸਨੇ ਸੋਚਿਆ ਕਿ ਕਿਉਂ ਨਾ ਇਸ ਲੜਕੀ ਨੂੰ ਮਨੋਵਿਗਿਆਨਕ ਦਿ ?ਸ਼ਟੀ ਨਾਲ ਵੇਖਿਆ ਪਰਖਿਆ ਜਾਵੇ,

ਡਾਕਟਰ ਨੇ ਗੰਭੀਰਤਾ ਵਿਚ ਉਤਰਦਿਆਂ ਲੜਕੀ ਨੂੰ ਕਿਹਾ, "ਤੁਹਾਨੂੰ ਸ਼ਰੀਰਕ ਰੋਗ ਕੋਈ ਨਹੀਂ ਹੈ, ਕੀ ਤੁਹਾਡੇ ਨਾਲ ਕੋਈ ਹਾਦਸਾ ਹੋਇਆ ? ਜਾਂ ਬਚਪਨ ਵਿਚ ਕੋਈ ਐਕਸੀਡੈਂਟ ਹੋਇਆ ? ਜਾਂ ਕੋਈ ਹੋਰ ਕਾਰਨ ? ਤੁਹਾਡੀਆਂ ਮੁੱਠੀਆਂ ਬੰਦ ਕਿਵੇਂ ਹੋਈਆਂ ? ਕੀ ਤੁਸੀਂ ਕੁਝ ਮਹੀਨੇ ਪਹਿਲਾਂ ਬਿਲਕੁਲ ਠੀਕ ਠਾਕ ਸੀ ? ਇਹ ਹੱਥ ਕਦੋਂ ਤੱਕ ਠੀਕ ਹਰਕਤ ਕਰਦੇ ਸੀ ਆਦਿ ?

ਉਸ ਲੜਕੀ ਨੇ ਕੁਝ ਸਮਾਂ ਸੋਚਣ ਤੋਂ ਬਾਅਦ ਉਦਾਸੀਨਤਾ ਵਿਚ ਉਤਰਦਿਆਂ ਕਿਹਾ, "ਡਾਕਟਰ ਸਾਹਿਬ ਮੈਂ ਤੁਹਾਡੇ ਨਾਲ ਵੱਖਰੀ ਗੱਲ ਕਰਨਾ ਚਾਹੁੰਦੀ ਹਾਂ, ਇਹ ਗੱਲ ਤੁਸੀਂ ਕਿਸੇ ਨਾਲ ਨਹੀਂ ਕਰੋਗੇ,"

ਡਾਕਟਰ ਨੇ ਵਾਅਦਾ ਕੀਤਾ ਕਿ ਇਹ ਗੱਲ ਕਿਸੇ ਨਾਲ ਵੀ ਨਹੀਂ ਕਰਾਂਗਾ, ਤੁਸੀਂ ਬੇਝਿਜਕ ਸਾਰੀ ਗੱਲ ਦੱਸੋ ? ਕਿ ਇਹ ਮੁੱਠੀਆਂ ਬੰਦ ਕਿਵੇਂ ਹੋਈਆਂ ?

ਉਹ ਲੜਕੀ ਬੁਸਕ-ਬੁਸਕ ਕੇ ਰੋਣ ਲੱਗੀ ਅਤੇ ਫਿਰ ਅੱਖਾਂ 'ਚੋਂ ਹੰਝੂ ਪੂੰਝਣ ਤੋਂ ਬਾਅਦ ਠਰੰਮੇ ਨਾਲ ਕਹਿਣ ਲੱਗੀ,

ਉਸ ਲੜਕੀ ਨੇ ਆਪਣੇ ਪਰਸ 'ਚੋਂ ਇਕ ਖੂਬਸੂਰਤ, ਭਰ ਜਵਾਨ, ਗੋਰੀ ਚਿੱਟੀ ਲੜਕੀ ਦੀ ਤਸਵੀਰ ਕੱਢ ਕੇ ਡਾਕਟਰ ਸਾਹਿਬ ਦੇ ਸਾਹਮਣੇ ਰੱਖ ਦਿੱਤੀ,

ਡਾਕਟਰ ਨੇ ਉਤਸੁਕਤਾ ਨਾਲ ਪੁੱਛਿਆ, "ਇਹ ਕਿਸਦੀ ਤਸਵੀਰ ਹੈ ? ਇਸਦਾ ਬਿਮਾਰੀ ਨਾਲ ਕੀ ਸਬੰਧ ਹੈ ? ਇਹ ਤਾਂ ਬਹੁਤ ਹੀ ਖੂਬਸੂਰਤ ਲੜਕੀ ਦੀ ਤਸਵੀਰ ਹੈ, ਇਹ ਕੌਣ ਹੈ ?

ਉਸ ਲੜਕੀ ਨੇ ਉਦਾਸ ਹੁੰਦਿਆਂਹੋਲੀ ਜਿਹੀ ਕਿਹਾ, "ਡਾਕਟਰ ਸਾਹਿਬ ਇਹ ਮੇਰੀ ਤਸਵੀਰ ਹੈ, ਕੁਝ ਮਹੀਨੇ ਪੁਰਾਣੀ ਮੇਰੀ ਹੀ ਤਸਵੀਰ ਹੈ,"

ਡਾਕਟਰ ਇਕਦਮ ਹੈਰਾਨ ਹੋ ਗਿਆ, ਕਦੀ ਉਹ ਮਰੀਅਲ ਜਿਹੀ ਲੜਕੀ ਵੱਲ ਅਤੇ ਕਦੀ ਤਸਵੀਰ ਵੱਲ ਵੇਖਣ ਲੱਗਾ, ਕਿਉਂਕਿ ਉਸਦੇ ਸਾਹਮਣੇ ਤਾਂ ਇਕ ਸਾਂਵਲੇ ਜਿਹੇ ਰੰਗ ਦੀ, ਭੱਦੀ ਜਿਹੀ ਸ਼ਕਲ ਵਾਲੀ ਮਰੀਅਲ ਜਿਹੀ ਲੜਕੀ, ਅੱਖਾਂ ਥੱਲੇ ਗੜ੍ਹੇ, ਚਿਹਰੇ 'ਤੇ ਮਾਯੂਸੀ, ਕਾਨਾ ਜਿਹਾ ਜਿਸਮ, ਮਰੀਅਲ ਜਿਹੀ ਆਵਾਜ਼ ਵਾਲੀ ਲੜਕੀ ਬੈਠੀ ਸੀ,

ਡਾਕਟਰ ਬਹੁਤ ਹੈਰਾਨ ਹੋਇਆ, ਉਸਨੇ ਪੁੱਛਿਆ ਕਿ ਇਹ ਮਾਜਰਾ ਕੀ ਹੈ ? ਕਿ ਏਨੀ ਖੂਬਸੂਰਤ ਲੜਕੀ ਤੋਂ ਏਨੀ ਭੱਦੀ ਸ਼ਕਲ ਵਾਲੀ ਲੜਕੀ ਕਿਵੇਂ ਬਣ ਗਈ ?

ਉਸ ਲੜਕੀ ਨੇ ਉਦਾਸੀ 'ਚੋਂ ਸਾਰੀ ਹਿੰਮਤ ਜੁਟਾ ਕੇ ਮੱਧਮ ਆਵਾਜ਼ ਨੂੰ ਤੇਜ਼ ਕਰਦਿਆਂ ਦੱਸਿਆ, "ਡਾਕਟਰ ਸਾਹਿਬ ਮੈਂ ਇਕ ਕੋਰਟ (ਕਚਹਿਰੀ) ਵਿਚ ਇਕ ਜੱਜ ਦੀ ਸਟੈਨੋ ਸੀ, ਮੈਂ ਕਵਾਰੀ ਸਾਂ, ਮੈਂ ਲਗਭਗ ਕੁਝ ਮਹੀਨੇ ਪਹਿਲਾਂ ਹੀ ਇਸ ਜੱਜ ਦੀ ਸਟੈਨੋ ਲੱਗੀ ਸਾਂ, ਜੱਜ ਦੇ ਇਕ ਕੇਸ ਲੱਗਾ ਹੋਇਆ ਸੀ, ਇਹ ਕੇਸ (ਮੁਕੱਦਮਾ) ਇਕ ਖੂਬਸੂਰਤ ਨੌਜਵਾਨ ਲੜਕੇ ਦਾ ਸੀ, ਉਸ ਲੜਕੇ ਉਪਰ ਸਮਗਲਿੰਗ ਦਾ ਮੁਕੱਦਮਾ ਸੀ, ਉਹ ਲੜਕਾ ਉਚ ਦਰਜੇ ਦੇ ਸਮਗਲਰਾਂ ਵਿਚ ਆਉਂਦਾ ਸੀ, ਕੁਝ ਮਹੀਨਿਆਂ ਤੱਕ ਉਸਦਾ ਮੁਕੱਦਮਾ ਚੱਲਦਾ ਰਿਹਾ, ਉਸ ਲੜਕੇ ਦੀ ਜ਼ਮਾਨਤ ਹੋ ਚੁੱਕੀ ਸੀ, ਪਰ ਉਸਨੂੰ ਸਜ਼ਾ ਜ਼ਰੂਰ ਹੋ ਜਾਣੀ ਸੀ, ਉਹ ਲੜਕਾ ਇਕ ਰੱਜੇ ਪੁੱਜੇ ਘਰ ਦਾ ਸੀ ਅਤੇ ਖੁਸ਼ਹਾਲ ਪਰਿਵਾਰ ਦਾ ਲੜਕਾ ਸੀ, ਉਹ ਲੜਕਾ ਮੁਕੱਦਮੇ ਦੀਆਂ ਤਾਰੀਕਾਂ ਲੈਣ ਲਈ ਮੇਰੇ ਕੋਲ ਤਰਲੇ ਮਿੰਨਤਾ ਕਰਦਾ ਤੇ ਮੈਂ ਉਸਦੇ ਭੋਲੇਪਣ ਅਤੇ ਤਰਲਿਆਂ ਮਿੰਨਤਾਂ ਕਰਕੇ ਉਸਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ,

ਹੌਲੀ ਹੌਲੀ ਉਹ ਲੜਕਾ ਮੇਰੇ ਲਈ ਕੀਮਤੀ ਅਤੇ ਖੂਬਸੂਰਤ ਗਿਫ਼ਟ ਲਿਆਉਣ ਲੱਗ ਪਿਆ, ਮੇਰੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਕੋਈ ਨਾ ਕੋਈ ਕੀਮਤੀ ਗਿਫ਼ਟ ਲੈ ਆਉਂਦਾ, ਗੱਲ ਏਥੋਂ ਤੱਕ ਚਲੀ ਗਈ ਕਿ ਮੈਂ ਉਸ ਨਾਲ ਬਾਜ਼ਾਰ ਸ਼ਾਪਿੰਗ ਲਈ ਵੀ ਚਲੀ ਜਾਂਦੀ, ਸਾਡੀ ਕੁਝ ਮਹੀਨਿਆਂ ਵਿਚ ਹੀ ਗਹਿਰੀ ਦੋਸਤੀ ਹੋ ਗਈ, ਉਸ ਲੜਕੇ ਨੇ ਮੈਨੂੰ ਦੱਸਿਆ, "ਉਹ ਨਿਰਦੋਸ਼ ਹੈ ਅਤੇ ਲਾਗਤਬਾਜ਼ੀ ਨਾਲ ਉਸਨੂੰ ਫਸਾਇਆ ਗਿਆ ਹੈ, " ਉਹ ਇਕ ਰੱਜੇ ਪੁੱਜੇ ਘਰ ਦਾ ਲੜਕਾ ਸੀ, ਉਸਦੇ ਦੱਸੇ ਕਈ ਸਬੂਤਾਂ ਤੋਂ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਉਸਨੂੰ ਨਾਜਾਇਜ਼ ਫਸਾਇਆ ਗਿਆ ਹੈ,

ਉਹ ਲੜਕਾ ਬਹੁਤ ਖੂਬਸੂਰਤ, ਦਿਲਦਾਰ, ਦਲੇਰ, ਹਿੰਮਤੀ ਅਤੇ ਦਿਲੋਂ ਜਾਨ ਦੇਣ ਵਾਲਾ ਸੀ, ਮੇਰੇ ਨਾਲ ਉਹ ਦਿਲੋਂ ਮੁਹੱਬਤ ਕਰਨ ਲੱਗਾ, ਮੈਂ ਵੀ ਉਸਨੂੰ ਦਿਲ ਦੇ ਚੁੱਕੀ ਸਾਂ,

ਮੈਂ ਤੇ ਉਹ ਕਦੀ ਕਦੀ ਛੁੱਟੀ ਵਾਲੇ ਦਿਨ ਉਚ ਪਹਾੜੀ ਇਲਾਕਿਆਂ ਵਿਚ ਸੈਰ-ਸਪਾਟਾ ਕਰਨ ਲਈ ਚਲੇ ਜਾਂਦੇ, ਉਸਨੇ ਮੇਰੇ ਉਪਰ ਬਹੁ ਰੁਪਇਆ ਪਾਣੀ ਵਾਂਗ ਵਹਾਇਆ, ਉਸਨੇ ਮੈਨੂੰ ਕਦੀ ਵੀ ਸਰੀਰਕ ਸਬੰਧਾਂ ਲਈ ਨਹੀਂ ਕਿਹਾ ਸੀ, ਉਸਦੀ ਇਹ ਆਦਤ ਮੈਨੂੰ ਸਭ ਤੋਂ ਵਧੀਆ ਲੱਗੀ,

ਉਸ ਕੋਲ ਵਧੀਆ ਕੀਮਤੀ ਕਾਰ ਸੀ, ਮੈਂ ਜਿਸ ਸ਼ਹਿਰ ਬਾਰੇ ਵੀ ਕਹਿਣਾ ਉਹ ਮੈਨੂੰ ਉਸੇ ਸ਼ਹਿਰ ਹੀ ਲੈ ਕੇ ਚਲਿਆ ਜਾਂਦਾ ਸੀ, ਮੇਰੀ ਹਰ ਖ਼ਾਹਿਸ਼ ਦਾ ਉਹ ਖਿਆਲ ਰੱਖਦਾ, ਮੈਨੂੰ ਉਸ ਨਾਲ ਸੱਚੀ ਦਿਲੋਂ ਮੁਹੱਬਤ ਹੋ ਗਈ ਸੀ, ਇਸ ਤਰ੍ਹਾਂ ਦਾ ਦਲੇਰ, ਨਿਡਰ, ਭਰੋਸੇਮੰਦ ਅਤੇ ਦਿਲਦਾਰ ਨਿਸਵਾਰਥ ਮੁਹੱਬਤ ਕਰਨ ਵਾਲਾ ਲੜਕਾ ਜ਼ਿੰਦਗੀ ਵਿਚ ਨਹੀਂ ਸੀ ਵੇਖਿਆ,

ਉਸ ਨੇ ਮੇਰੇ ਨਾਲ ਸ਼ਾਦੀ ਕਰਨ ਦਾ ਵਾਅਦਾ ਕੀਤਾ, ਮੈਂ ਵੀ ਉਸਨੂੰ ਇਨਕਾਰ ਨਾ ਕਰ ਸਕੀ, ਉਸ ਲੜਕੇ ਨੇ ਮੈਨੂੰ ਕਿਹਾ, " ਜੇ ਤੁਸੀਂ ਮੈਨੂੰ ਮੁਕੱਦਮੇ 'ਚੋਂ ਬਰੀ ਕਰਵਾ ਦਿਓ ਤਾਂ ਮੈਂ ਤੁਹਾਡੇ ਨਾਲ ਸ਼ਾਦੀ ਕਰ ਲਵਾਂਗਾ, ਮੈਂ ਉਸ ਲੜਕੇ ਨਾਲ ਸਹਿਮਤ ਹੋ ਗਈ, ਰਾਤਾਂ ਦੇ ਸੁਨਹਿਰੀ ਸੁਪਨਿਆਂ ਵਿਚ ਸ਼ਾਦੀ ਦੇ ਦਿ ?ਸ਼ ਵੇਖਣ ਲੱਗੀ, ਉਹ ਲੜਕਾ ਦਰਅਸਲ ਮੈਨੂੰ ਦਿਲੋਂ ਹੀ ਬੇਹੱਦ ਪਿਆਰ ਕਰਦਾ ਸੀ,

ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਸਾਡੀ ਦੁਸ਼ਮਣੀ ਬਹੁਤ ਹੈ, ਜਿਸ ਕਰਕੇ ਇਸ ਤਰ੍ਹਾਂ ਦੇ ਝੂਠੇ ਕੇਸ ਪੁਲਿਸ ਪਾ ਦਿੰਦੀ ਹੈ, ਸ਼ਾਦੀ ਤੋਂ ਬਾਅਦ ਮੈਂ ਆਪਣੀ ਖੇਤੀਬਾੜੀ ਦਾ ਕੰਮ ਸੰਭਾਲ ਲਵਾਂਗਾ, ਹੋਰ ਵੀ ਜਾਇਦਾਦ ਬਹੁਤ ਹੈ, ਦੂਸਰੇ ਸ਼ਹਿਰਾਂ ਵਿਚ ਵੀ ਉਨ੍ਹਾਂ ਦੀ ਕਾਫੀ ਜਾਇਦਾਦ ਹੈ, ਉਸਨੇ ਕਿਹਾ ਕਿ ਅਸੀਂ ਆਰਾਮ ਨਾਲ ਬਹਿ ਕੇ ਖਾਹ ਸਕਦੇ ਹਾਂ, ਉਹ ਏਨੇ ਸੁੰਦਰ ਸੁਪਨੇ ਬੁਣਦਾ ਸੀ ਕਿ ਜ਼ਿੰਦਗੀ ਖੂਬਸੂਰਤ ਜੰਨਤ ਵਰਗੀ ਲੱਗਦੀ,

ਇਕ ਦਿਨ ਜੱਜ ਸਾਹਿਬ ਆਪਣੇ ਆਰਾਮ ਕਮਰੇ ਵਿਚ ਬੈਠੇ ਇਕੱਲੇ ਹੀ ਚਾਹ ਪੀ ਰਹੇ ਸੀ, ਮੈਂ ਉਨ੍ਹਾਂ ਦੇ ਕੋਲ ਚਲੀ ਗਈ, ਮੈਂ ਝਿਜਕਦੇ ਹੋਏ ਉਨ੍ਹਾਂ ਨੂੰ ਨਿਮਰਤਾ ਅਤੇ ਤਰਸ ਭਰੇ ਲਹਿਜੇ ਨਾਲ ਕਿਹਾ, "ਸਰ, ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਚਾਹੁੰਣੀ ਹਾਂ,"

ਜੱਜ ਨੇ ਮੈਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਮੈਂ ਧੰਨਵਾਦ ਕਹਿ ਕੇ ਕੁਰਸੀ 'ਤੇ ਬੈਠ ਗਈ, ਮੈਂ ਜੱਜ ਸਾਹਿਬ ਨੂੰ ਹਿੰਮਤ ਬੰਨ ਕੇ ਕਿਹਾ, "ਸਰ, ਮੇਰੇ ਨਾਲ ਇਕ ਵਾਅਦਾ ਕਰੋ ਕਿ ਤੁਸੀਂ ਮੈਨੂੰ ਨਾਂਹ ਨਹੀਂ ਕਰੋਗੇ, " ਉਹ ਜੱਜ ਮੈਨੂੰ ਧੀਆਂ ਵਾਂਗ ਹੀ ਸਮਝਦਾ ਸੀ, ਧੀਆਂ ਵਾਂਗ ਹੀ ਪਿਆਰ ਸਤਿਕਾਰ ਦਿੰਦਾ ਸੀ,

ਜੱਜ ਨੇ ਕਿਹਾ, "ਬੇਟਾ ਤੁਸੀਂ ਗੱਲ ਤਾਂ ਦੱਸੋ ? ਜੇ ਮੰਨਣ ਵਾਲੀ ਹੋਵੇਗੀ ਤਾਂ ਜ਼ਰੂਰ ਮੰਨਾਂਗਾ, ਜੇ ਮੇਰੇ ਅਖਤਿਆਰ ਵਿਚ ਹੋਈ ਤਾਂ ਜ਼ਰੂਰ ਮੰਨ ਲਵਾਂਗਾ,

**ਬਲਵਿੰਦਰ 'ਬਾਲਮ'**
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਅੱਜ-ਕੱਲ੍ਹ ਐਡਮਿੰਟਨ-ਕਨੇਡਾ
ਵੱਟਸਐਪ - 98156-25409

ਮੇਰੇ ਅਖਤਿਆਰ ਵਿਚ ਹੋਣੀ ਚਾਹੀਦੀ ਹੈ,"

ਮੈਂ ਕੁਰਸੀ ਤੋਂ ਥੋੜ੍ਹਾ ਅੱਗੇ ਖਿਸਕਦੇ ਹੋਏ ਕਿਹਾ, "ਸਰ, ਜਿਸ ਲੜਕੇ ਦਾ ਸਮਗਲਿੰਗ ਦਾ ਕੇਸ ਚੱਲ ਰਿਹਾ ਹੈ, ਉਸਨੂੰ ਬਰੀ ਕਰ ਦਿਓ, ਮੈਂ ਉਸ ਲੜਕੇ ਨਾਲ ਬਹੁਤ ਪਿਆਰ ਕਰਦੀ ਹਾਂ ਅਤੇ ਉਹ ਵੀ ਮੈਨੂੰ ਬਹੁਤ ਪਿਆਰ ਕਰਦਾ ਹੈ, ਮੈਨੂੰ ਦਿਲੋਂ ਚਾਹੁੰਦਾ ਹੈ, ਅਸੀਂ ਕਈ-ਕਈ ਦਿਨ ਇਕੱਲੇ ਵੀ ਘੁੰਮ ਲੈਂਦੇ ਹਾਂ, ਉਸਦੀ ਕਾਫੀ ਪ੍ਰਾਪਰਟੀ ਹੈ, ਖਾਂਦੇ ਪੀਂਦੇ ਘਰ ਦਾ ਲੜਕਾ ਹੈ ਸਰ, ਉਸ ਉਪਰ ਇਹ ਸਮਗਲਿੰਗ ਦਾ ਝੂਠਾ ਕੇਸ ਪਾਇਆ ਗਿਆ ਹੈ, ਉਸਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਉਹ ਬਰੀ ਹੋ ਜਾਵੇਗਾ ਤਾਂ ਮੇਰੇ ਨਾਲ ਸ਼ਾਦੀ ਕਰ ਲਵੇਗਾ ਪਰ ਸਰ ਅਸੀਂ ਪਿਆਰ ਵਿਚ ਬਹੁਤ ਅੱਗੇ ਨਿਕਲ ਚੁੱਕੇ ਹਾਂ, ਸਰ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਲੜਕੇ ਨੂੰ ਬਰੀ ਕਰ ਦੇਵੋ,"

ਜੱਜ ਕੁਝ ਹੈਰਾਨੀ ਵਿਚ ਪੈ ਗਿਆ ਅਤੇ ਉਸਨੇ ਬਹੁਤ ਸੋਚ ਵਿਚਾਰ ਤੋਂ ਬਾਅਦ ਜਵਾਬ ਦਿੰਦਿਆਂ ਕਿਹਾ, "ਬੇਟਾ ਸੁਣ, ਸਮਗਲਰ ਲੋਕ ਕਿਸੇ ਦੇ ਵੀ ਮਿਤ ਨਹੀਂ ਹੁੰਦੇ, ਇਨ੍ਹਾਂ ਨੂੰ ਆਪਣੇ ਆਪ ਉਪਰ ਵਿਸ਼ਵਾਸ ਨਹੀਂ ਹੁੰਦਾ ਕਿ ਉਨ੍ਹਾਂ ਨਾਲ ਅਗਲੇ ਪਲ ਕੀ ਹੋਣ ਵਾਲਾ ਏ, ਇਨ੍ਹਾਂ ਨੂੰ ਖੁਦ ਹੀ ਪਤਾ ਨਹੀਂ ਹੁੰਦਾ, ਇਹ ਪੁਲਿਸ ਨਾਲ ਉਨ੍ਹਾਂ ਚਿਰ ਹੀ ਲੁਕਣਮੀਟੀ ਖੇਡਦੇ ਹਨ ਜਿੰਨਾ ਚਿਰ ਇਹ ਗਿ ?ਫਤਾਰ ਨਹੀਂ ਹੁੰਦੇ, ਇਨ੍ਹਾਂ ਦਾ ਭਵਿੱਖ ਇਕ ਐਸੀ ਗੁਫ਼ਾ ਹੈ ਜਿਸ 'ਚੋਂ ਨਿਕਲਣ ਦਾ ਕੋਈ ਰਸਤਾ ਹੀ ਨਹੀਂ, ਇਨ੍ਹਾਂ ਨੂੰ ਆਖਿਰ ਹਥਿਆਰ ਸੁੱਟਣੇ ਪੈਂਦੇ ਹਨ, ਇਨ੍ਹਾਂ ਲੋਕਾਂ ਵਿਚ ਪਿਆਰ, ਵਿਸ਼ਵਾਸ਼, ਸੰਸਕਾਰ, ਸਤਿਕਾਰ, ਇਕਰਾਰ ਨਾ ਦੀ ਕੋਈ ਚੀਜ਼ ਨਹੀਂ ਹੁੰਦੀ, ਇਹ ਤਾਂ ਮੌਤ ਦਾ ਗਾਨਾ ਬੰਨ ਕੇ ਇਸ ਤਰ੍ਹਾਂ ਦੇ ਕਾਰਜ ਕਰਦੇ ਹਨ,

ਅੱਜ ਬਰੀ ਹੋ ਜਾਵੇਗਾ, ਫਿਰ ਕਿਸੇ ਨਾ ਕਿਸੇ ਦਿਨ ਕੁੜਿਕੀ ਵਿਚ ਫੱਸ ਜਾਵੇਗਾ, ਇਹ ਲੋਕ ਤਾਂ ਆਪਣੇ ਘਰ ਦਿਆਂ ਨਾਲ ਵੀ ਧੋਖਾ ਕਰਦੇ ਹਨ, ਪਿਆਰ ਦੀ ਕੀ ਪਰਿਭਾਸ਼ਾ ਹੈ, ਇਸ ਤੋਂ ਕੋਹਾਂ ਮੀਲ ਦੂਰ ਹਨ, ਅਸਲ ਵਿਚ ਇਨ੍ਹਾਂ ਦੇ ਪਿਆਰ ਦੇ ਉਪਰਲੇ ਹਿੱਸੇ ਵਿਚ ਸ਼ਹਿਦ ਅਤੇ ਹੇਠਲੇ ਹਿੱਸੇ ਵਿਚ ਖ਼ਤਰਨਾਕ ਜ਼ਹਿਰ ਹੁੰਦਾ ਹੈ,

ਆਰਥਿਕ ਤੌਰ 'ਤੇ ਨਿੱਜੀ ਤੌਰ 'ਤੇ ਕਮਾਈ ਕਰਨ ਵਾਲੇ ਬੱਚੇ ਆਪਣੇ ਆਪ ਨੂੰ ਜ਼ਿਆਦਾ ਸਮਝਦਾਰ ਅਖਵਾਉਣ ਲਈ ਮਾਪਿਆਂ ਦੀਆਂ ਇੱਛਾਵਾਂ, ਉਨ੍ਹਾਂ ਦੇ ਕਹਿਣੇ ਨੂੰ , ਉਨ੍ਹਾਂ ਦੇ ਮਸ਼ਵਰਿਆਂ ਨੂੰ , ਹਾਲਾਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਦੇਖ, ਮਾਪਿਆਂ ਦੀ ਰਜ਼ਾਮੰਦੀ ਤੋਂ ਬਗੈਰ ਕਦੀ ਵੀ ਸ਼ਾਦੀ ਨਹੀਂ ਕਰਨੀ ਚਾਹੀਦੀ, ਆਪਣੀ ਮਿੱਟੀ ਦੇ ਪਰੰਪਰਾਵਾਦੀ ਸੰਸਕਾਰਾਂ ਨਾਲ ਜੁੜੇ ਰਹਿਣਾ ਹੀ ਸਭਿਆਚਾਰਕ ਇਨਸਾਨੀਅਤ ਹੁੰਦੀ ਹੈ, ਕਿਉਂਕਿ ਇਨਫਰਮੇਸ਼ਨ ਵਧ ਰਹੀ ਹੈ ਅਤੇ ਕਮਿਊਨੀਕੇਸ਼ਨ ਘਟ ਰਹੀ ਹੈ, ਜਵਾਨੀ ਵਿਚ ਮਤਲਬ ਪ੍ਰਸਤੀ ਵਾਲਾ ਪਿਆਰ ਦੌਰੇ ਨੌਜਵਾਨੀ ਦਾ ਇਕ ਸ਼ੋਸ਼ਾ ਹੈ, ਕਾਮ ਦੀ ਅਨੁਸ਼ਾਸ਼ਨਹੀਣ ਉਤੇਜਨਾ ਇਨਸਾਨ ਨੂੰ ਨੀਮ ਪਾਗਲ ਹੀ ਨਹੀਂ ਅੰਨਿ ?ਹਆਂ ਵੀ ਕਰ ਦਿੰਦੀ ਹੈ, ਮਾਂ ਬਾਪ ਦੀਆਂ ਇੱਛਾਵਾਂ, ਮਸ਼ਵਿਰੇ ਨਾਲ ਚੱਲਣ ਵਾਲੇ ਬੱਚੇ ਸਮਾਜ ਵਿਚ ਇੱਜ਼ਤ ਮਾਨ ਪਾਉਂਦੇ ਹਨ, ਮਾਂ ਬਾਪ ਦੀ ਅਗਵਾਈ, ਰਿਸ਼ਤੇ ਦੀ ਸਹਿਮਤੀ, ਦੋਵਾਂ ਧਿਰਾਂ ਦੇ ਖੂਬਸੂਰਤ ਆਦਾਨ-ਪ੍ਰਦਾਨ ਨਾਲ ਸਾਂਝੀ ਖੁਸ਼ੀ, ਆਪਣੀ ਖੁਸ਼ੀ ਵੰਡ ਕੇ ਖੁਸ਼ੀ ਪ੍ਰਾਪਤ ਕਰਨਾ ਤਹਿਜ਼ੀਬ ਹੈ ਸੰਸਕਾਰਾਂ ਦੀ, ਸਿਰਫ਼ ਕਾਮ ਦੀ ਭੁੱਖ ਦੀ ਜਲਦਬਾਜ਼ੀ ਦੀ ਪੂਰਤੀ ਮਨਮਰਜ਼ੀ ਦੀ ਅੱਕਾਰ ਅੰਦਰ ਰਹਿ ਕੇ ਸ਼ਾਦੀ ਕਰਨਾ ਪਰੇਸ਼ਾਨੀਆਂ ਨੂੰ ਜਨਮ ਦੇ ਸਕਦੀ ਹੈ,

ਕਾਮੁਕਤਾ, ਕਾਮਵਾਸਨਾ ਮਾਨਸਿਕ ਰੋਗੀ ਬਣਾ ਦਿੰਦੀ ਹੈ ਜੇਕਰ ਹੱਦਾਂ ਟੱਪ ਜਾਵੇ ਤਾਂ ਮਾਨਵੀਏ ਦੁਰਲਬਤਾ ਹੈ, ਇਹ ਸਭ ਤੋਂ ਖਤਰਨਾਕ ਨਸ਼ਾ ਹੈ ਜਦੋਂ ਇਹ ਉਤਰਦਾ ਹੈ ਤਾਂ ਬਹੁਤ ਕੁਝ ਵਿਗੜ ਚੁੱਕਿਆ ਹੁੰਦਾ ਹੈ,

ਜੋਸ਼ ਵਿਚ ਦੋਸਤਾਨਾਂ ਸਬੰਧਾਂ ਨੂੰ ਰਿਸ਼ਤਿਆਂ ਦਾ ਨਾਮ ਦੇ ਕੇ ਵਿਆਹ ਬੰਧਨ ਦੀ ਕਾਹਲੀ ਨਹੀਂ ਕਰਨੀ ਚਾਹੀਦੀ, ਪਰਖ, ਨਿਰੀਖਣ, ਵਿਚਾਰ ਕਰਨਾ ਵੀ ਜ਼ਰੂਰੀ ਹੈ,

ਸੰਸਕਾਰ ਵਿਚ ਕੀਤੇ ਬੰਧਨ ਸੁਖਦਾਇਕ ਅਤੇ ਚੁਫੇਰਿਓਂ ਖੁਸ਼ੀਆਂ ਅਤੇ ਹਮਦਰਦੀ ਲੈਂਦੇ ਹਨ, ਮਰਿਆਦਾ ਵਿਚ ਰਹਿ ਕੇ ਵਿਆਹ ਬੰਧਨ ਇੱਜ਼ਤ ਮਾਨ, ਖੁਸ਼ੀ, ਸਮਾਜ ਲਈ ਦਰਪਣ, ਰੋਅਬਦਾਰ ਅਸਰ ਪੈਦਾ ਕਰਦੇ ਹਨ,

ਵੇਖੋ, ਪਸ਼ੂ ਪੰਛੀ ਵੀ ਆਪਣੇ ਕਾਮ ਉਪਰ ਕਾਬੂ ਨਹੀਂ ਪਾ ਸਕਦੇ, ਸਿਰਫ਼ ਮਨੁੱਖ ਹੀ ਮਰਿਆਦਾ ਵਿਚ ਰਹਿ ਕੇ, ਅਨੁਸ਼ਾਸਨ ਵਿਚ ਰਹਿ ਕੇ ਕਾਬੂ ਰੱਖ ਸਕਦਾ ਹੈ,

ਬੇਟਾ, ਸਮਗਲਰ ਲੋਕਾਂ 'ਤੇ ਕਦੀ ਵੀ ਭਰੋਸਾ ਨਹੀਂ ਕਰਨਾ ਚਾਹੀਦਾ, ਇਹ ਕਿਸੇ ਵਕਤ ਵੀ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ, ਇਹ ਲੋਕ ਵੱਡੇ ਲੋਕਾਂ ਦੇ ਇਸ਼ਾਰਿਆਂ ਉਪਰ ਕੰਮ ਕਰਦੇ ਹਨ, ਇਕ ਨਾ ਇਕ ਦਿਨ ਇਨ੍ਹਾਂ ਕਾਬੂ ਆ ਹੀ ਜਾਣਾ ਹੁੰਦਾ ਏ,

ਬੇਟੇ, ਤੂੰ ਕੁਝ ਸਮਾਂ ਸੋਚ ਲੈ ਆਪਣੇ ਘਰ ਵਾਲਿਆਂ ਨਾਲ ਗੱਲਬਾਤ ਕਰ ਲੈ, ਮੇਰੇ ਖ਼ ?ਆਲ ਵਿਚ ਤੁਹਾਨੂੰ ਇਸ ਲੜਕੇ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ, ਮੇਰਾ ਨਿੱਜੀ ਤਜ਼ੁਰਬਾ ਹੈ ਕਿ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਸੁਰੱਖਿਅਤ ਨਹੀਂ ਹੁੰਦੀ, ਮੈਂ ਅਨੇਕਾਂ ਹੀ ਕੇਸਾਂ ਵਿਚ ਇਨ੍ਹਾਂ ਨੂੰ ਸਜ਼ਾ ਸੁਣਾ ਚੁੱਕਾ ਹਾਂ, ਇਹ ਲੋਕ ਸਾਰੀ ਉਮਰ ਲਈ ਕੰਡਮ ਹੋ ਜਾਂਦੇ ਹਨ, ਇਹ ਲੋਕ ਨਾ ਘਰ ਦੇ ਨਾ ਬਾਹਰ ਦੇ ਰਹਿੰਦੇ ਹਨ,

ਡਾਕਟਰ ਸਾਹਿਬ, ਮੈਂ ਬਜ਼ਿੱਦ ਹੋ ਗਈ ਅਤੇ ਜੱਜ ਸਾਹਿਬ ਨੂੰ ਤਰਲੇ ਮਿੰਨਤਾ ਕਰਦਿਆਂ ਕਿਹਾ, "ਸਰ ਮੈਂ ਬਹੁਤ ਦੂਰ ਨਿਕਲ ਚੁੱਕੀ ਹਾਂ ਹੁਣ ਵਾਪਿਸ ਨਹੀਂ ਆ ਸਕਦੀ, ਪਲੀਜ਼ ਸਰ ਹੈਲਪ ਮੀ, ਸਰ, ਮੈਂ ਸਾਰੀ ਉਮਰ ਤੁਹਾਡਾ ਦੇਣ ਨਹੀਂ ਦੇ ਸਕਦੀ,

ਸਰ ਜਿੱਥੋਂ ਤੱਕ ਮੇਰੇ ਮਾਂ ਬਾਪ ਦਾ ਸਵਾਲ ਹੈ, ਸਰ ਮੈਂ ਪੜ੍ਹੀ ਲਿਖੀ ਹਾਂ, ਖੁਸ਼ ਕਮਾਂਦੀ ਹਾਂ, ਮੈਨੂੰ ਆਪਣੇ ਭਵਿੱਖ ਬਾਰੇ ਚੰਗੇ ਮਾੜੇ ਫ਼ੈਸਲੇ ਲੈਣ ਦਾ ਪੂਰਾ ਪੂਰਾ ਹੱਕ ਹੈ, ਸਰ ਔਰਤ ਨੂੰ ਵੀ ਆਪਣੀ ਮਰਜ਼ੀ ਨਾਲ ਜੀਣ ਦਾ ਅਧਿਕਾਰ ਹੋਣਾ ਚਾਹੀਦਾ ਹੈ,

ਜੱਜ ਨੇ ਕਿਹਾ, "ਚੱਲ ਜੇ ਤੂੰ ਏਨੀਂ ਦੂਰ ਚਲੀ ਗਈ ਏਂ ਪਿਆਰ ਵਿਚ, ਜੇ ਤੂੰ ਪੱਕਾ ਮਨ ਬਣਾ ਹੀ ਲਿਆ ਏ ਤਾਂ ਫਿਰ ਮੈਂ ਕੁਝ ਤਰੀਕਾਂ ਦੇ ਬਾਅਦ ਉਸਨੂੰ ਬਰੀ ਕਰ ਦਵਾਂਗਾ ਪਰ ਤੂੰ ਕਿਸੇ ਨਾਲ ਗੱਲ ਨਹੀਂ ਕਰੇਂਗੀ ?

ਮੈਂ ਨਿਮਰਤਾ ਨਾਲ ਸਿਰ ਝੁਕਾ ਕੇ ਕਿਹਾ, " ਥੈਂਕਯੂ ਸਰ, ਥੈਂਕ ਯੂ ਵੈਰੀ ਮਚ, ਮੈਂ ਖੁਸ਼ੀ ਵਿਚ ਪਾਗਲ ਹੁੰਦੀ ਜਾ ਰਹੀ ਸੀ, ਡਿਊਟੀ ਤੋਂ ਬਾਅਦ ਸ਼ਾਮ ਨੂੰ ਉਸ ਲੜਕੇ ਨੂੰ ਮਿਲੀ ਤੇ ਉਸ ਨੂੰ ਸਾਰੀ ਗੱਲਬਾਤ ਸੁਣਾ ਦਿੱਤੀ ਤੇ ਉਸ ਨੂੰ ਹਦਾਇਤ ਕੀਤੀ ਕਿ ਉਹ ਕਿਸੇ ਨਾਲ ਵੀ ਗੱਲ ਨਹੀਂ ਕਰੇਗਾ, ਲੜਕਾ ਬਹੁਤ ਖੁਸ਼ ਹੋਇਆ,

ਅਸੀਂ ਨਵੀਂ ਜ਼ਿੰਦਗੀ ਬਾਰੇ ਕਈ ਹਸੀਨ ਸਪਨੇ ਵੇਖਣ ਲੱਗੇ, ਭਵਿੱਖ ਦੀਆਂ ਅਨੇਕਾਂ ਯੋਜਨਾਵਾਂ ਉਲੀਕ ਲਈਆਂ,

ਅਸੀਂ ਛੁੱਟੀ ਵਾਲੇ ਦਿਨ ਬਾਹਰ ਖੂਬ ਘੁੰਮਦੇ ਫਿਰਦੇ, ਉਸ ਲੜਕੇ ਨਾਲ ਅਨੇਕਾਂ ਸ਼ਹਿਰਾਂ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਗੋਆ ਆਦਿ ਰਾਜਾਂ-ਸ਼ਹਿਰਾਂ ਵਿਚ ਖੂਬ ਘੁੰਮੇ ਫਿਰੇ, ਘੁੰਮਣ ਫਿਰਨ ਦਾ ਸਾਰਾ ਖਰਚਾ ਉਹ ਲੜਕਾ ਹੀ ਕਰਦਾ ਸੀ, ਅਸੀਂ ਦੋਵੇਂ ਬੜੇ ਖੁਸ਼ ਸਾਂ,

ਇਕ ਦਿਨ ਜੱਜ ਨੇ ਮੈਨੂੰ ਬੁਲਾ ਕੇ ਕਿਹਾ, " ਦੋ ਦਿਨਾਂ ਬਾਅਦ ਮੈਂ ਇਸ ਲੜਕੇ ਨੂੰ ਬਰੀ ਕਰ ਦੇਵਾਂਗਾ ਅਤੇ ਤੁਸੀਂ ਖੁਸ਼ੀ ਖੁਸ਼ੀ ਸ਼ਾਦੀ ਕਰ ਲੈਣਾ, ਲੜਕੇ ਨੇ ਮੈਨੂੰ ਕਿਹਾ ਜਿਸ ਦਿਨ ਮੈਂ ਬਰੀ ਹੋਵਾਂਗਾ, ਮੈਂ ਤੈਨੂੰ ਪੰਜ ਵਜੇ ਤੋਂ ਬਾਅਦ ਤੇਰੀ ਡਿਊਟੀ ਤੋਂ ਬਾਅਦ ਬਸ ਸਟੈਂਡ ਦੇ ਬਾਹਰ ਇਕ ਥੰਮ ਦੇ ਹੇਠਾਂ ਮਿਲਾਂਗਾ ਅਤੇ ਇੱਥੋਂ ਫਿਰ ਆਪਾਂ ਗੱਡੀ ਵਿਚ ਬੈਠ ਕੇ ਚਲੇ ਜਾਵਾਂਗੇ,

ਉਸ ਨੇ ਮੇਰੇ ਨਾਲ ਸਮਾਂ, ਸਥਾਨ ਨਿਸਚਿਤ ਕਰ ਲਿਆ,

ਨਿਸ਼ਚਿਤ ਸਮੇਂ ਵਾਲੇ ਦਿਨ ਜੱਜ ਨੇ ਲੜਕੇ ਨੂੰ ਬਰੀ ਕਰ ਦਿੱਤਾ, ਲੜਕਾ ਮੈਨੂੰ ਕੋਰਟ ਵਿਚ ਇਸ਼ਾਰਾ ਕਰਕੇ ਚਲਾ ਗਿਆ,

ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ, ਜਿਵੇਂ ਸੁਰਜੀਤ ਸਪਨਿਆਂ ਦੇ ਖੰਭਾਂ ਨਾਲ ਉਡ ਰਹੀ ਹੋਵਾਂ, ਡਾਕਟਰ ਸਾਹਿਬ ਮੈਂ ਪੰਜ ਵਜੇ ਤੋਂ ਪਹਿਲਾਂ ਹੀ ਬੱਸ ਸਟੈਂਡ ਦੇ ਸਾਹਮਣੇ ਉਸ ਥੰਮ ਦੇ ਹੇਠਾਂ ਜਾ ਕੇ ਖਲੋ ?ਹ ਗਈ, ਅਨੇਕਾਂ ਰੀਝਾਂ, ਉਮੀਦਾਂ, ਚਾਵ ?ਹਾਂ ਨੇ ਮੇਰੇ ਦਿਮਾਗ ਨੂੰ ਖੁਸ਼ੀਆਂ ਨਾਲ ਭਰ ਦਿੱਤਾ ਸੀ, ਜਿਵੇਂ ਸਾਰਾ ਸੰਸਾਰ ਮੇਰੇ ਕਦਮਾਂ ਵਿਚ ਹੋਵੇ, ਜਿਵੇਂ ਪਰਮਾਤਮਾ ਨੇ ਮੇਰੀ ਮੂੰਹ ਮੰਗੀ ਮੁਰਾਦ ਪੂਰੀ ਕਰ ਦਿੱਤੀ ਹੋਵੇ, ਖੁਸ਼ੀ ਵਿਚ ਮੈਂ ਪਾਗਲ ਜਿਹੀ ਹੋਈ ਜਾਵਾਂ, ਸੱਚ ਡਾਕਟਰ ਸਾਹਿਬ ਜਦ ਸੁਪਨੇ ਹਕੀਕਤ ਵਿਚ ਸਾਕਾਰ ਹੁੰਦੇ ਹਨ ਮਨੁੱਖ ਜੰਨਤ ਦੀ ਪਰਵਾਹ ਨਹੀਂ ਕਰਦਾ,

ਮੈਂ ਉਸ ਥੰਮ ਥੱਲੇ ਖੜ੍ਹੀ ਉਸ ਦਾ ਬੇਸਬਰੀ ਨਾਲ ਨੀਝ ਲਾ ਲਾ ਕੇ ਇੰਤਜ਼ਾਰ ਕਰ ਰਹੀ ਸਾਂ, ਪੰਜ ਵੱਜ ਗਏ, ਛੇ ਵੱਜ ਗਏ, ਮੇਰਾ ਦਿਲ ਘਟਣ ਲੱਗ ਪਿਆ ਅਤੇ ਜੱਜ ਸਾਹਿਬ ਦੇ ਕਹੇ ਹਿਦਾਇਤੀ ਬੋਲ ਕੰਨਾਂ ਵਿਚ ਗੂੰਜਣ ਲੱਗੇ, ਇਕ ਡਰ ਸਾਰੇ ਸ਼ਰੀਰ ਵਿਚ ਅਗਨੀ ਦੀ ਲਹਿਰ ਬਣ ਕੇ ਦੌੜਨ ਲੱਗਾ, ਡਾਕਟਰ ਸਾਹਿਬ ਮੈਂ ਕਈ ਘੰਟੇ ਉਸ ਨੂੰ ਉਡੀਕਿਆ, ਉਹ ਨਾ ਆਇਆ, ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਉਸ ਨੇ ਮੇਰੇ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ, ਮੈਂ ਗੁੱਸੇ ਵਿਚ ਆ ਕੇ ਦੋਵੇਂ ਮੁੱਠੀਆਂ ਜ਼ੋਰ ਜ਼ੋਰ ਦੀ ਥੰਮ ਵਿਚ ਦੇ ਮਾਰੀਆਂ, ਬਸ ਡਾਕਟਰ ਸਾਹਿਬ ਉਦੋਂ ਦੀਆਂ ਇਹ ਦੋਵੇਂ ਮੁੱਠੀਆਂ ਬੰਦ ਹਨ ਨਹੀਂ ਖੁੱਲ੍ਹਦੀਆਂ

# ਪ੍ਰੀਤ ਫੁਲਵਾੜੀ

## ਕਵਿਤਾ

ਪੰਜਾਬ ਰੋਡਵੇਜ਼ ਜਦੋਂ ਦਾ ਫਰੀ
ਸਫਰ ਹੈ ਹੋਇਆ ਜ਼ਿੰਦਗੀ ਜੀਣਾ
ਥੋੜ੍ਹਾ ਸੌਖਾ ਹੋਇਆ
ਪਲਾਂ ਦੇ ਵਿੱਚ
ਸਭ ਮੁੱਕੇ ਕਿੱਸੇ
ਹੁੱਣ ਕੋਈ ਨਾਂ ਰਹਿੰਦੀ
ਇੱਕ ਦੂਜੀ ਤੋਂ ਪਿੱਛੇ
ਝੱਟ ਪੱਟ ਸੁਆਣੀ
ਘਰ ਦਾ ਕੰਮ ਮੁਕਾਵੇ
ਬੈਠ ਕੇ ਬੱਸੇ ਬੀਬਾ
ਪਟਿਆਲੇ ਨੂੰ ਜਾਵੇ
ਕੈਪਟਨ ਸਾਬ੍ਹ ਨੂੰ
ਜਾ ਕੇ ਫਤਿਹ ਬੁਲਾਵੇ
ਧੰਨ ਭਾਗ ਤੁਸੀਂ ਸਾਡਾ
ਸਫ਼ਰ ਸੁਖਾਵਾਂ ਕੀਤਾ
ਪੇਕਾ ਸਾਡਾ ਨੇੜੇ ਕੀਤਾ
ਹੁਣ ਨੰਨ੍ਹੀ ਛਾਂ ਵੀ ਝੂਮੇ ਗਾਵੇ
ਚੰਡੀਗੜ੍ਹ ਦੇ ਗੇੜੇ ਲਾਵੇ
ਕੈਪਟਨ ਸਾਬ੍ਹ ਜੀ
ਬਹੁਤ ਬਹੁਤ ਧੰਨਵਾਦ ਤੁਹਾਡਾ
ਸਫ਼ਰ ਸੁਖਾਵਾਂ --- ਤੁਸੀਂ ਕੀਤਾ ਸਾਡਾ
ਸਫ਼ਰ ਸੁਖਾਵਾਂ --- ਤੁਸੀਂ ਕੀਤਾ ਸਾਡਾ
**ਕੁੱਲਦੀਪ ਸਿੰਘ ਸਾਬਾ - ਮੱਰੜੀ ਕਲਾਂ**
**99142-26365**

## ਕਲਮ

ਹੰਝੂ ਵਗਦੇ ਨੇ ਮੇਰੀ ਕਲਮ ਦੇ
ਸੂਹੇ ਲਾਲ ਹਰਫਾਂ 'ਚ
ਗਹਿਰੇ ਇਹਦੇ ਗਮ ਵੇ
ਕੋਰੇ ਕਾਗਜ ਦੀ ਇਹ ਰੰਗਰੇਜ ਹੈ
ਆਪਣੇ ਦੁੱਖਾਂ ਵੇਦਨਾਵਾਂ ਨਾਲ
ਲਵਰੇਜ ਹੈ ਸਿਆਹੀ ਦਾ ਰੰਗ
ਹੋਰ ਫਿੱਕਾ ਪੈ ਰਿਹਾ ਲਾਲ ਰੰਗ ਤੋਂ
ਸਫੇਦ ਇਹ ਰਹਿ ਗਿਆ
ਚੱਲਦੀ ਚੱਲਦੀ ਕਲਮ ਦੀ ਨੋਕ
ਟੁੱਟ ਗਈ ਰੋਂਦੀ ਕਲਮ ਦੀ
ਫਰਿਆਦ ਹੁਣ ਮੁੱਕ ਗਈ !
**ਡਾ. ਸਨੋਬਰ ਜੰਮੂ**

## ਕਾਵਿ ਸੱਚ

*ਮੈਂ ਸੱਚ ਬੋਲਦਾ ਹਾਂ**
ਲਾਉਣਾ ਖੋਰਾ ਮਾੜਾ।
ਬਹੁਤਾ ਕੋਰਾ ਮਾੜਾ।
ਹੁੰਦਾ ਝੋਰਾ ਮਾੜਾ।
ਹੱਡੀਆਂ ਨੂੰ ਗਾਲਦਾ।
ਲੱਕੜ ਚ ਵਿੰਗ ਮਾੜਾ।
ਵਿਚੋਲਾ ਤੜਿੰਗ ਮਾੜਾ।
ਵੱਜਿਆ ਸਿੰਗ ਮਾੜਾ।
ਸਬੱਬ ਬਣੇ ਕਾਲ ਦਾ।
ਨਸ਼ੇ ਦਾ ਭੁੱਸ ਮਾੜਾ।
ਪਟਾਕਾ ਫੁੱਸ ਮਾੜਾ।
ਬੰਦਾ ਠੁੱਸ ਮਾੜਾ।
ਮਾੜੇ ਖਿਆਲ ਦਾ।
ਖੇਤੀਂ ਉਜਾੜਾ ਮਾੜਾ।
ਨਿੱਤ ਵਧੇ ਭਾੜਾ ਮਾੜਾ।
ਦਿਲ ਨੂੰ ਸਾੜਾ ਮਾੜਾ।
ਡਾਕਟਰ ਭਾਲਦਾ।
ਵਾੜੇ ਨੂੰ ਗਿੱਦੜ ਮਾੜਾ।
ਕੌੜਾ ਚਿੱਬੜ ਮਾੜਾ।
ਬਾਰ ਚ ਚਿੱਕੜ ਮਾੜਾ।
ਗੰਦ ਨੂੰ ਉਛਾਲਦਾ।
ਹੁੰਦਾ ਬੁਢੇਪਾ ਮਾੜਾ।
ਜਵਾਨੀ 'ਚ ਰੰਡੇਪਾ ਮਾੜਾ।
ਬਰਫ ਦਾ ਢੇਪਾ ਮਾੜਾ।
ਹੋਵੇ ਮੌਸਮ ਸਿਆਲਦਾ।
ਘਟਿਆ ਸੈੱਲ ਮਾੜਾ।
ਮਨ ਦਾ ਮੈਲ ਮਾੜਾ।
'ਪੱਤੋ' ਬੁੱਢਾ ਬੈਲ ਮਾੜਾ।
ਫ਼ਰਕ ਪਵੇ ਚਾਲਦਾ।
**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਅਸਲ ਪੰਜਾਬੀ ਵਿਰਸਾ ਕਿੱਥੇ... ?

ਮੈਂ ਪੰਜਾਬ ਬੋਲਦਾ ,
ਦੁਖੜਾ ਆਪਣਾ ਹਰ ਇਕ ਨਾਲ ਫੋਲਦਾ ...
ਪੰਜਾਬੀ ਗੱਭਰੂ ਤੇ ਮੁਟਿਆਰਾਂ ,
ਹਰ ਇੱਕ ਦੀ ਅੱਖ 'ਚ ਰੜਕੇ .
ਪ੍ਰੀਤ ਕਥਾਵਾਂ , ਢੋਲੇ , ਮਾਹੀਏ ,
ਚਿਮਟੇ , ਕਾਟੋ , ਕੈਂਠੇ , ਚਰਖੇ .
ਸੱਭਿਆਚਾਰ ਦਾ ਨਾਂ ਦੇ ਕੇ ,
ਸਾਨੂੰ ਸਿਰਫ਼ ਵੰਝਲੀ ਦੇ ਨਾਲ ਜੋੜ ਦਿੱਤਾ .
ਮੰਜ਼ਿਲ ਇਹਨਾਂ ਦੀ ਕੀ ਦੀ ਕੀ ਸੀ ,
ਅੱਜ ਇਹ ਕਿਹੜੇ ਰਸਤੇ ਪਾ ਤੇ .
ਖੰਡੇ ਦੀਆਂ ਧਾਰ ਤੇ ਨੱਚਣ ਵਾਲੇ
ਡੀ. ਜੇ . ਦੀ ਧੁੰਨ ਤੇ ਨੱਚਣ ਲਾ ਤੇ .
ਸ਼ਸ਼ਤਰ ਵਿਦਿਆ ਤੇ ਘੋੜ – ਸਵਾਰੀ ਨਾਲੋਂ ਸਾਨੂੰ ਤੋੜ ਦਿੱਤਾ....
ਬਾਣੀ ਬਾਣੇ ਦੇ ਨਾਲ ਸੀ ਚੱਲੇ ,
ਆਉਂਦੇ ਕਈ ਤੂਫ਼ਾਨ ਸੀ ਠੱਲੇ .
ਸ਼ੀਹਣੀਆਂ ਮਾਵਾਂ ਨਲੂਏ ਵਰਗੇ ਯੋਧੇ ਪੈਦਾ ਕਰਕੇ ,
ਮੁਖ ਅਫ਼ਗਾਨੀਆਂ ਦਾ ਸੀ ਮੋੜ ਦਿੱਤਾ....
ਪੰਜ ਦਰਿਆ ਸੀ ਸ਼ਾਨ ਏਸ ਦੀ ,
ਧੀਆਂ ਪੁੱਤ ਪਹਿਚਾਣ ਏਸ ਦੀ .
ਖਤਮ ਨਸਲਾਂ ਨੂੰ ਕਰਨ ਦੇ ਲਈ
ਅੱਜ ਦਰਿਆ ਨਸ਼ਿਆਂ ਦਾ ਰੋੜ੍ਹ ਦਿੱਤਾ...
ਮਹਾਰਾਜੇ ਰਣਜੀਤ ਦਾ ਸੀ ਰਾਜ ਪਿਆਰਾ
ਦੁਨੀਆਂ ਵਿੱਚ ਸੀ ਖਾਲਸਾ ਰਾਜ ਨਿਆਰਾ
ਆਜ਼ਾਦੀ ਸਾਨੂੰ ਮਿਲੀ ਕਿੱਥੇ ਹੈ ?
ਕਦੇ ਧਰਮਾਂ ,ਕਦੇ ਬੋਲੀ ਦੇ ਨਾਂ ਤੇ ਸਾਨੂੰ ਤੋੜ ਦਿੱਤਾ...
' ਸਰਬਜੀਤ ' ਇਕੱਠੇ ਹੋ ਕੇ ਹੰਭਲਾ ਮਾਰੋ ,
ਗੁਰੂ ਪੰਥ ਨਾ ਮਨੋ ਵਿਸਾਰੋ
ਆਪਣਾ ਅਸਲੀ ਵਿਰਸਾ ਪਹਿਚਾਣੋ
ਇੱਜਤਾਂ ਅਸੀਂ ਬਚਾ ਕੇ ਕਦੇ, ਕੱਢ ਭਾਰਤ ਦਾ ਸੀ ਕੋਹੜ ਦਿੱਤਾ....
**ਸਰਬਜੀਤ ਸਿੰਘ**
**ਪਿੰਡ - ਮਹਿਣਾ ( ਮੋਗਾ )**
**ਮੋਬਾਇਲ:- 76967-08575**

## ਕਵਿਤਾ

ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ
ਜ਼ਖ਼ਮਾਂ 'ਤੇ ਲੂਣ ਲਗਾਉਣ ਜੋ, ਹੱਥ ਦੁਸ਼ਮਣ ਨਾਲ਼ ਮਿਲਾਉਣ ਜੋ
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
ਦਗ਼ਾ ਬਾਰ-ਬਾਰ ਕਮਾਉਣ ਜੋ, ਸਾਡੀ ਹਿੱਕ 'ਤੇ ਨਾਗ ਲੜਾਉਣ ਜੋ
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
ਨਿੱਤ ਗ਼ੈਰਾਂ ਨਾਲ਼ ਦਿਲ ਵਟਾਉਣ ਜੋ, ਜਿੰਦ ਸੂਲੀ 'ਤੇ ਲਟਕਾਉਣ ਜੋ
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
ਪਿੱਠ ਪਿੱਛੇ ਵਾਰ ਕਰਾਉਣ ਜੋ, ਸਾਡੇ ਮੋਢੇ ਬੰਦੂਕ ਚਲਾਉਣ ਜੋ
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
ਸਾਡੇ ਦੁੱਖ 'ਚ ਖ਼ੁਸ਼ੀ ਮਨਾਉਣ ਜੋ, ਵੈਰੀ ਨਾਲ ਭੰਗੜੇ ਪਾਉਣ ਜੋ
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
ਅੰਮ੍ਰਿਤ ਵਿੱਚ ਜ਼ਹਿਰ ਰਲਾਉਣ ਜੋ, ਚੀਮੇ ਖ਼ੁਦ ਨੂੰ ਖ਼ੁਦਾ ਕਹਾਉਣ ਜੋ ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ,
ਅਜਿਹੇ ਸੱਜਣਾਂ ਦੀ ਸਾਨੂੰ ਲੋੜ ਨਹੀਂ।
**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਿਹਗੜ੍ਹ ਸਾਹਿਬ,**
**ਮੋਬਾਈਲ ਨੰ: 9888940211**

## ਨਾਂ ਚੰਨ ਵਾਂਗ

ਮੇਰੇ ਆਉਣ ਦੀ ਖਬਰ ਜੋ ਡਾਕਟਰ ਨੇ ਦਿੱਤੀ।
ਫਸ ਗਈ ਮਾਂ ਤੂੰ ਸੁਣ ਕੇ ਕਸੂਤੀ ਵਿੱਚ ਦੁਚਿੱਤੀ।
ਫਿਕਰ ਕਰੀਂ ਨਾਂ ਜਰਾ ਸਮਾਂ ਆਣ ਦੇ ਬਤਲਾਂਦੂੰ।
ਮਾਂ ਮੈਨੂੰ ਜਨਮ ਲੈਣਦੇ ਨਾਂ ਚੰਨ ਵਾਂਗ ਚੰਮਕਾਦੂੰ।
ਕਲਪਨਾ ਵਾਂਗੂ ਅਕਾਸ ਗੰਗਾ ਦੀ ਸਾਇੰਸ ਵਿੱਚ।
ਸਾਹ੍ਹਿਆ ਮਿਰਜਾ ਵਾਂਗ ਕਿਸੇ ਫਿਰ ਖੇਡ ਦੇ ਵਿੱਚ।
ਜਾ ਫਿਰ ਮਾਤਾ ਭਾਗੋ ਵਾਂਗ ਕੋਈ ਇਤਿਹਾਸ ਬਣਾਦੂੰ।
ਮਾਂ ਮੈਨੂੰ ਜਨਮ ਲੈਣਦੇ......
ਮਾਂ ਤੈਨੂੰ ਬੜਾ ਫੱਕਰ ਹੋਊਗਾ ਮਾਂ ਮੇਰੀ ਕਹਾ ਕੇ।
ਲੋਕੀਂ ਦੇਣਗੇ ਵਧਾਈਆਂ ਕਰਨੀ ਮੇਰੀ ਤੇ ਆ ਕੇ।
ਹਰਸਰਨ ਕੌਰ ਦੇ ਵਾਂਗੂ ਜਾਲਮਾਂ ਨਾਲ ਟਕਰਾਜੂੰ।
ਮਾਂ ਮੈਨੂੰ ਜਨਮ ਲੈਣਦੇ............
ਮਾਂ ਤੂੰ ਕਰਨਾਂ ਚਾਵੇਂ ਜਾਣ ਕੇ ਲੋਕੀਂ ਰਹਿਣਗੇ ਹੱਕੇ।
ਸੋਚ ਤੂੰ ਕਈ ਔਲਾਦ ਖਾਤਰਾਂ ਖਾਂਦੇ ਫਿਰਨ ਧੱਕੇ।
ਜੀਤੇ ਢਿੱਲੋਂ ਦੀ ਮਾਂ ਬਣਜਾ ਮੈਂ ਸਾਰੇ ਭਰਮ ਭੁਲਾਦੂੰ।
ਮਾਂ ਮੈਨੂੰ ਜਨਮ ਲੈਣਦੇ.............
**ਅਮਰਜੀਤ ਸਿੰਘ ਢਿੱਲੋਂ 6048072719**

## ਚਿੱਟਾ ਨਹੀਂਉ ਮੁੱਕਿਆ ਮੀਆਂ

ਚਿੱਟਾ ਨਹੀਂਉ ਮੁੱਕਿਆ ਮੀਆਂ ,ਚਿੱਟਾ ਪੀਣ ਵਾਲੇ ਮੁੱਕ ਚੱਲੇ ਨੇ
ਬਹੁਤੇ ਤਾਂ ਪਏ ਉਹੀਓ ਮਰਦੇ ,ਜਿਹੜੇ ਮੀਆਂ ਇੱਕਲੇ ਇੱਕਲੇ ਨੇ
ਚਿੱਟਾ ਨਹੀਂਉ ਮੁੱਕਿਆ ਮੀਆਂ....................................
ਘਰਾਂ ਦੇ ਘਰ ਹੋ ਖਾਲੀ, ਸਮਝ ਕਿਸੇ ਨੂੰ ਕੁਝ ਪਈ ਆਉਂਦੀ ਨਹੀਂ
ਕਿਵੇਂ ਹੋਵੇਗਾ ਮੁੜ ਵਸੇਬਾ ,ਇਹਦੀ ਸਕੀਮ ਕੋਈ ਥਿਆਉਂਦੀ ਨਹੀਂ
ਸਭ ਨੂੰ ਚਿੰਤਾ ਪਈ ਵੱਢ ਵੱਢ ਖਾਵੇਂ ,ਮਾਪੇ ਵੇਖਦੇ ਪਏ ਮੂੰਹਾਂ ਵੱਲੇ ਨੇ
ਚਿੱਟਾ ਨਹੀਂਉ ਮੁੱਕਿਆ ਮੀਆਂ....................................
ਕਦੇ ਕਿਸੇ ਨੇ ਸੋਚਿਆ ਨਹੀਂ ਸੀ ,ਕਿ ਇਹੋ ਜਿਹਾ ਵੀ ਵੇਲਾ ਆਵੇਂਗਾ
ਆਪਣੇ ਹੱਥੀਂ ਘਰ ਬਣਾਵਣ ਵਾਲਾ ,ਫਿਰ ਆਪੇ ਹੀ ਘਰ ਨੂੰ ਢਾਵੇਗਾ
ਮਾਪਿਆਂ ਦੀ ਮਿੱਟੀ ਪਲੀਤ ਕਰਕੇ ,ਨਸ਼ਿਆਂ ਵਿੱਚ ਹੋਏ ਫਿਰਦੇ ਝੱਲੇ ਨੇ
ਚਿੱਟਾ ਨਹੀਂਉ ਮੁੱਕਿਆ ਮੀਆਂ....................................
ਨਸ਼ਿਆਂ ਦੇ ਸੁਦਾਗਰਾਂ ਨੂੰ ਨੱਥ ਪਾਉਣ ਵਾਲੇ ਹਾਲੇ ਪਏ ਕੀ ਸੋਚਦੇ ਨੇ
ਸਰੇਆਮ ਵਿਕਾਕੇ ਚਿੱਟਾ ਮੀਆਂ ,ਨੌਜਵਾਨੀ ਦੀ ਫੱਟੀ ਪਏ ਪੋਚਦੇ ਨੇ
ਪੈਸੇ ਨੇ ਕੀ ਕਿਸੇ ਦੇ ਨਾਲ ਹੈ ਜਾਣਾ ,ਇਹ ਕਿਹੜੇ ਰਾਹ ਲੋਕਾਂ ਮੱਲੇ ਨੇ
ਚਿੱਟਾ ਨਹੀਂਉ ਮੁੱਕਿਆ ਮੀਆਂ....................................
ਮੀਆਂ ਬੁੱਢਿਆਂ ਦੇ ਮੋਢਿਆਂ ਉਤੇ ,ਪੁੱਤ ਸੋਭਦੇ ਨਹੀਂ ਜਾਂਦੇ ਸ਼ਾਮਸ਼ਾਨਾਂ ਨੂੰ
ਢਿੱਡ ਵਿੱਚ ਕਿਵੇਂ ਪਾ ਲੈਣ ਦਸੋ ਮਾਵਾਂ,ਆਪਣੇ ਹੀਰੇ ਪੁੱਤਰ ਨੌਜਵਾਨਾਂ ਨੂੰ
ਮੇਰੇ ਸੋਹਣੇ ਪੰਜਾਬ ਨੂੰ ਜਸਵਿੰਦਰਾ ,ਕਿਉਂ ਖ਼ਤਮ ਕਰਣ ਲੱਗੇ ਦੱਲੇ ਨੇ
ਚਿੱਟਾ ਨਹੀਂਉ ਮੁੱਕਿਆ ਮੀਆਂ....................................
**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ 7589155501**

## ਛੜੇ ਬੰਦੇ ਦਾ ਦੁੱਖ (ਗੀਤ)

ਦੋ ਟਾਈਮ ਰੋਟੀ ਵੀ ਨਾ ਮਿਲੇ ਚੱਜ ਦੀ
ਜਿੰਦ ਏ ਨਿਮਾਣੀ ਲੀੜੇ ਲੱਤੇ ਆਪਣੇ ਆਪ ਹੀ ਧੋਵੇ ।
ਮੈਂ ਪਿੰਡ ਦੀ ਫਿਰਨੀ ਤੇ ਅੱਜ ਦੇਖਿਆਂ
ਛੜਾ ਬੈਠਾ ਛੜੇ ਕੋਲੇ ਦੁੱਖ ਰੋਵੇ,,,
ਆਪਣੇ ਹੱਥੀ ਆਪ ਹੱਥ ਮੈਂ ਵਢਾ ਲਏ ਮਿੱਤਰਾਂ
ਦੋ ਸਿਆੜ ਸੀ ਸਰੀਕ ਦੇ ਨਾ ਲਵਾ ਕੇ
ਸਾਰਾ ਟੱਬਰ ਸੀ ਮਿੱਠੇ ਪੋਚੇ ਰਹਿੰਦਾ ਮਾਰਦਾ
ਕਸੂਤਾ ਫਸਿਆ ਗੱਲਾਂ ਮਿੱਠੀਆਂ ਵਿੱਚ ਆ ਕੇ
ਛੜਾ ਬੰਦਾ ਜੇ ਸਿਆਣਾ ਹੋਵੇ ਮਿੱਤਰੋ
ਆਪਣੀ ਜਮੀਨ ਨਾ ਹੱਥੋਂ ਖੋਹਵੇ।
ਮੈਂ ਪਿੰਡ ਦੀ ਫਿਰਨੀ ਤੇ ਅੱਜ ਦੇਖਿਆਂ
ਛੜਾ ਬੈਠਾ ਛੜੇ ਕੋਲੇ ਦੁੱਖ ਰੋਵੇ,,,
ਸਾਰਾ ਲਾਣਾ ਬਾਣਾ ਤੇ ਭਰਜਾਈ ਕੱਢੇ ਨੱਕ ਬੁੱਲ੍ਹ
ਸਕੇ ਭਾਈਆ ਨੇ ਹੀ ਮੁੱਖ ਫੇਰਿਆਂ
ਕਿੰਝ ਝਾੜ ਪੂੰਝ ਚੁੱਕ ਲਈਏ ਮਿੱਤਰਾਂ
ਚਿੱਕੜ ਦੇ ਵਿੱਚ ਡੁੱਲ ਗਏ ਬੇਰ ਆ
ਟੁੱਟ ਗਏ ਆਂਡੇ ਤੇ ਮਰ ਗਈ ਕੁੱਕੜੀ
ਮੰਜੇ ਦੀ ਬਾਹੀ ਫੜ ਨੀਰ ਨੈਣਾਂ ਵਿੱਚੋਂ ਚੋਵੇ।
ਮੈਂ ਪਿੰਡ ਦੀ ਫਿਰਨੀ ਤੇ ਅੱਜ ਦੇਖਿਆਂ
ਛੜਾ ਬੈਠਾ ਛੜੇ ਕੋਲੇ ਦੁੱਖ ਰੋਵੇ,,,
ਪਾਟ ਗਈ ਜੁੱਲੀ ਮੇਰੀ ਤੇ ਕੁੜਤੇ ਦੇ ਬਟਨ ਗਏ ਟੁੱਟ ਨੇ
ਸੁਣੇ ਪੁਕਾਰ ਕੋਈ ਮੇਰੀ ਮੈਂ ਅਵਾਜ਼ ਪਿਆ ਮਾਰਦਾ
ਬੁੱਢੇ ਵਾਰੇ ਦੇ ਪਿੱਠ ਵਿੱਚ ਲੱਤ ਵੱਜ ਗਈ ਏ
ਬਲਤੇਜ ਸੰਧੂ ਇਹ ਸਰੀਰ ਹੁਣ ਹੋਰ ਦੁੱਖ ਨਾ ਸਹਾਰਦਾ
ਜਿੰਦ ਮੇਰੀ ਲੱਧੇ ਪਿੰਡ ਵਿੱਚ ਮਿੱਤਰਾਂ
ਦੁੱਖਾਂ ਦੀਆਂ ਪੰਡਾਂ ਢੋਵੇ।
ਮੈਂ ਪਿੰਡ ਦੀ ਫਿਰਨੀ ਤੇ ਅੱਜ ਦੇਖਿਆਂ
ਛੜਾ ਬੈਠਾ ਛੜੇ ਕੋਲੇ ਦੁੱਖ ਰੋਵੇ,,,
**ਬਲਤੇਜ ਸੰਧੂ ਬੁਰਜ ਲੱਧਾ 9465818158**

## ਯਾਦ (ਕਵਿਤਾ)

ਮੁੱਕਦੀ ਮੁੱਕਦੀ ਜਿੰਦ ਮੁੱਕ ਜਾਣੀ
ਮੁੱਕ ਜਾਣੀ ਪਰ ਯਾਦ ਨੀ ਭੁੱਲਣੀ
ਤੈਨੂੰ ਪਾਉਣ ਲਈ ਸੀ ਕੀਤੀ
ਸੱਜਣਾਂ ਉਹ ਫਰਿਆਦ ਨੀ ਭੁੱਲਣੀ

ਆਪਣੀ ਮੰਜਲ ਪਾ ਗਏ ਸਾਰੇ
ਸਾਡੀ ਬੇੜੀ ਖੜ੍ਹੀ ਕਿਨਾਰੇ
ਤੂੰ ਵੀ ਛੱਡ ਗਈ ਸਾਥ ਅਖੀਰੀ
ਮੈਨੂੰ ਮਰਨ ਤੋਂ ਬਾਦ ਨੀ ਭੁੱਲਣੀ
ਤੈਨੂੰ ਪਾਉਣ............

ਤੇਰੀ ਕੋਈ ਮਜਬੂਰੀ ਹੋਣੀ
ਜਾਂ ਕੋਈ ਮਗਰੂਰੀ ਹੋਣੀ
ਉਮਰਾਂ ਭਰ ਲਈ ਕੀਤੇ ਸੀ ਜੋ
ਵਾਇਦਿਆਂ ਦੀ ਬੁਨਿਆਦ ਨੀ ਭੁੱਲਣੀ
ਤੈਨੂੰ ਪਾਉਣ ...........

'ਰਾਜੂ ਦੀਵਾ' ਛੱਡ ਕੇ ਤੁਰ ਗਿਆ
ਸਭ ਕੁਝ ਦਿਲ ਚੋਂ ਕੱਢ ਕੇ ਤੁਰ ਗਿਆ
ਭੁੱਲ ਜਾਣਾ ਏ ਸਭ ਕੁਝ ਉਸਨੂੰ
ਪਰ ਤੇਰੀ ਇੱਕ ਯਾਦ ਨੀ ਭੁੱਲਣੀ
ਤੈਨੂੰ ਪਾਉਣ ਲਈ ਸੀ ਕੀਤੀ
ਸੱਜਣਾਂ ਉਹ ਫਰਿਆਦ ਨੀ ਭੁੱਲਣੀ
**ਰਾਜਵਿੰਦਰ ਸਿੰਘ ਬੈਨੀਪਾਲ (ਰਾਜੂ) ਦੀਵਾ**
**.+1-778-839-1119**

## ਅਸਲ ਪੰਜਾਬੀ ਵਿਰਸਾ ਕਿੱਥੇ... ?

ਮੈਂ ਪੰਜਾਬ ਬੋਲਦਾ ,
ਦੁਖੜਾ ਆਪਣਾ ਹਰ ਇਕ ਨਾਲ ਫੋਲਦਾ ...
ਪੰਜਾਬੀ ਗੱਭਰੂ ਤੇ ਮੁਟਿਆਰਾਂ ,
ਹਰ ਇੱਕ ਦੀ ਅੱਖ 'ਚ ਰੜਕੇ .
ਪ੍ਰੀਤ ਕਥਾਵਾਂ , ਢੋਲੇ , ਮਾਹੀਏ ,
ਚਿਮਟੇ , ਕਾਟੋ , ਕੈਂਠੇ , ਚਰਖੇ .
ਸੱਭਿਆਚਾਰ ਦਾ ਨਾਂ ਦੇ ਕੇ ,
ਸਾਨੂੰ ਸਿਰਫ਼ ਵੰਝਲੀ ਦੇ ਨਾਲ ਜੋੜ ਦਿੱਤਾ .
ਮੰਜ਼ਿਲ ਇਹਨਾਂ ਦੀ ਕੀ ਦੀ ਕੀ ਸੀ ,
ਅੱਜ ਇਹ ਕਿਹੜੇ ਰਸਤੇ ਪਾ ਤੇ .
ਖੰਡੇ ਦੀਆਂ ਧਾਰ ਤੇ ਨੱਚਣ ਵਾਲੇ
ਡੀ. ਜੇ . ਦੀ ਧੁੰਨ ਤੇ ਨੱਚਣ ਲਾ ਤੇ .
ਸ਼ਸ਼ਤਰ ਵਿਦਿਆ ਤੇ ਘੋੜ – ਸਵਾਰੀ ਨਾਲੋਂ ਸਾਨੂੰ ਤੋੜ ਦਿੱਤਾ....
ਬਾਣੀ ਬਾਣੇ ਦੇ ਨਾਲ ਸੀ ਚੱਲੇ ,
ਆਉਂਦੇ ਕਈ ਤੂਫ਼ਾਨ ਸੀ ਠੱਲੇ .
ਸ਼ੀਹਣੀਆਂ ਮਾਵਾਂ ਨਲੂਏ ਵਰਗੇ ਯੋਧੇ ਪੈਦਾ ਕਰਕੇ ,
ਮੁਖ ਅਫ਼ਗਾਨੀਆਂ ਦਾ ਸੀ ਮੋੜ ਦਿੱਤਾ....
ਪੰਜ ਦਰਿਆ ਸੀ ਸ਼ਾਨ ਏਸ ਦੀ ,
ਧੀਆਂ ਪੁੱਤ ਪਹਿਚਾਣ ਏਸ ਦੀ .
ਖਤਮ ਨਸਲਾਂ ਨੂੰ ਕਰਨ ਦੇ ਲਈ
ਅੱਜ ਦਰਿਆ ਨਸ਼ਿਆਂ ਦਾ ਰੋੜ੍ਹ ਦਿੱਤਾ...
ਮਹਾਰਾਜੇ ਰਣਜੀਤ ਦਾ ਸੀ ਰਾਜ ਪਿਆਰਾ
ਦੁਨੀਆਂ ਵਿੱਚ ਸੀ ਖਾਲਸਾ ਰਾਜ ਨਿਆਰਾ
ਆਜ਼ਾਦੀ ਸਾਨੂੰ ਮਿਲੀ ਕਿੱਥੇ ਹੈ ?
ਕਦੇ ਧਰਮਾਂ ,ਕਦੇ ਬੋਲੀ ਦੇ ਨਾਂ ਤੇ ਸਾਨੂੰ ਤੋੜ ਦਿੱਤਾ...
' ਸਰਬਜੀਤ ' ਇਕੱਠੇ ਹੋ ਕੇ ਹੰਭਲਾ ਮਾਰੋ ,
ਗੁਰੂ ਪੰਥ ਨਾ ਮਨੋ ਵਿਸਾਰੋ ,
ਆਪਣਾ ਅਸਲੀ ਵਿਰਸਾ ਪਹਿਚਾਣੋ .
ਇੱਜਤਾਂ ਅਸੀਂ ਬਚਾ ਕੇ ਕਦੇ, ਕੱਢ ਭਾਰਤ ਦਾ ਸੀ ਕੋਹੜ ਦਿੱਤਾ....
**ਸਰਬਜੀਤ ਸਿੰਘ**
**ਪਿੰਡ - ਮਹਿਣਾ ( ਮੋਗਾ )**
**ਮੋਬਾਇਲ:- 76967-08575**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 371

Website: www.preetnama.com Email preetnamausa@gmail.com

18 SEPT TO 24 SEPT, 2026


